# ਚਿਰਾਗ

ਜਨਵਰੀ-ਮਾਰਚ 2008

**January-March 2008**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਵਿਸ਼ਵ ਪ੍ਰਸਿੱਧ ਫ਼ੋਟੋਗਰਾਫਰ ਟੀਨਾ ਮਾਦੋਤੀ ਦਾ ਪੋਰਟਰੇਟ

ਮੁੱਲ : 15 ਰੁਪਏ

63

ਜਨਵਰੀ - ਮਾਰਚ 2008

# ਚਿਰਾਗ਼ ਤਿਮਾਹੀ

ਜਨਵਰੀ - ਮਾਰਚ 2008

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ,ਸੁਰਜੀਤ ਗਿੱਲ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)

## ਤਤਕਰਾ


- ਸੰਪਾਦਕੀ ਟਿੱਪਣੀ — 1. ਬੇਹੂਦਾਪਣ, 2. ਸਰਕਾਰੀ ਧੂਤੂ 3. ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬੀ ਸਾਹਿਤ ਅਕਾਡਮੀ ਦੀਆਂ ਚੋਣਾਂ
- ਪੰਜਾਬੀ ਕਹਾਣੀ — ਡਾ. ਸੁਰਜੀਤ ਬਰਾੜ, ਜ਼ੋਰਾ ਸਿੰਘ ਸੰਧੂ, ਮਹਿੰਦਰ ਪਾਲ (ਲੰਡਨ)
- ਇਸ ਵਾਰ ਦਾ ਵਿਸ਼ੇਸ਼ ਕਵੀ — ਬੂਟਾ ਸਿੰਘ ਚੌਹਾਨ (ਚਾਰ ਗ਼ਜ਼ਲਾਂ)
- ਗ਼ਜ਼ਲਾਂ — ਸੁਲੱਖਣ ਸਰਹੱਦੀ, ਸੁਰਿੰਦਰਜੀਤ ਕੌਰ,
- ਵਾਘਿਓਂ ਪਾਰ — ਬਾਬਾ ਨਜ਼ਮੀ ਦੀਆਂ ਤਿੰਨ ਗ਼ਜ਼ਲਾਂ
- ਵਿਸ਼ਵ ਕਵਿਤਾ — ਮਹਿਮੂਦ ਦਰਵੇਸ਼ (ਫਲਿਸਤੀਨ)
- ਭਾਰਤੀ ਚਿੱਤਰਕਲਾ — ਅੰਮ੍ਰਿਤਾ ਸ਼ੇਰਗਿੱਲ ਦੇ ਦੋ ਨਿਬੰਧ
- ਸੰਤਾਲੀਨਾਮਾ — ਹਰਚਰਨ ਸਿੰਘ ਕਪੂਰਥਲਾ
- ਵਾਦ-ਵਿਵਾਦ — ਟਰਾਟਸਕੀ ਦਾ ਦੁਖਾਂਤ (ਹਰਭਜਨ ਸਿੰਘ ਹੁੰਦਲ)
- ਮੁਲਾਂਕਣ — ਦੋਸਤੀਨਾਮਾ (ਡਾ. ਬਲਲਿੰਜਰ ਪਾਲ)
- ਪੁਸਤਕ ਪੜਚੋਲ — ਵਿਸ਼ਵ-ਕਵੀ (ਡਾ. ਕਰਮਜੀਤ ਸਿੰਘ) ਧੁੱਪ ਦੀ ਵਾਟ (ਸੁਰਜੀਤ ਗਿੱਲ)
- ਪੁਸਤਕ ਪ੍ਰਾਪਤੀ — •••
- ਟਾਈਟਲ — ਟੀਨਾ ਮਦੋਤੀ ਦਾ ਪੋਰਟਰੇਟ


Postal Address:
Harbhajan Singh Hundal,
V.FAtu Chak,
P.O. Dhilwan
Distt. Kapurthala -144804
(Pb.) India
Phone No. 01822-273188

ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | :50 ਰੁ. |
| ਇਕ ਪਰਚਾ | : 15 ਰੁ. |
| ਸੰਸਥਾਵਾਂ (ਵਾਰਸ਼ਿਕ) | : 70 ਰੁ. |
| ਵਿਦੇਸ਼ (ਯੂ.ਕੇ.) | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁ. |

**ਚੰਦਾ ਸਿਰਫ਼ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**

ਚਿਰਾਗ਼ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 274-ਚੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ 31 ਜਨਵਰੀ 2008



## 1. ਬੇਹੂਦਾਪਣ

ਭਾਸ਼ਾ ਵਿਭਾਗ ਪੰਜਾਬ ਕਾਫ਼ੀ ਸਮੇਂ ਤੋਂ ਕਈ ਸਵਾਲਾਂ 'ਤੇ ਸਲਾਹ ਲੈਣ ਲਈ ਇੱਕ ਸਲਾਹਕਾਰ ਕਮੇਟੀ ਦੀ ਚੋਣ ਕਰਦਾ ਆ ਰਿਹਾ ਹੈ। ਇਹ ਸਲਾਹਕਾਰ ਕਮੇਟੀ ਦੇ ਮੈਂਬਰ ਕਿਸੇ ਪ੍ਰਬੰਧ ਰਾਹੀਂ ਚੁਣੇ ਨਹੀਂ ਜਾਂਦੇ ਬਲਕਿ ਭਾਸ਼ਾ ਵਿਭਾਗ ਤੇ ਸਰਕਾਰ ਵਲੋਂ ਰਲਕੇ ਨਾਮਜ਼ਦ ਕੀਤੇ ਜਾਂਦੇ ਹਨ। ਮੁੱਢ ਵਿਚ ਇਸ ਨਾਮਜ਼ਦਗੀ ਵਿਚ ਬਹੁਤੇ ਸਰਕਾਰੀ ਪਿੱਠੂ ਜਾਂ ਕੋਈ ਚਾਪਲੂਸ ਕਿਸਮ ਦੇ ਲੋਕ ਹੁੰਦੇ ਸਨ। ਉੱਥੇ ਸ਼ਰਮੋਂ-ਸ਼ਰਮੀਂ ਕੁਝ ਵੱਡੇ ਵਿਦਵਾਨਾਂ ਤੇ ਮਿਆਰ ਵਾਲੇ ਲੋਕਾਂ ਨੂੰ ਵੀ ਚੁਣ ਲਿਆ ਜਾਂਦਾ ਸੀ। ਉਸ ਸਮੇਂ ਉਨ੍ਹਾਂ ਸਲਾਹਕਾਰਾਂ ਨੂੰ ਕੋਈ ਨਿੱਜੀ ਲਾਭ ਨਹੀਂ ਸੀ ਹੁੰਦਾ ਇਸ ਲਈ ਉਨ੍ਹਾਂ ਦੇ ਫੈਸਲੇ ਬਹੁਤਾ ਕਰਕੇ ਆਮ ਪ੍ਰਵਾਨਿਤ ਹੀ ਹੁੰਦੇ ਸਨ। ਪ੍ਰੰਤੂ ਸਮਾਂ ਬਦਲ ਗਿਆ। ਨਾ ਸਰਕਾਰਾਂ ਉਹ ਰਹਿ ਗਈਆਂ, ਨਾ ਭਾਸ਼ਾ ਵਿਭਾਗ ਤੇ ਨਾ ਹੀ ਉੱਚੇ ਦੁਮਾਲੇ ਵਾਲੇ ਵਿਦਵਾਨ ਰਹਿ ਗਏ ਨੇ। ਅਸਲ ਵਿਚ ਸਰਕਾਰ ਅੱਜ ਕੱਲ ਭਾਸ਼ਾ ਵਿਭਾਗ ਨੂੰ ਆਪਣੇ ਉੱਤੇ ਇੱਕ ਬੋਝ ਸਮਝਦੀ ਹੈ ਅਤੇ ਇਹਦੇ ਵੱਲ ਬਹੁਤਾ ਧਿਆਨ ਨਹੀਂ ਦਿੰਦੀ। ਪ੍ਰੰਤੂ ਜਦੋਂ ਕਦੇ ਕਿਸੇ ਵਜ਼ੀਰ ਨੂੰ ਇਸ ਮਹਿਕਮੇ ਦਾ ਖ਼ਿਆਲ ਆ ਜਾਵੇ ਤਾਂ ਇਹਦੇ ਵਿਚ ਕੋਈ ਸਰਗਰਮੀ ਹੁੰਦੀ ਹੈ। ਪਿੱਛੇ ਕਾਫੀ ਸਮਾਂ ਇਹ ਮਹਿਕਮਾ ਖੜੋਤ ਵਿਚ ਰਿਹਾ। ਪਰ ਪਿਛਲੀ ਕਾਂਗਰਸ ਸਰਕਾਰ ਵੇਲੇ ਅਚਾਨਕ ਖ਼ਿਆਲ ਆਇਆ ਕਿ ਇਹ ਵੀ ਇੱਕ ਮਹਿਕਮਾ ਹੈ ਜਿਸ ਰਾਹੀਂ ਕੋਈ ਚੰਗਾ ਕੰਮ ਕੀਤਾ ਜਾ ਸਕਦਾ ਹੈ। ਇੱਕ ਆਪਣੇ ਪਿੱਠੂਆਂ ਨੂੰ ਆਰਥਿਕ ਟੁਕੜੇ ਵੀ ਸਿੱਟੇ ਜਾ ਸਕਦੇ ਹਨ। ਉਹਨੇ ਇਨਾਮ ਦੇਣ ਦੇ ਕੁਝ ਪੁਰਾਣੇ ਫੈਸਲੇ ਦੁਹਰਾਏ ਅਤੇ ਕੁਝ ਨਵੇਂ ਫੈਸਲੇ ਕੀਤੇ। ਵੱਡੇ ਇਨਾਮਾਂ ਦੀ ਰਾਸ਼ੀ ਵਿਚ ਵੀ ਕੁਝ ਵਾਧਾ ਕੀਤਾ। ਥੋੜ੍ਹਾ ਬਹੁਤਾ ਕੁਝ ਹੋਣ ਉਪਰੰਤ ਬਰਫ਼ ਜੰਮ ਗਈ। ਪਿੱਛੇ ਜਿਹੇ ਬਿਨਾਂ ਐਲਾਨੇ ਹੀ ਸਲਾਹਕਾਰ ਕਮੇਟੀ ਬਣਾ ਲਈ। ਉਹਦੇ ਵਿਚ ਕਈ ਬੰਦੇ ਅਜਿਹੇ ਲੈ ਲਏ ਜਿਨ੍ਹਾਂ ਦਾ ਸਾਹਿਤਕ ਤੇ ਬੌਧਿਕ ਮਿਆਰ ਕੋਈ ਨਹੀਂ ਸੀ। ਉਨ੍ਹਾਂ ਵਿਚੋਂ ਇੱਕ ਵਿਅਕਤੀ ਅਜਿਹਾ ਆ ਗਿਆ ਜਿਸ ਨੂੰ ਕਦੇ ਭਾਸ਼ਾ ਵਿਭਾਗ ਨੇ ਆਪਣੇ ਮਹਿਕਮੇ ਵਿਚ ਦਿਹਾੜੀਦਾਰ ਰੱਖਣੋ ਵੀ ਇਨਕਾਰ ਕਰ ਦਿੱਤਾ ਸੀ। ਉਸ ਵਿਅਕਤੀ ਨੇ ਕੁਝ ਸਮੇਂ ਉਪਰੰਤ ਹੀ ਅਖ਼ਬਾਰਾਂ ਵਿਚ ਡੀਂਗ ਮਾਰੀ ਕਿ ਦੇਖੋ ਹੁਣ ਮੈਂ ਭਾਸ਼ਾ ਵਿਭਾਗ ਦੀ ਸਲਾਹਕਾਰ ਕਮੇਟੀ ਦਾ ਮੈਂਬਰ ਬਣ ਗਿਆ। ਇਸ ਗੱਲ ਦਾ ਨੋਟਿਸ ਲੈਣਾ ਸਾਡਾ ਫਰਜ਼ ਬਣਦਾ ਸੀ। ਇਸ ਲਈ ਚਿਰਾਗ਼ ਦੇ ਸੰਪਾਦਕੀ ਮੰਡਲ ਨੇ ਸਰਵ-ਸੰਮਤੀ ਨਾਲ ਇੱਕ ਨੋਟ ਲਿਖਿਆ ਕਿ ਜੇ ਭਾਸ਼ਾ ਵਿਭਾਗ ਦੀ ਸਲਾਹਕਾਰ ਕਮੇਟੀ ਦਾ ਮਿਆਰ ਇਹ ਹੈ ਤਾਂ ਅੱਗੋ ਉਸਦੇ ਫੈਸਲੇ ਕਿਹੋ ਜਿਹੇ ਹੋਣਗੇ? ਨੋਟ ਦੇ ਛਪਣ ਉਪਰੰਤ ਸਾਨੂੰ

ਦੋਸਤਾਂ-ਮਿੱਤਰਾਂ, ਵਿਦਵਾਨਾਂ ਤੇ ਬੁੱਧੀਜੀਵੀਆਂ ਦੇ ਕਈ ਫੋਨ ਤੇ ਕਈ ਚਿੱਠੀਆਂ ਆਈਆਂ। ਜਿਨ੍ਹਾਂ ਵਿਚ ਇਸਦੀ ਪ੍ਰਸ਼ੰਸਾ ਕੀਤੀ ਗਈ ਸੀ। ਅਸੀਂ ਉਸ ਵਿਅਕਤੀ ਦਾ ਨਾਂ ਨਹੀਂ ਲਿਖਿਆ ਸੀ ਤੇ ਅਸੀਂ ਇਸਨੂੰ ਨਿਜੀ ਲੜਾਈ ਵੀ ਨਹੀਂ ਸਮਝਦੇ ਸੀ। ਅਸੀਂ ਤਾਂ ਅਸੂਲ ਪੱਖੋਂ ਇਹ ਗੱਲ ਕੀਤੀ ਸੀ। ਪ੍ਰੰਤੂ ਇੱਕ ਦਿਨ ਰਾਤ ਸਮੇਂ ਅਚਾਨਕ ਸਾਡੇ ਸਤਿਕਾਰਯੋਗ ਸੰਪਾਦਕ ਤੇ ਉੱਘੇ ਪੰਜਾਬੀ ਸ਼ਾਇਰ ਨੂੰ ਇੱਕ ਫੋਨ ਆਇਆ। ਜਿਸ ਵਿਚ ਉਸ ਵਿਅਕਤੀ ਨੇ ਹੁੰਦਲ ਹੋਰਾਂ ਨੂੰ ਗਾਹਲਾਂ ਕੱਢੀਆਂ ਅਤੇ ਅਵਾ-ਤਵਾ ਬਕਵਾਸ ਕੀਤਾ। ਇਸਦੇ ਨਾਲ ਹੀ ਇਹ ਵੀ ਧਮਕੀ ਦਿੱਤੀ ਕਿ ਤੈਨੂੰ ਸਾਰੀ ਉਮਰ ਸ਼੍ਰੋਮਣੀ ਸਾਹਿਤਕਾਰ ਦਾ ਇਨਾਮ ਨਹੀਂ ਮਿਲ ਸਕਦਾ (ਜਿਵੇਂ ਉਹਨੇ ਆਪਣੀ ਜੇਬ ਵਿਚੋਂ ਦੇਣਾ ਹੁੰਦਾ) ਸੰਪਾਦਕ ਹੁੰਦਲ ਕਵੀ ਹੋਣ ਦੇ ਨਾਲ ਹੋਰ ਵੀ ਕਾਫੀ ਕੁਝ ਹੈ। ਉਹ ਟੀਚਰ ਆਗੂ ਰਿਹਾ ਹੈ। ਉਹ ਕਈ ਵਾਰ ਜੇਲ੍ਹ ਵੀ ਗਿਆ ਹੈ। ਅੱਜ ਵੀ ਇੱਕ ਸਤਿਕਾਰਯੋਗ ਪਾਰਟੀ ਦਾ ਸਤਿਕਾਰਯੋਗ ਸੂਬਾ ਕਮੇਟੀ ਮੈਂਬਰ ਹੈ। ਇਸ ਲਈ ਇਹ ਬੇਹੂਦਗੀ ਉਸਦੀ ਬਰਦਾਸ਼ਤ ਤੋਂ ਬਾਹਰ ਸੀ। ਉਹਨੇ ਕੁਝ ਉੱਤਰ ਵੀ ਦਿੱਤਾ ਤੇ ਨਾਲ ਹੀ ਸਾਰੇ ਸੰਪਾਦਕੀ ਬੋਰਡ ਦੇ ਮੈਂਬਰਾਂ ਨੂੰ ਫੋਨ ਕੀਤੇ। ਅਸੀਂ ਹਾਲੇ ਇਸ ਗੱਲ 'ਤੇ ਵਿਚਾਰ ਹੀ ਕਰ ਰਹੇ ਸੀ ਕਿ ਇਸ ਸੰਬੰਧ ਵਿਚ ਕੀ ਕੀਤਾ ਜਾਵੇ। ਪ੍ਰੰਤੂ ਉਸ ਵਿਅਕਤੀ ਨੇ ਐਸ. ਐਸ. ਪੀ. ਕਪੂਰਥਲਾ ਨੂੰ ਘਟੀਆ ਗੱਲਾਂ ਲਿਖਕੇ ਇੱਕ ਅਰਜ਼ੀ ਦੇ ਦਿੱਤੀ। ਇਸ ਗੱਲ ਨੇ ਬਲਦੀ 'ਤੇ ਫੂਸ ਪਾ ਦਿੱਤਾ। ਸਾਡੇ ਲਈ ਸਾਰਾ ਕੁਝ ਬਰਦਾਸ਼ਤ ਕਰਨਾ ਅੱਤ ਮੁਸ਼ਕਿਲ ਹੋ ਗਿਆ। ਐਸ. ਐਸ. ਪੀ. ਕੋਲੇ ਉਕਤ ਵਿਅਕਤੀ ਹੁੰਦਲ ਹੋਰਾਂ ਤੋਂ ਮੁਆਫ਼ੀ ਮੰਗ ਕੇ ਛੁੱਟਿਆ। ਪ੍ਰੰਤੂ ਉਹ ਇਸ ਪਿੱਛੋਂ ਵੀ ਆਪਣੀਆਂ ਬੇਹੂਦਾ ਹਰਕਤਾਂ ਤੋਂ ਬਾਜ਼ ਨਾ ਆਇਆ। ਜੇਕਰ ਗੱਲ ਹੁੰਦਲ ਜਾਂ ਸੰਪਾਦਕੀ ਮੰਡਲ ਨੂੰ ਗਾਹਲਾਂ ਕੱਢਣ ਦੀ ਹੁੰਦੀ ਤਾਂ ਮੁਆਫ਼ੀ ਮੰਗਣ 'ਤੇ ਮੁੱਕ ਜਾਂਦੀ ਪ੍ਰੰਤੂ ਉਹ ਵਿਅਕਤੀ ਸਾਡੇ 'ਤੇ ਹੀ ਨਹੀਂ ਬਲਕਿ ਸਾਡੀ ਸਤਿਕਾਰਯੋਗ ਪਾਰਟੀ, ਜਿਸਦੇ ਨਾਂ ਲਈ ਅਸੀਂ ਆਪਣੀ ਜ਼ਿੰਦਗੀ ਦੇ ਪੰਜਾਹ-ਪੰਜਾਹ ਸਾਲ ਦਿੱਤੇ ਹਨ। ਜਿਸਦੀ ਛੱਤਰ ਛਾਇਆ ਹੇਠ ਅਸੀਂ ਪਰਚਾ ਕੱਢਦੇ ਤੇ ਸਾਹਿਤਕ ਕੰਮ ਕਰਦੇ ਹਾਂ, ਨੂੰ ਵੀ ਖੁੱਲੇਆਮ ਗਾਹਲਾਂ ਕੱਢਦਾ ਫਿਰ ਰਿਹਾ ਹੈ। ਹੁਣ ਇਹ ਸਾਡੀ ਪਾਰਟੀ ਦੇ ਸਤਿਕਾਰ ਤੇ ਸਾਡੇ ਆਪਣੇ ਇਖ਼ਲਾਕ ਤੋਂ ਬਾਹਰ ਹੋ ਗਈ ਹੈ। ਇਹ ਵਿਅਕਤੀ ਪਿਛਲੇ ਦਿਨੀਂ ਇੱਕ ਸਮਾਗਮ ਤੇ ਸਾਡੇ ਇੱਕ ਬੋਰਡ ਮੈਂਬਰ ਨੂੰ ਮਿਲਿਆ। ਸਮਾਗਮ ਹਾਲੇ ਸ਼ੁਰੂ ਨਹੀਂ ਹੋਇਆ ਸੀ ਤੇ ਉਹ ਬਾਹਰ ਖੜਕੇ ਬਕਵਾਸ ਕਰ ਰਿਹਾ ਸੀ। ਪ੍ਰੰਤੂ ਉਸ ਬਜ਼ੁਰਗ ਮੈਂਬਰ ਦੇ ਲਲਕਾਰਨ 'ਤੇ ਚੋਰਾਂ ਵਾਂਗ ਭੱਜ ਗਿਆ। ਉਸ ਬਜ਼ੁਰਗ ਮੈਂਬਰ ਦੀ "ਨਰਮਾਈ" ਪੰਜਾਬ ਦੇ ਰਾਜਨੀਤਕ ਤੇ ਸਾਹਿਤਕ ਹਲਕੇ ਜਾਣਦੇ ਹਨ। ਅਸੀਂ ਅੱਜ ਚਿਰਾਗ਼ ਦੇ ਪਾਠਕਾਂ, ਪੰਜਾਬੀ ਦੇ ਵਿਦਵਾਨਾਂ ਤੇ ਹੋਰ ਸਾਹਿਤਕ ਮੱਸ ਰੱਖਣ ਵਾਲੇ ਸੱਜਣਾਂ ਨੂੰ ਇਹ ਦੱਸ ਰਹੇ ਹਾਂ ਕਿ ਜੇਕਰ ਸੱਚ ਬੋਲਣ ਉੱਤੇ ਸਾਡੇ ਨਾਲ ਕੋਈ ਵਿਅਕਤੀ ਅਜਿਹਾ ਵਤੀਰਾ ਰੱਖ ਸਕਦਾ ਹੈ ਤਾਂ ਹੋਰਨਾਂ ਦਾ ਕੀ ਹਾਲ ਹੋਵੇਗਾ? ਇਸਦੇ ਨਾਲ ਹੀ



ਉਸ ਵਿਅਕਤੀ ਨੂੰ ਤਾੜਨਾ ਕਰਦੇ ਹਾਂ ਕਿ ਉਹ ਆਪਣੇ ਰਵੱਈਏ ਨੂੰ ਬਦਲ ਕੇ ਸ਼ਰੇਆਮ ਲਿਖਤੀ ਮੁਆਫ਼ੀ ਮੰਗੇ ਨਹੀਂ ਤਾਂ ਬੇਹੂਦਾ ਬੰਦਿਆਂ ਨੂੰ ਜਿਹੜੀ ਸਜ਼ਾ ਮਿਲਦੀ ਹੈ ਉਹਨੂੰ ਵੀ ਮਿਲੇਗੀ। ਉਸ ਲਈ ਇਸਤੋਂ ਬਿਨਾਂ ਕੋਈ ਰਾਹ ਨਹੀਂ।

## 2. ਸਰਕਾਰੀ ਧੂਤੂ

ਹਾਕਮ ਜਮਾਤਾਂ ਸਦਾ ਹੀ ਆਪਣਾ ਪਰਚਾਰ ਕਰਨ ਤੇ ਆਪਣੀ ਵਡਿਆਈ ਕਰਾਉਣ ਲਈ "ਧੂਤੂ" ਰੱਖਦੀਆਂ ਆਈਆਂ ਹਨ। ਹੁਣ ਆਪਾਂ ਇੱਕੀਵੀਂ ਸਦੀ ਵਿਚ ਦਾਖਲ ਹੋ ਗਏ ਹਾਂ ਪ੍ਰੰਤੂ ਸਰਕਾਰੀ ਧੂਤੂਆਂ ਦਾ ਮਿਆਰ ਉਹੀ ਪੁਰਾਣਾ ਹੈ ਜਿਹੜਾ ਅੰਗਰੇਜ਼ਾਂ ਸਮੇਂ ਤੇ ਰਜਵਾੜਿਆਂ ਸਮੇਂ ਹੁੰਦਾ ਸੀ। ਰਜਵਾੜੇ ਭੰਡ ਤੇ ਮਿਰਾਸੀ ਰੱਖਦੇ ਸਨ। ਉਹ ਬਹੁਤ ਹੀ ਹਲਕੀਆਂ ਗੱਲਾਂ ਕਰਕੇ ਉਹਨਾਂ ਨੂੰ ਖੁਸ਼ ਕਰਦੇ ਤੇ ਉਨ੍ਹਾਂ ਦੀ ਚਾਪਲੂਸੀ ਕਰਿਆ ਕਰਦੇ ਸਨ। ਪ੍ਰੰਤੂ ਸਰਕਾਰੀ ਧੂਤੂ ਜਿਸਨੂੰ ਆਕਾਸ਼ੋਂ ਬਾਣੀ ਉਤਰਦੀ ਹੈ ਅੱਜ ਵੀ ਬੇਹੱਦ ਘਟੀਆ ਹੈ। ਉਹ ਜਿਹੜੀਆਂ ਗੱਲਾਂ ਕਰਦੇ ਹਨ ਅੱਜ ਤੋਂ ਸੱਠ-ਸੱਤਰ ਸਾਲ ਪਹਿਲਾਂ ਖੁੰਢਾਂ 'ਤੇ ਬਹਿ ਕੇ ਅਮਲੀ, ਫੀਮਚੀ, ਡੋਡਈ ਤੇ ਨਸਵਾਰ ਲੈਣ ਵਾਲੇ ਰਲਕੇ ਇਹੋ ਜਿਹੀਆਂ ਗੱਲਾਂ ਕਰਦੇ ਸਨ ਜਿਹੋ ਜਿਹੀਆਂ ਅੱਜ ਕੱਲ ਦਿਹਾਤੀ ਪ੍ਰੋਗਰਾਮ ਵਾਲੇ ਕਰਦੇ ਹਨ। ਸਰਕਾਰ ਉਹਨਾਂ ਨੂੰ ਇਸ ਕੰਮ ਲਈ ਤਨਖਾਹਾਂ ਦਿੰਦੀ ਹੈ। ਜਿਹੜੀ ਇਸ਼ਤਿਹਾਰਬਾਜ਼ੀ ਕਰਦੇ ਹਨ ਜੇ ਉਹਨੂੰ ਸਿੱਧੇ ਸ਼ਬਦਾਂ ਵਿਚ ਕਹਿ ਦੇਣ ਤਾਂ ਸ਼ਾਇਦ ਪ੍ਰਭਾਵਸ਼ਾਲੀ ਹੋਵੇ ਪਰ ਜਿਹੜੇ ਸ਼ਬਦਾਂ ਵਿਚ ਉਹ ਗੱਲ ਕਰਦੇ ਹਨ ਉਸਨੂੰ ਸੁਣਕੇ ਸਧਾਰਨ ਬੰਦੇ ਨੂੰ ਕਚਿਆਈ ਆਉਂਦੀ ਹੈ। ਮਿਸਾਲ ਵਜੋਂ ਆਇਓਡੀਨ ਨਮਕ ਦੀ ਐਡ ਵਿਚ ਇੱਕ ਬੰਦਾ ਹੁੱਬ ਕੇ ਕਹਿੰਦਾ ਹੈ ਕਿ ਮੈਂ ਪਿਉ ਬਣਨ ਵਾਲਾ ਹਾਂ ਅਤੇ ਦੂਜਾ ਬੰਦਾ ਵਿੰਗੇ-ਟੇਢੇ ਢੰਗ ਨਾਲ ਉਸਨੂੰ ਆਇਓਡੀਨ ਦੀ ਸਿਫ਼ਤ ਦੱਸਦਾ ਹੈ। ਇੱਕ ਹੋਰ ਵਿਗਿਆਪਨ ਵਿਚ, ਜਿਹੜੀ ਸਕੀਮ ਪਤਾ ਨਹੀਂ ਲਾਗੂ ਹੋਵੇਗੀ ਕਿ ਨਹੀਂ, ਪਿੰਡਾਂ ਵਿਚ ਪੀਣ ਵਾਲੇ ਸਵੱਛ ਪਾਣੀ ਦੀ ਹੈ। ਇੱਕ ਕਲਾਕਾਰ ਕਹਿੰਦਾ ਹੈ ਕਿ ਪਾਣੀ-ਧਾਣੀ ਲਿਆਓ ਮੇਰਾ ਪੁੱਤ ਕੈਨੇਡਾ ਤੋਂ ਆਇਆ ਹੈ ਤੇ ਉਹ ਅੱਗੋਂ ਕਹਿੰਦਾ ਹੈ ਕਿ ਬਾਪੂ ਜੀ ਪਾਣੀ ਰਹਿਣ ਦਿਓ ਮੇਰੇ ਕੋਲ ਮੇਰਾ ਮਿਨਰਲ ਵਾਟਰ ਹੈ। ਪਿਛਲੀ ਵਾਰ ਪਾਣੀ ਨਾਲ ਮੈਨੂੰ ਡਾਇਰੀਆ ਹੋ ਗਿਆ ਸੀ। ਇਸ ਤੇ ਕਲਾਕਾਰ ਫੜ ਮਾਰਦਾ ਹੈ ਕਿ ਹੁਣ ਸਾਡਾ ਪਿੰਡ ਉਹ ਨਹੀਂ ਰਹਿ ਗਿਆ, ਇੱਥੇ ਸਕੀਮ ਆਉਣ ਵਾਲੀ ਹੈ। ਇਸੇ ਤਰ੍ਹਾਂ ਪ੍ਰੋਗਰਾਮ ਪੰਜਾਬੀ ਦਾ ਹੁੰਦਾ ਹੈ ਤੇ ਇਸ਼ਤਿਹਾਰਬਾਜ਼ੀ ਅਜਿਹੀ ਹਿੰਦੀ ਭਾਸ਼ਾ ਵਿਚ ਹੁੰਦੀ ਹੈ ਜੋ ਕਿਸੇ ਦੇ ਸਮਝ ਵਿਚ ਨਹੀਂ ਆਉਂਦੀ। ਸਪੌਂਸਰਡ ਪ੍ਰੋਗਰਾਮ ਦੇਣ ਵਾਲੇ ਗੱਲ ਬੇਸ਼ੱਕ ਪੰਜਾਬੀ ਵਿਚ ਕਰਦੇ ਹਨ ਉਹ ਮੂਲ ਪੰਜਾਬੀ ਨਹੀਂ ਬਲਕਿ ਕਿਸੇ ਹੋਰ ਭਾਸ਼ਾ ਵਿਚੋਂ ਉਲਥਾਈ ਹੋਈ ਹੁੰਦੀ ਹੈ। ਉੱਥੇ ਅਕਸਰ ਇਕੋ ਪਿੰਡ ਦੇ ਮੁੰਡੇ ਕੁੜੀ ਦਾ ਵਿਆਹ ਕਰ ਦਿੱਤਾ ਜਾਂਦਾ ਹੈ , ਜਿਹੜਾ ਕਲਚਰ ਤਿੰਨ ਸੌ ਸਾਲ ਪਹਿਲਾਂ

ਖ਼ਤਮ ਹੋ ਚੁੱਕਿਆ ਹੁੰਦਾ ਹੈ। ਇਸਦੇ ਨਾਲ ਹੀ ਸਾਰੇ ਰੀਜਨਲ ਸਟੇਸ਼ਨ ਆਪਣੀ ਬੋਲੀ ਵਿਚ ਗੱਲ ਕਰਦੇ ਹਨ ਪ੍ਰੰਤੂ ਇਹ ਪੰਜਾਬ ਦੇ ਸਟੇਸ਼ਨ ਹਨ। ਜਿੱਥੇ ਪੰਜਾਬੀ ਘੱਟ ਤੇ ਹਿੰਦੀ ਵੱਧ ਬੋਲੀ ਜਾਂਦੀ ਹੈ। ਇਸੇ ਤਰ੍ਹਾਂ ਸਾਹਿਤਕ ਪ੍ਰੋਗਰਾਮਾਂ ਦੇ ਨਾਂ 'ਤੇ ਜਿਹੜੇ ਕਹਾਣੀਕਾਰ, ਕਵੀ ਸੱਦੇ ਜਾਂਦੇ ਹਨ ਉਹਨਾਂ ਦਾ ਆਮ ਜੀਵਨ ਵਿਚ ਕਦੇ ਨਾਂ ਨਹੀਂ ਸੁਣਿਆ। ਆਕਾਸ਼ਬਾਣੀ ਵਾਲਿਆਂ ਦੀ ਕੋਈ ਆਪਣੀ ਟਕਸਾਲ ਹੈ ਜਿੱਥੇ ਅਜਿਹੇ ਕਵੀ ਘੜੇ ਜਾਂਦੇ ਹਨ। ਆਪਣੇ ਆਪ ਨੂੰ ਸੂਰਮੇ ਕਹਾਉਣ ਵਾਲੇ ਪੰਜਾਬੀਆਂ ਨੂੰ ਕੀ ਕਹੀਏ ਜਿਨ੍ਹਾਂ ਨੂੰ ਇਸ ਗੱਲ ਦੀ ਸੁਰਤ ਨਹੀਂ ਕਿ ਉਹਨਾਂ ਦੇ ਆਪਣੇ ਪੰਜਾਬ ਵਿਚ ਭਾਸ਼ਾ, ਸੱਭਿਆਚਾਰ ਤੇ ਸਾਹਿਤ ਦਾ ਘਾਣ ਕੀਤਾ ਜਾ ਰਿਹਾ। ਸਾਡੀ ਆਪਣੀ ਜਾਣਕਾਰੀ ਅਨੁਸਾਰ ਕਿਸੇ ਹੋਰ ਸੂਬੇ ਵਿਚ ਅਜਿਹਾ ਕਰਨਾ ਸੰਭਵ ਨਹੀਂ।

## 3. ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਅਤੇ ਪੰਜਾਬੀ ਸਾਹਿਤ ਅਕਾਡਮੀ ਦੀਆਂ ਆਗਾਮੀ ਚੋਣਾਂ

ਪੰਜਾਬੀ ਸਾਹਿਤ, ਭਾਸ਼ਾ ਅਤੇ ਸੱਭਿਆਚਾਰ ਦੇ ਖੇਤਰਾਂ ਵਿਚ ਪੰਜਾਬ ਦੀਆਂ ਦੋ ਪ੍ਰਮੁੱਖ ਸੰਸਥਾਵਾਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਅਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਹਨ। ਇਹ ਆਪਣੀ ਸਥਾਪਨਾ ਦੀ ਅੱਧੀ ਸਦੀ ਪਾਰ ਕਰ ਚੁੱਕੀਆਂ, ਸਥਾਪਤ ਸੰਸਥਾਵਾਂ ਹਨ। ਇਹਨਾਂ ਦੀਆਂ ਦੋ ਸਾਲਾਂ ਪਿਛੋਂ ਹੋਣ ਵਾਲੀਆਂ ਚੋਣਾਂ, 2008ਵੇਂ ਨਵੇਂ ਸਾਲ ਦੇ ਪਹਿਲਿਆਂ ਮਹੀਨਿਆਂ ਵਿਚ ਕਿਸੇ ਵੇਲੇ ਹੋਣ ਵਾਲੀਆਂ ਹਨ।

ਕੇ. ਪੰ. ਲੇਖਕ ਸਭਾ (ਰਜਿ.) ਲੰਘੇ 10-12 ਸਾਲਾਂ ਵਿਚ ਕਈ ਪ੍ਰਬੰਧਕੀ ਤਜਰਬੇ ਕਰ ਚੁੱਕੀ ਹੈ। ਇੱਥੇ ਅਸੀਂ ਇਸਦੇ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦੇ, ਜਿਸ ਲਈ ਸਭਾ ਨੂੰ ਕਈ ਪਾਸਿਆਂ ਤੋਂ ਮਾਰਾਂ ਪਈਆਂ ਹਨ। ਇਸ ਕਾਰਨ ਇਹ ਆਪਣੇ ਕਰਨ ਯੋਗ ਉਦੇਸ਼ਾਂ ਨੂੰ ਪ੍ਰਾਪਤ ਨਹੀਂ ਕਰ ਸਕੀ। ਇਸਦੇ ਮੁੱਖ ਕਾਰਨ ਵਿਚੋਂ, ਇੱਕ ਇਸਦੇ ਚੁਣੇ ਜਾਂਦੇ ਰਹੇ ਮੁੱਖ ਅਹੁਦੇਦਾਰਾਂ ਕੋਲ ਜਥੇਬੰਦਕ ਤਜ਼ਰਬੇ ਦੀ, ਨਾ ਹੋਣ ਵਰਗੀ ਹੀ ਥੁੜ ਸੀ। ਨਿਰਸੰਦੇਹ ਹੁਣ ਤੱਕ ਮੁੱਖ ਅਹੁਦਿਆਂ ਉੱਪਰ ਰਹੇ ਸਾਡੇ ਸਤਿਕਾਰਯੋਗ ਸਾਹਿਤਕਾਰ ਸਨ, ਫਿਰ ਵੀ ਜਥੇਬੰਦਕ ਕਾਰਜ ਕੁਝ ਵਧੀਕ ਦੀ ਮੰਗ ਕਰਦੇ ਹਨ। ਸਾਨੂੰ ਬੀਤੇ ਤੇ ਤਜਰਬਿਆਂ ਤੋਂ ਅਗਵਾਈ ਲੈ ਕੇ ਚੱਲਣ ਦੀ ਬੜੀ ਹੀ ਲੋੜ ਹੈ।

ਕਿਸੇ ਖੇਤਰ ਵਿਚ ਪ੍ਰਤੀਬੱਧ ਹੋ ਕੇ ਕੰਮ ਕਰਨ ਵਾਲੇ ਵਿਅਕਤੀ, ਵਿਆਪਕ ਸਤਿਕਾਰ ਪ੍ਰਾਪਤ ਕਰਨ ਦੇ ਬਾਵਜੂਦ ਵੀ, ਸਭਾ ਦੇ ਮੁੱਖ ਅਹੁਦਿਆਂ ਦੇ ਨਾਲ, ਆਪਣੇ ਰੁਝੇਵਿਆਂ ਕਾਰਨ ਇਨਸਾਫ ਨਹੀਂ ਕਰ ਸਕਦੇ। ਉਹ ਆਪਣੇ ਖੇਤਰ ਦੇ ਕੰਮ ਵਿਚ ਇੰਨੇ ਰੁੱਝੇ ਹੁੰਦੇ ਹਨ ਕਿ ਸਭਾ ਲਈ ਸਮਾਂ ਕੱਢਣਾ ਤੇ ਉਸਦੇ ਲਈ ਸੋਚਣ ਤੇ ਕੁਝ ਕਰ ਸਕਣ ਲਈ ਵਿਹਲ ਹੀ ਨਹੀਂ ਹੁੰਦੀ। ਜੇ ਕਰ ਉਹ ਵਿਹਲ ਕੱਢ ਵੀ ਲੈਣ ਤਾਂ ਉਹ ਆਪਣੇ ਖੇਤਰ ਨੂੰ ਅਣਡਿੱਠ ਕਰਨ ਦੀ ਕੀਮਤ ਉੱਪਰ ਹੀ ਕਰ ਸਕਦੇ ਹਨ, ਜੋ ਕਿ ਸੰਭਵ ਨਹੀਂ ਹੁੰਦਾ।



ਇਸ ਤਰ੍ਹਾਂ ਉਹ ਦੋਵਾਂ ਨਾਲ ਹੀ ਇਨਸਾਫ ਨਹੀਂ ਕਰ ਰਹੇ ਹੋਣਗੇ।

ਦੂਜੇ ਤਜਰਬੇ ਵਿਚ ਸਥਾਪਤ ਲੇਖਕ ਆਉਂਦੇ ਹਨ। ਉਹ ਆਪਣੀ ਸਿਰਜਣਾਤਮਿਕ ਯੋਗਤਾ ਕਾਰਨ ਸਰਬ ਪ੍ਰਮਾਣਿਤ ਹੁੰਦੇ ਹਨ। ਸਭਾ ਲਈ ਕੁਝ ਕਰ ਸਕਣ ਵਿਚ ਇਸ ਲਈ ਅਸਫਲ ਰਹਿੰਦੇ ਹਨ ਕਿਉਂਕਿ ਉਹਨਾਂ ਕੋਲ ਕਿਸੇ ਜੱਥੇਬੰਦੀ ਵਿਚ ਕੰਮ ਕਰਨ ਦਾ ਤਜਰਬਾ ਨਹੀਂ ਹੁੰਦਾ। ਕਈ ਵਾਰ ਤਾਂ ਉਹ ਸਭਾ ਦੀਆਂ ਮੀਟਿੰਗਾਂ ਚਲਾਉਣ ਵਿਚ ਵੀ ਅਸਮਰਥ ਰਹਿੰਦੇ ਹਨ। ਤੀਜੇ ਵਡੇਰੀ ਉਮਰ ਦੇ ਸਤਿਕਾਰਤ ਸਾਹਿਤਕਾਰ, ਜੋ ਆਪਣੀ ਜੁਆਨੀ ਸਮੇਂ ਬੜੇ ਹੀ ਸਰਗਰਮ ਰਹੇ ਹੁੰਦੇ ਹਨ, ਪਰ ਸਭਾ ਦੀਆਂ ਸਰਗਰਮੀਆਂ ਵਿਚ ਸ਼ਿੱਦਤ ਨਾਲ ਦੌੜ ਭੱਜ ਕਰਨ ਅਤੇ ਭਾਗ ਲੈਣ ਲਈ ਹੁਣ ਅਸਮਰਥ ਹੁੰਦੇ ਹਨ। ਇਸ ਲਈ ਸਰਗਰਮ ਤੇ ਜਥੇਬੰਦਕ ਤਜਰਬੇ ਦੇ ਸੁਮੇਲ ਦੇ ਗੁਣਾਂ ਵਾਲੇ ਲੇਖਕ ਹੀ, ਸਭਾ ਨੂੰ ਅਜੋਕੀ ਵਜੂਦ ਦੀ ਹਾਲਤ ਵਿਚੋਂ ਕੱਢ ਸਕਦੇ ਹਨ।

ਕੇ. ਲੇਖਕ ਸਭਾ (ਰਜਿ.) ਵਰਗੀ ਸੰਸਥਾ ਦਾ ਉੱਚਾ ਅਹੁਦਾ ਪ੍ਰਾਪਤ ਕਰਨ ਦਾ ਹਰ ਇੱਕ ਦਾ ਹੀ ਦਿਲ ਕਰਦਾ ਹੈ। ਕਈ ਵਾਰ ਕਈ ਚੁਸਤ ਲੇਖਕ, ਆਪਣੇ ਸੁਆਰਥ ਸਿਧੀ ਲਈ, ਕਿਸੇ ਪ੍ਰਸਿੱਧ ਲੇਖਕ/ਸਾਹਿਤਕਾਰ ਨੂੰ ਉਕਸਾ ਲੈਂਦੇ ਹਨ ਫਿਰ ਉਹਨਾਂ ਦੇ ਮੋਢੇ ਤੇ ਰੱਖ ਕੇ ਆਪਣੀ ਮਰਜ਼ੀ ਕਰਨਾ ਚਾਹੁੰਦੇ ਹਨ। ਅਜਿਹੀ ਪਹੁੰਚ ਕਿਸੇ ਤਰ੍ਹਾਂ ਵੀ ਸਭਾ ਦੇ ਹਿੱਤ ਵਿਚ ਨਹੀਂ ਹੈ। ਅਸੀਂ ਆਸ ਕਰਦੇ ਹਾਂ ਕਿ ਨਵੀਂ ਚੋਣ ਸਾਰਥਿਕ ਸਿੱਧ ਹੋਵੇਗੀ ਬਸ਼ਰਤੇ ਕਿ ਸਭਾ ਦੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਚੋਣ ਕਰ ਸਕੀਏ।

ਦੂਜੀ ਸੰਸਥਾ ਸਾਡੀ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਹੈ। ਇਸ ਦੀ ਪ੍ਰਬੰਧਕੀ ਸਥਿਤੀ ਬੜੀ ਨਿਰਾਸ਼ਾਜਨਕ ਹੋ ਗਈ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਚਲੰਤ ਪ੍ਰਬੰਧਕਾਂ ਨੇ ਤਾਂ ਜਿਵੇਂ ਪਹਿਲਵਾਨਾਂ ਬਾਰੇ ਕਿਹਾ ਜਾਂਦਾ ਹੈ ਕਿ ਮਿੱਟੀ ਹੀ ਫੜ ਲਈ ਹੈ। ਇਹ ਤਾਂ ਅੱਧੇ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਕੁਰਸੀਆਂ ਨਾਲ ਕੁਝ ਬਹੁਤਾ ਹੀ ਪਿਆਰ ਪਾ ਬੈਠੇ ਹਨ। ਪਤਾ ਨਹੀਂ ਇਹਨਾਂ ਨੂੰ ਅਹੁਦਿਆਂ ਉਪਰ ਬਿਰਾਜਮਾਨ ਰਹਿਣ ਦੀ ਲਾਲਸਾ ਨੇ ਕਿਉਂ ਕੀਲ ਲਿਆ ਹੈ। ਰਾਜਨੀਤਿਕ ਲੀਡਰਾਂ ਵਾਂਗ, ਅਕਾਡਮੀ ਦੀ ਸਿਰਜਨਾਤਮਿਕ-ਉਪਜਾਇਕਤਾ ਦੀ ਸਰਗਰਮੀ ਤੋਂ ਅੱਖਾਂ ਮੀਟ ਕੇ, ਮੁੜ ਨਵੇਂ ਸਮੀਕਰਨਾਂ ਦੀਆਂ ਘਾੜਤਾਂ ਕਰਦੇ ਸੁਣੇ ਗਏ ਹਨ। ਇਹ ਵੀ ਪਤਾ ਲੱਗਾ ਹੈ ਕਿ ਅਹੁਦਿਆਂ ਨੂੰ ਬਦਲ ਕੇ ਨਵੇਂ ਰੂਪਾਂ ਵਿਚ ਜਾਂ ਚਹੇਤਿਆਂ ਨੂੰ ਚੁਣ ਕੇ ਆਪਣੀ ਮਰਜ਼ੀ ਨਾਲ ਚਲਾਉਣ ਦੀ ਤਲਾਸ਼ ਕਰਨ ਵਿਚ ਲੱਗੇ ਹੋਏ ਹਨ। ਇਹ ਕਿਸੇ ਤਰ੍ਹਾਂ ਵੀ ਅਕਾਡਮੀ ਲਈ ਨਰੋਈ ਸਥਿਤੀ ਨਹੀਂ ਹੈ। ਸਗੋਂ ਇਹ ਅਕਾਡਮੀ ਨੂੰ ਰਸਾਤਲ ਵੱਲ ਲਿਜਾਣ ਵਾਲੀ ਹੈ।

ਚਾਹੀਦਾ ਤਾਂ ਇਹ ਹੈ ਕਿ ਨਵੇਂ ਪ੍ਰਬੰਧਕਾਂ ਲਈ ਰਸਤਾ ਸਾਫ ਕੀਤਾ ਜਾਵੇ। ਇਹ ਮੰਗ ਕਿਸੇ ਮੁੱਖ ਅਹੁਦੇਦਾਰਾਂ ਤੋਂ ਕੀਤੀ ਜਾਂਦੀ ਹੈ, ਉੱਥੇ ਇਹ ਅੰਤਰਿੰਗ ਕਮੇਟੀ ਮੈਂਬਰਾਂ ਤੋਂ ਵੀ ਹੈ ਕਿ ਉਹ ਲੰਬੀ ਮਿਆਦ ਦੇ ਕਿਹੜੇ ਰਿਕਾਰਡ ਕਾਇਮ ਕਰਨ ਲੱਗੇ ਹੋਏ ਹਨ। ਕੁਝ ਮੈਂਬਰਾਂ ਨੂੰ ਲਗਾਤਾਰ ਅੰਤਰਿੰਗ ਕਮੇਟੀ ਵਿਚ ਹੀ ਰਹਿਣਾ ਕਿਉਂ ਸੰਤੁਸ਼ਟੀ ਬਖ਼ਸ਼ਦਾ ਹੈ?

ਕਈ ਵਾਰ ਉਹ ਮੁੱਖ ਅਹੁਦੇਦਾਰਾਂ ਦੇ ਆਪ ਹੁਦਰਾਪਨ ਦੀ ਇੱਛਾ ਪੂਰਤੀ ਲਈ ਪਤਾ ਨਹੀਂ ਕਿਉਂ ਸੱਚ ਬੋਲਣ ਤੋਂ ਚੁੱਪ ਸਾਧ ਲੈਂਦੇ ਰਹੇ ਹਨ। ਸਭਾ ਲਈ ਨਿਮੋਸ਼ੀ ਦੀ ਸਥਿਤੀ ਤਾਂ ਉਸ ਸਮੇਂ ਬਣਦੀ ਹੈ ਜਦੋਂ ਧਾਲੀਵਾਲ ਐਵਾਰਡ ਨੂੰ ਨਿਜੀ ਹਿੱਤਾਂ ਲਈ ਵਰਤਨ ਲਈ ਕੀਤੇ ਫੈਸਲਿਆਂ ਤੇ ਅੱਖਾਂ ਮੀਟ ਕੇ ਮੋਹਰ ਲੱਗ ਜਾਂਦੀ ਹੈ। ਕੁਝ ਸੱਜਣਾਂ ਦੀ ਇਨਾਮ ਪ੍ਰਾਪਤ ਕਰਨ ਦੀ ਭੁੱਖ ਹੀ ਨਹੀਂ ਜਾਂਦੀ ਜਦੋਂ ਉਹ ਬਾਹਰਲੀਆਂ ਸੰਸਥਾਵਾਂ ਤੋਂ ਬਦਲੇ ਵਿਚ ਇਨਾਮ ਦੇਣ-ਲੈਣ ਦੇ ਵਾਅਦੇ ਕਰਨ ਤੱਕ ਚਲੇ ਜਾਂਦੇ ਹਨ।

ਅਸੀਂ ਅਦਾਰਾ ਚਿਰਾਗ਼ ਵਲੋਂ ਦੋ ਬੇਨਤੀਆਂ ਕਰਨੀਆਂ ਚਾਹੁੰਦੇ ਹਾਂ। ਪਹਿਲੀ ਇਹ ਕਿ ਇਹਨਾਂ ਦੋਵਾਂ ਸੰਸਥਾਵਾਂ ਦੇ ਮੈਂਬਰ, ਇਹਨਾਂ ਦੀਆਂ ਜਿੰਮੇਵਾਰੀਆਂ ਅਜਿਹੇ ਵਿਅਕਤੀਆਂ ਨੂੰ ਸੌਂਪਣ ਜੋ ਇਹਨਾਂ ਸੰਸਥਾਵਾਂ ਦੁਆਰਾ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿਚ, ਪ੍ਰਾਪਤ ਸਥਿਤੀ ਨੂੰ ਬਦਲਣ ਲਈ ਪ੍ਰਤੀਬੱਧ ਹੋ ਕੇ ਕੰਮ ਕਰਨ ਲਈ ਤੱਤਪਰ ਹੋਣ, ਨਾ ਕਿ ਕਲਗੀਆਂ ਪ੍ਰਾਪਤ ਕਰਕੇ ਸ਼ਾਨ ਬਣਾਉਣ ਵਿਚ ਦਿਲਚਸਪੀ ਰੱਖਦੇ ਹੋਣ।

ਦੂਜੀ ਬੇਨਤੀ ਹੈ ਕਿ ਮੌਜੂਦਾ ਤੇ ਸਾਬਕਾ ਸਰਕਾਰਾਂ ਅਤੇ ਭਾਸ਼ਾ ਵਿਭਾਗ ਤੋਂ ਵਿੱਥ ਬਣਾ ਕੇ ਰੱਖਣ, ਨਾ ਕਿ ਉਹਨਾਂ ਨਾਲ ਸੁਰ ਮਿਲਾ ਕੇ ਖੁਸ਼ੀ ਪ੍ਰਾਪਤ ਕਰਨ ਲਈ ਉਤਾਵਲੇ ਰਹਿਣ। ਇਹ ਨਾ ਹੋਵੇ ਕਿ ਕਿਸੇ ਇਨਾਮ ਦੀ ਬੁਰਕੀ ਉਹਨਾਂ ਨੂੰ ਭਰਮਾ ਲਵੇ। ਸਕੂਲਾਂ ਵਿਚ ਸਿੱਖਿਆ ਦੇ ਮਾਧਿਅਮ ਪੰਜਾਬੀ ਦੀ ਥਾਂ, ਅੰਗਰੇਜ਼ੀ ਜਾਂ ਹਿੰਦੀ ਰੱਖਣ ਦੀ ਛੋਟ ਬਿਲਕੁਲ ਨਾ ਹੋਵੇ, ਦੂਜੀ ਤੀਜੀ ਭਾਸ਼ਾ ਵਜੋਂ ਉਹਨਾਂ ਦੀ ਪੜ੍ਹਾਈ ਚੌਥੀ ਤੇ ਪੰਜਵੀਂ ਜਮਾਤ ਤੋਂ ਹੋਵੇ। ਰਾਜ ਭਾਸ਼ਾ ਐਕਟ ਨੂੰ ਲਾਗੂ ਕਰਨ ਲਈ ਦੋਵੇਂ ਸੰਸਥਾਵਾਂ ਸਾਂਝੇ ਸੰਘਰਸ਼ ਦਾ ਪ੍ਰੋਗਰਾਮ ਤਿਆਰ ਕਰਨ। ਇਸ ਦੇ ਲਈ ਹੇਠਾਂ ਪਿੰਡ ਪੱਧਰ ਉੱਪਰ ਸਾਹਿਤਕ ਸਭਾਵਾਂ ਨਾਲ ਮਿਲ ਕੇ ਅਮਲੀ ਤੌਰ ਤੇ ਪੰਜਾਬੀ ਲੋਕਾਂ ਨੂੰ ਜਾਗ੍ਰਤ ਕਰਨ ਲਈ ਮੀਟਿੰਗਾਂ ਅਤੇ ਕਵੀ ਦਰਬਾਰ ਆਦਿ ਉਲੀਕਣ। ਨਾਟਕ ਮੰਡਲੀਆਂ ਤੋਂ ਇਸ ਵਿਚ ਵਿਸ਼ੇਸ਼ ਸਹਿਯੋਗ ਪ੍ਰਾਪਤ ਕੀਤਾ ਜਾ ਸਕਦਾ ਹੈ।

ਕੇਵਲ ਸ਼ਹਿਰਾਂ ਦੇ ਮੀਟਿੰਗਾਂ ਹਾਲਾਂ ਵਿਚ ਮੀਟਿੰਗਾਂ ਕਰਨ ਤੇ ਪੰਜਾਬ ਭਵਨ ਦੀ ਚਾਰਦੀਵਾਰੀ ਤੱਕ ਸੀਮਤ ਰਹਿਣ ਦੀ ਸੰਕੀਰਨਤਾ ਨੂੰ ਤਿਆਗਣ ਦੀ ਲੋੜ ਹੈ। ਕਿਉਂਕਿ ਵਿਸ਼ਵੀਕਰਨ ਦੇ ਹੜ੍ਹ ਨੇ ਅਤੇ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਲਈ ਹੋਂਦ ਦੀ ਕਾਇਮੀ ਦਾ ਸਵਾਲ ਖੜ੍ਹਾ ਕਰ ਦਿੱਤਾ ਹੋਇਆ ਹੈ।

ਆਸ ਹੈ ਕਿ ਦੋਵੇਂ ਸੰਸਥਾਵਾਂ ਦੇ ਮੈਂਬਰ ਸਮੇਂ ਦੀ ਗੰਭੀਰਤਾ ਦਾ ਅਹਿਸਾਸ ਕਰਦੇ ਹੋਏ, ਆਉਂਦੀਆਂ ਚੋਣਾਂ ਵਿਚ ਇਹਨਾਂ ਦੇ ਸੰਵਿਧਾਨਾਂ ਦੇ ਉਦੇਸ਼ਾਂ ਦੀ ਪ੍ਰਾਪਤੀ ਨੂੰ ਸਾਹਮਣੇ ਰੱਖਣ ਵਾਲੇ ਉਮੀਦਵਾਰਾਂ ਦੀ ਚੋਣ ਕਰਨਗੇ।

ਅਦਾਰਾ ਚਿਰਾਗ਼ ਦੀਆਂ ਸ਼ੁਭ ਇੱਛਾਵਾਂ ਉਹਨਾਂ ਦੇ ਲਈ ਹਾਜ਼ਰ ਹਨ। •

**ਸੰਪਾਦਕੀ ਮੰਡਲ**



**ਇਸ ਵਾਰ ਦਾ ਵਿਸ਼ੇਸ਼ ਕਵੀ**

## ਬੂਟਾ ਸਿੰਘ ਚੌਹਾਨ ਦੀਆਂ ਚਾਰ ਗ਼ਜ਼ਲਾਂ

ਆਧੁਨਿਕ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਬੂਟਾ ਸਿੰਘ ਚੌਹਾਨ ਦੀ ਵਿਸ਼ੇਸ਼ ਥਾਂ ਹੈ। ਉਸਦੀ ਗ਼ਜ਼ਲ ਸਿਰਫ਼ ਦੋ-ਚਾਰ ਮੁੱਦਿਆਂ ਜਾਂ ਸਰੋਕਾਰਾਂ ਤੀਕ ਹੀ ਸੀਮਿਤ ਨਹੀਂ ਹੈ। ਉਹ ਜ਼ਿੰਦਗੀ ਦੇ ਵੰਨ-ਸੁਵੰਨੇ ਅਥਵਾ ਮੌਲਕ, ਸੱਜਰੇ ਤੇ ਅਸਲੋਂ ਅਛੂਤੇ ਅਤੇ ਬਹੁ-ਰੰਗੇ ਅਨੁਭਵਾਂ ਨੂੰ ਆਪਣੀਆਂ ਗ਼ਜ਼ਲਾਂ ਵਿਚ ਪ੍ਰਤੀਬਿੰਬਤ ਕਰਦਾ ਹੈ। ਉਸਦੇ ਸ਼ਿਅਰਾਂ ਵਿਚ ਖ਼ਿਆਲ ਦੀ ਮੌਲਿਕਤਾ ਅਤੇ ਪੇਸ਼ਕਾਰੀ ਵਿਚ ਸਹਿਜਤਾ ਹੁੰਦੀ ਹੈ। **-ਸੰਪਾਦਕ**

1.

ਰੁੱਖ ਤੇ ਸੂਰਜ ਇਕ ਸੁਰ ਹੋਏ ਜਿੱਧਰ ਜਾਵਾਂ ਮੈਂ
ਧੁੱਪੇ ਖੜ੍ਹ ਕੇ ਛਾਵਾਂ ਦਾ ਕਿੰਝ ਗੀਤ ਸੁਣਾਵਾਂ ਮੈਂ।

ਘਰ ਆਖੇ ਜੋ ਬਾਹਰ ਚਾਨਣ ਘਰੇ ਲਿਆਵਾਂ ਮੈਂ
ਸੋਚ ਕਹੇ ਕਿ ਮਾਰੂਥਲ ਦਾ ਖੂਹ ਬਣ ਜਾਵਾਂ ਮੈਂ।

ਕਦੇ ਕਦਾਈਂ ਦੀ ਗੱਲ ਹੁੰਦੀ ਰੋਸ ਨਾ ਕਰਦਾ ਮੈਂ
ਕਿਹੜੀ ਕਿਹੜੀ ਖ਼ਾਹਿਸ਼ ਨੂੰ ਨਿੱਤ ਲਾਂਬੂ ਲਾਵਾਂ ਮੈਂ।

ਚੋਗੇ ਦਾ ਹੀ ਰੌਲ਼ਾ ਸਾਰਾ ਧਰਮ ਕਰਮ ਮਰਿਆ
ਝੂਠੇ ਕਾਗ ਬਨੇਰੇ ਉਤੋਂ ਰੋਜ਼ ਉਡਾਵਾਂ ਮੈਂ।

ਜਿੰਨੇ ਵੀ ਨੋਚੋਗੇ ਓਨੇ ਆਈ ਜਾਣੇ ਨੇ
ਸਿੱਕਿਆਂ ਦੀ ਥਾਂ ਸੋਚਾਂ ਦੇ ਵਿਚ ਖੰਭ ਉਗਾਵਾਂ ਮੈਂ।

ਦਾਣੇ ਬੀਜਾਂ ਫੁੱਟਦੇ ਨੇ, ਹੱਥ ਬੀਜਾਂ ਨਾ ਉੱਗਦੇ,
ਏਨੇ ਖੜ੍ਹੇ ਘਰਾਂ ਨੂੰ 'ਕੱਲਾ ਕਿੰਝ ਚਲਾਵਾਂ ਮੈਂ।

ਚਾਰ ਚੁਫ਼ੇਰੇ ਦੇ ਪੱਥਰਾਂ 'ਚੋਂ ਸ਼ਾਇਦ ਕੋਈ ਪਿਘਲੇ
ਆਸ ਜਿਊਂਦੀ ਰੱਖਣ ਖ਼ਾਤਿਰ ਗਾਈ ਜਾਵਾਂ ਮੈਂ।

2.

ਕੁਫ਼ਰ ਦਾ ਹਰ ਤਰਾਜ਼ੂ ਡਿਗਦਿਆਂ ਹੀ ਰੋਲ਼ ਦਿੰਦੇ ਨੇ
ਵਫ਼ਾ ਨੂੰ ਪਾਲਦੇ ਹੰਝੂ ਜ਼ਮਾਨਾ ਤੋਲ ਦਿੰਦੇ ਨੇ।

ਜਦੋਂ ਵੀ ਦਿਸ ਪਵੇ ਅੰਬਰ 'ਤੇ ਉਡਦਾ ਸੋਨੇ ਦਾ ਪੰਛੀ
ਪਲਾਂ ਵਿਚ ਘਰ ਦੇ ਬੂਹੇ ਬਾਰੀਆਂ ਉਹ ਖੋਲ੍ਹ ਦਿੰਦੇ ਨੇ।

ਜਦੋਂ ਪਾਣੀ ਨਹੀਂ ਬਚਿਆ ਕਿਸੇ ਵੀ ਖੂਹ 'ਚ ਹੁਣ ਬਾਕੀ
ਉਹ ਕਾਹਦੇ ਵਾਸਤੇ ਲੋਕਾਂ ਨੂੰ ਲੱਜਾਂ, ਡੋਲ ਦਿੰਦੇ ਨੇ।

ਜਦੋਂ ਅਹਿਸਾਸ ਹੋ ਜਾਵੇ ਰਟੇਗਾ ਤੋਤਿਆਂ ਵਾਂਗੂੰ
ਕਿਸੇ ਗੂੰਗੇ ਨੂੰ ਆਪਣੇ ਫੇਰ ਹੀ ਉਹ ਬੋਲ ਦਿੰਦੇ ਨੇ।

ਤੁਸੀਂ ਬੰਦੇ ਦੀ ਗੱਲ ਕਰਦੇ ਹੋ ਉਹ ਤਾਂ ਜ਼ਿੰਦਗੀ ਨੂੰ ਵੀ
ਹਮੇਸ਼ਾ ਮਾਰ ਕੇ ਡੰਡੀ ਅਧੂਰਾ ਤੋਲ ਦਿੰਦੇ ਨੇ।

ਘਰਾਂ ਨੂੰ ਖੂਬ ਰੁਸ਼ਨਾਓ! ਕਿਸੇ ਦੇ ਕੰਮ ਵੀ ਆਓ!
ਵੰਡਾਏ ਦਰਦ ਸਾਹਾਂ ਵਿਚ ਸੁਗੰਧਾਂ ਘੋਲ ਦਿੰਦੇ ਨੇ।

**3.**

ਮੇਰੇ ਦਿਨ ਤੋਂ ਰਾਤ ਨੂੰ ਸਰਕਾ ਕਦੇ
ਮੈਂ ਖ਼ਰਾ ਸੋਨਾ ਅਗਨ ਵਿਚ ਪਾ ਕਦੇ।

ਭੌਰਿਆਂ ਦੀ ਜਾਤ ਪਰਖੀ ਜਾਏਗੀ
ਰੋਜ਼ ਨਾ ਖਿੜ  ਜਾਣਕੇ ਮੁਰਝਾ ਕਦੇ।

ਤੈਰ ਕੇ ਹੁੰਦਾ ਸਦਾ ਪਾਣੀ 'ਤੇ ਰਾਜ
ਆਪ ਨਾ ਰਸਤਾ ਦਵੇ ਦਰਿਆ ਕਦੇ।

ਵਕਤ ਪੈ ਕੇ ਰੂਪ ਉਸਦਾ ਬਦਲਦਾ
ਸਾਥ ਨਾ ਛੱਡਦਾ ਮੇਰਾ ਉਲਝਾ ਕਦੇ।

ਲੱਭਣੀ ਨਾ ਪੂਰੀ ਗੁਆਚੀ ਰੌਸ਼ਨੀ
ਭਟਕਦੇ ਦਿਲ ਨੂੰ ਤੂੰ ਇਹ ਸਮਝਾ ਕਦੇ।

**4.**

ਸੂਰਜ ਨੇ ਜਦ ਸੇਕ ਹਮੇਸ਼ਾ ਦਿੱਤੇ ਨੇ
ਮੇਰੇ ਕੋਲੇ ਬੋਲ ਸੁਰੀਲੇ ਕਿੱਥੇ ਨੇ।

ਸਾਡੇ ਰੈਣ ਬਸੇਰੇ ਅੱਜ ਕੱਲ ਜਿੱਥੇ ਨੇ
ਫੁੱਲਾਂ ਵਿਚ ਖੁਸ਼ਬੋਈ ਨਾ, ਫਲ ਫਿੱਕੇ ਨੇ।

ਸੌ ਵਾਰੀ ਟੁਣਕਾ ਕੇ ਸੌਦਾ ਦਿੰਦੇ ਨੇ
ਨਾਨਕ ਦੀ ਧਰਤੀ ਹੈ ਕੇਹੇ ਸਿੱਕੇ ਨੇ।

ਮਿਲਣਾ ਵੀ ਸੀ ਦਿਲ ਦੀ ਗੱਲ ਵੀ ਕਹਿਣੀ ਸੀ
ਬੰਦਿਆਂ ਵਿਚਲੇ ਬੰਦੇ ਦੱਸੋ ਕਿੱਥੇ ਨੇ

ਸਾਨੂੰ ਸਾਡੇ ਬੱਚੇ ਆਪਣੇ ਲੱਗਦੇ ਨੀ
ਓਪਰਿਆਂ ਦੀ ਕੇਹੀ ਬੋਲੀ ਸਿੱਖੇ ਨੇ।

ਮੰਜ਼ਿਲ ਦੂਰ ਦਿਸੇ ਜਦ 'ਬੂਟੇ' ਰਾਹੀ ਨੂੰ
ਮੂੰਹ ਹੀਣੇ ਕੰਡੇ ਵੀ ਲੱਗਦੇ ਤਿੱਖੇ ਨੇ।

(ਸ਼ਹੀਦ ਭਗਤ ਸਿੰਘ ਨਗਰ ਬਰਨਾਲਾ)



# ਗ਼ਜ਼ਲਾਂ

**ਸੁਲੱਖਣ ਸਰਹੱਦੀ**

ਪੈਂਡਿਆਂ ਵਿਚ ਡੀਲਾਂ ਦੇ ਮੋਹ ਨੂੰ ਆਪਾਂ ਕਾਫਰ ਜਾਣਨੇ ਆਂ।
ਉਹ ਤਾਂ ਆਪਾਂ ਪਾਣੀਆਂ ਵਿਚੋਂ ਆਪਣੀ ਪਿਆਸ ਪਛਾਣਨੇ ਆਂ।

ਸ਼ਾਹਾਂ ਦੇ ਚੌਬਾਰੇ ਛਾਵੇਂ, ਸਿਰ 'ਤੇ ਛਤਰੀ ਤਾਣਨੇ ਆਂ।
ਆਪਾਂ ਨੀਵੇਂ ਵਿਹੜਿਆਂ ਵਾਲੇ ਦੋਹਰੀਆਂ ਮੌਜਾਂ ਮਾਣਨੇ ਆਂ।

ਇਲਮ ਹੈ ਸਾਨੂੰ ਜੋਗੀਆਂ ਨੂੰ ਕਿ ਲਾਲ ਗੁਆਚੇ ਨਹੀਂ ਲੱਭਣੇ,
ਉਂਝ ਹੀ ਤੇਰਾ ਦਿਲ ਰੱਖਣ ਲਈ ਉਮਰ ਦਾ ਰੇਤਾ ਛਾਣਨੇ ਆਂ।

ਐਵੇਂ ਦੁਨੀਆਂਦਾਰੀ ਖ਼ਾਤਿਰ ਤੈਥੋਂ ਪੁੱਛਿਆ ਹਾਲ ਅਸੀਂ,
ਉਂਝ ਤਾਂ ਕੁੜੀਏ ਆਪਾਂ ਤੈਨੂੰ ਹਉਕਾ ਹਉਕਾ ਜਾਣਨੇ ਆਂ।

ਚਾਦਰ ਨਿੱਕੀ ਹੈ ਤਾਂ ਕੀ ਹੈ? ਗੋਡੇ 'ਕੱਠੇ ਕਰ ਲਏ ਨੇ,
ਵੇਖ ਕੇ ਪੈਰ ਪਸਾਰਨੇ ਆਂ ਕਿ ਵੇਖ ਕੇ ਚਾਦਰ ਤਾਣਨੇ ਆਂ।

ਤੱਤੀਆਂ ਤਵੀਆਂ, ਤਿੱਖੇ ਆਰੇ, ਖੌਲਦੇ ਪਾਣੀ, ਚਰਖੜ੍ਹੀਆਂ,
ਜ਼ੁਲਮ ਦੀ ਘੁੱਪ ਹਨੇਰੀਂ ਚਾਂਦਨੀ ਚੌਂਕ ਉਗਾਉਣਾ ਜਾਣਨੇ ਆਂ।

ਆਪਾਂ ਉਹ ਤਾਂ ਸੇਕ ਪਵੇ ਤਾਂ ਕੋਲਿਆਂ ਵਾਂਗਰ ਦਗ਼ ਉੱਠੀਏ,
ਉਹ ਤਾਂ ਹਾੜ ਦਾ ਦਿਲ ਰੱਖਣ ਲਈ ਸਿਰ ਤੇ ਚਾਦਰ ਤਾਣਨੇ ਆਂ।

ਨਾ ਹੀ ਬਾਜਾਂ ਚੋਗਾ ਚੁਗਣਾ ਨਾ ਹੀ ਸ਼ੇਰਾਂ ਘਾਹ ਖਾਣਾ,
ਐਸੇ ਹਾਕਮ ਹੁੰਦਿਆਂ ਆਪਾਂ ਆਪਣੀ ਹੋਣੀ ਜਾਣਨੇ ਆਂ।

ਐ ਸਰਹੱਦੀ ਤੇਰੇ ਪਿੰਡ ਨੇ ਇੱਕ ਵੀ ਬੇੜੀ ਨਈਂ ਵੱਢੀ,
ਪਿੰਡ ਦਾ ਕੋਈ ਦੋਸ਼ ਨਹੀਂ ਹੈ ਆਪਾਂ ਤੈਨੂੰ ਰਾਣਨੇ ਆਂ।

**2.**

**ਸੁਰਿੰਦਰਜੀਤ ਕੌਰ**

ਸਾਡੇ ਹੌਕੇ ਹਾਵੇ ਫਿਰਦੇ ਗਲੀਆਂ ਤੇ ਬਜ਼ਾਰਾਂ ਵਿਚ।
ਵਰਨਾ ਕੀ ਪਹਿਚਾਨ ਹੈ ਸਾਡੀ ਖਿੜੇ ਹੋਏ ਗ਼ੁਲਜ਼ਾਰਾਂ ਵਿਚ।

ਐਥੇ ਵਾਤਾਵਰਨ ਦੇ ਅੰਦਰ ਹਰ ਇਕ ਸਫ਼ਲ ਨਹੀਂ ਹੁੰਦਾ,
ਜਦ ਵੀ ਮਹਿਕੇ ਫੁੱਲ ਤਾਂ ਮਹਿਕੇ ਤਿੱਖੀਆਂ ਸੂਲਾਂ ਖ਼ਾਰਾਂ ਵਿਚ।

ਇਕ ਦੂਜੇ ਦੇ ਵਿਚ ਫ਼ਾਸਲੇ ਰੋਜ਼ ਵਧਾਵੇ ਸੌੜੀ ਸੋਚ,
ਦੂਰੀ ਮੇਟਣ ਦੀ ਸ਼ਕਤੀ ਹੈ ਖ਼ੁਸ਼ਬੂਆਂ ਤੇ ਡਾਰਾਂ ਵਿਚ।

ਅੰਮ੍ਰਿਤ ਵਰਗੀ ਮਹਿਕ ਤਾਂ ਮਿਲਦੀ ਹੈ ਬਸ ਇਨ੍ਹਾਂ ਦੇ ਵਿਚੋਂ,
ਇਕ ਹੁੰਦੀ ਹੈ ਮਾਂ ਦੇ ਦੁੱਧ ਅੰਦਰ, ਦੂਜੀ ਗੋਕੀਆਂ ਧਾਰਾਂ ਵਿਚ।

ਆਪਣੇ ਸੂਹਣੇ ਹੋਠਾਂ ਉੱਤੇ ਇੱਕ ਮੁਸਕਣੀ ਆਉਣ ਤਾਂ ਦੇ,
ਨਹੀਂ ਤਾਂ ਦੱਸ ਕੀ ਫ਼ਰਕ ਰਹਿ ਗਿਆ ਪੱਤਝੜ ਅਤੇ ਬਹਾਰਾਂ ਵਿਚ।

3.

**ਬਾਬਾ ਨਜ਼ਮੀ**

ਭੁੱਖ ਦੇ ਨਾਲ ਪਹਾੜਾਂ ਮੱਥਾ ਲਾਵਾਂਗਾ।
ਪੱਥਰਾਂ ਵਿਚੋਂ ਦੁੱਧ ਦੀ ਨਹਿਰ ਲਿਆਵਾਂਗਾ।

ਮੇਰੇ ਬੂਟੇ ਕਿਸਰਾਂ ਫੁੱਲ ਨਾ ਦੇਵਣਗੇ,
ਬੂਟੇ ਬੂਟੇ ਅਪਣਾ ਮੁੜ੍ਹਕਾ ਪਾਵਾਂਗਾ।

ਤੇਰੇ ਮੂੰਹ ਤੇ ਝੂਠਿਆ ਝੂਠਾ ਆਖਣ ਲਈ,
ਅੱਜ ਦੇ ਵਾਂਗੂ ਕੱਲ੍ਹ ਵੀ ਸਾਹਮਣੇ ਆਵਾਂਗਾ।

ਪਾਣੀ ਭਾਵੇਂ ਰੇਤਾ ਤੇ ਲਿਸ਼ਕਾਰੇ ਨੇ,
ਦੂਰ ਕਰਨ ਲਈ ਚਿੰਤਾ ਵੇਖਣ ਜਾਵਾਂਗਾ।

'ਸਾਡੇ ਲਈ ਨੇ ਆਖੇ', ਦੁਨੀਆਂ ਆਖੇਗੀ,
ਜਿੱਥੇ ਜਿੱਥੇ 'ਬਾਬਾ' ਸ਼ਿਅਰ ਸੁਣਾਵਾਂਗਾ।



ਵਿਸ਼ਵ ਕਵਿਤਾ

ਫਲਸਤੀਨ

## ਸਮੁੰਦਰ ਉਤਲੇ ਪ੍ਰਾਹੁਣੇ

ਮਹਿਮੂਦ ਦਰਵੇਸ਼

ਸਮੁੰਦਰ ਉਤਲੇ ਪ੍ਰਾਹੁਣੇ,
"ਸਾਡੀ ਯਾਤਰੀ ਛੋਟੀ ਹੈ
ਸਾਡੀ ਗੁਫ਼ਤਗੂ
ਬੀਤ ਗਏ ਸਮਿਆਂ ਦੇ
ਨੁਕਤੇ ਹਨ, ਜੋ
ਇੱਕ ਘੰਟਾ ਪਹਿਲਾਂ ਚੀਨਾ ਚੀਨਾ
ਹੋ ਗਏ ਸਨ।
ਹੁਣ ਭੂ-ਮੱਧ ਸਾਗਰ ਵਿਚੋਂ
ਰਚਨਾ ਕਿੱਥੋਂ ਹੋਵੇਗੀ?
ਆਪਣੀ ਦੱਖਣੀ ਚੀਕ ਵਿਚੋਂ
ਅਸੀਂ ਇੱਕ ਟਾਪੂ ਵਸਾਇਆ ਸੀ
ਅਲਵਿਦਾ! ਸਾਡੇ ਨਿੱਕੇ ਜਿਹੇ ਟਾਪੂ

ਅਸੀਂ ਕਿਸੇ ਦੇਸ਼ ਵਿਚੋਂ
ਇਸ ਦੇਸ਼ ਵਿਚ ਨਹੀਂ ਸੀ ਪਧਾਰੇ
ਅਸੀਂ ਅਨਾਰਾਂ ਦੇ ਦੇਸ਼ ਤੋਂ ਆਏ ਸੀ
ਯਾਦ ਦੀ ਗੂੰਦ-ਕਤੀਰਾ ਤੋਂ
ਅਸੀਂ ਇੱਕ ਖ਼ਿਆਲ ਦੇ ਟੁਕੜਿਆਂ ਵਿਚੋਂ
ਇਸ ਝੱਗ ਤੇ ਆਏ ਸੀ
ਹੁਣ ਨਾ ਪੁੱਛੋ ਕਿ ਅਸੀਂ
ਤੁਹਾਡੇ ਕੋਲ ਕਿੰਨੀ ਦੇਰ ਰਹਾਂਗੇ
ਤੁਸੀਂ ਵੀ ਸਾਡੀ ਯਾਤਰਾ ਬਾਰੇ
ਕੁਝ ਨਾ ਪੁੱਛੋ

ਆਓ, ਆਹਿਸਤਾ ਖਲੋਤੇ
ਸਮੁੰਦਰੀ ਜਹਾਜ਼ਾਂ ਵਿਚੋਂ
ਆਪਣੀਆਂ ਅਸਥੀਆਂ ਤੇ
ਆਤਮਾਵਾਂ ਉਤਾਰੀਏ

ਸਮੁੰਦਰ ਉਤਲੇ ਮਹਿਮਾਨੋਂ
ਸਾਡੀ ਯਾਤਰਾ ਸੰਖੇਪ ਹੈ
ਤੇ ਧਰਤੀ ਸਾਡੀ ਯਾਤਰਾ ਨਾਲੋਂ ਨਿੱਕੀ ਹੈ
ਅਸੀਂ ਪਾਣੀ ਵਿਚ ਇੱਕ ਹੋਰ
ਸੇਬ ਤਰਨ ਲਈ ਛੱਡਾਂਗੇ
ਘੇਰਿਆਂ ਅੰਦਰ ਘੇਰੇ ਬਣਾਉਂਦੇ
ਜਦੋਂ ਅਸੀਂ ਰਵਾਨਾ ਹੋਏ
ਤਾਂ ਅਸੀਂ ਜਾਣਾ ਕਿੱਥੇ ਹੈ?
ਜਦੋਂ ਅਸੀਂ ਵਾਪਸ ਪਰਤੇ
ਤਾਂ ਕਿੱਥੇ ਜਾਵਾਂਗੇ?
ਮੇਰਿਆ ਰੱਬਾ!
ਸਾਡੀਆਂ ਰੂਹਾਂ ਵਿਚ ਮਜ਼ਾਹਮਤ ਦਾ
ਕੀ ਬਚਿਆ ਰਹਿ ਗਿਆ ਹੈ?
ਕਿਹੜੀਆਂ ਸੇਧਾਂ ਰਹਿ ਗਈਆਂ ਹਨ?
ਤੇ ਕਿਹੜੀਆਂ ਪੂਰਬੀ ਸਰਹੱਦਾਂ?
ਕੀ ਕੋਈ ਹੋਰ ਚੱਟਾਨ ਬਾਕੀ ਬਚੀ ਹੈ
ਜਿੱਥੇ ਅਸੀਂ ਤੇਰੇ ਰਹਿਮ ਦੇ
ਪਾਤਰ ਬਣਨ ਲਈ
ਕੁਰਬਾਨੀ ਕਰੀਏ?
ਸਾਡਾ ਕੀ ਰਹਿ ਗਿਆ ਹੈ
ਕਿ ਜੋ ਲੈ ਕੇ ਫਿਰ ਤੁਰ ਪਈਏ?

ਹੇ ਸਾਗਰ!

ਸਾਨੂੰ ਐਸਾ ਗੀਤ ਨਾ ਦੇਵੀਂ
ਜਿਸਦੇ ਅਸੀਂ ਹੱਕਦਾਰ ਨਾ ਹੋਈਏ
ਸਮੁੰਦਰ ਦਾ ਆਪਣਾ ਪ੍ਰਾਚੀਨ ਸ਼ਿਲਪ ਹੈ
ਆਪਣਾ ਜਵਾਰ-ਭਾਟਾ
ਔਰਤ ਦਾ ਪਹਿਲਾ ਕਰਤੱਵ ਹੈ,
ਝਾਂਸਾ ਦੇਣਾ
ਇਹ ਕੰਮ ਕਵੀਆਂ ਦਾ ਹੈ,
ਦਿਲਗੀਰੀ ਤੋਂ ਥੱਲੇ ਡਿੱਗਣਾ
ਇਹ ਸ਼ਹੀਦਾਂ ਦਾ ਕੰਮ ਹੈ,
ਸੁਪਨੇ ਵਿਚ ਫਟ ਜਾਣਾ
ਇਹ ਕੰਮ ਦਾਨਸ਼ਮੰਦਾਂ ਦਾ ਹੈ
ਕਿ ਲੋਕਾਂ ਦੇ ਖੁਸ਼ ਸੁਪਨਿਆਂ
ਤੀਕ ਅਗਵਾਈ ਕਰਨਾ

ਹੇ ਸਮੁੰਦਰ!
ਸਾਨੂੰ ਐਸਾ ਗੀਤ ਨਾ ਦੇਈਂ
ਕਿ ਜਿਸਦੇ ਅਸੀਂ ਕਾਬਿਲ ਨਾ ਹੋਈਏ
ਅਸੀਂ ਏਥੇ ਕਿਸੇ ਥਾਂ ਦੀ ਭਾਸ਼ਾ ਕਾਰਨ
ਨਹੀਂ ਸੀ ਪਧਾਰੇ
ਫਾਸਲਿਆਂ ਦੇ ਬਿਰਖ
ਹੁਣ ਉੱਚੇ ਹੋ ਗਏ ਹਨ
ਸਾਡੇ ਅੰਦਰ, ਰੇਤ ਦਾ ਪ੍ਰਛਾਵਾਂ
ਲੰਮਾ ਹੋ ਗਿਆ ਹੈ ਤੇ ਫੈਲ ਗਿਆ ਹੈ
ਸਾਡੀ ਨਿੱਕੀ ਯਾਤਰਾ
ਲੰਮੀ ਹੋ ਗਈ ਹੈ।
ਕਿੰਨੇ ਚੰਦਰਮਾਵਾਂ ਨੇ,
ਉਹਨਾਂ ਲੋਕਾਂ ਨੂੰ ਮੁੰਦਰੀਆਂ
ਦਿੱਤੀਆਂ ਹਨ
ਜਿਹੜੇ ਸਾਡੇ ਵਿਚੋਂ ਨਹੀਂ ਸਨ?
ਅਬਾਬੀਲ ਨੇ ਦੂਰੀਆਂ ਅੰਦਰ
ਕਿੰਨੇ ਰੋੜ ਵਿਛਾ ਦਿੱਤੇ ਨੇ
ਅਸੀਂ ਸਮੁੰਦਰ ਦੇ ਮਹਿਮਾਨਾਂ ਵਾਂਗ
ਕਿੰਨੇ ਸਾਲ ਸੁੱਤੇ ਰਹਾਂਗੇ?
ਕਿਸੇ ਥਾਂ ਬਾਰੇ ਉਡੀਕਦੇ ਰਹਾਂਗੇ
ਅਸੀਂ ਥੋੜ੍ਹੀ ਦੇਰ ਤਾਈਂ
ਏਥੋਂ ਕੂਚ ਕਰਨ ਵਾਲੇ ਹਾਂ
ਅਸੀਂ ਸੁੱਤੇ ਸੁੱਤੇ ਮਰੇ ਹਾਂ
ਤੇ ਟੁੱਟ ਗਏ ਹਾਂ
ਸਾਡੇ ਅੰਦਰ ਜੋ ਕੁਝ ਵੀ ਹੈ
ਛਿਣ-ਭੰਗਰ ਹੈ, ਸਮੁੰਦਰ ਦਾ ਯੁੱਗ।

ਹੇ ਸਾਗਰ!
ਸਾਨੂੰ ਉਹ ਗੀਤ ਨਾ ਦੇਵੀਂ
ਕਿ ਜ਼ਿਸਦੇ ਅਸੀਂ ਕਾਬਿਲ ਨਹੀਂ ਹਾਂ।

ਅਸੀਂ ਕੁਝ ਦੇਰ ਲਈ ਠਹਿਰਨਾ ਹੈ
ਐਵੇਂ ਹੀ ਨਹੀਂ
ਬਸ ਏਨਾ ਕੁ ਚਿਰ ਕਿ
ਦੁਬਾਰਾ ਕੂਚ ਕਰ ਜਾਈਏ
ਸਾਡੇ ਵਿਚ,
ਸਾਡੇ ਪੁਰਖਿਆਂ ਦਾ ਕੁਝ ਵੀ ਨਹੀਂ
ਪਰ ਅਸੀਂ ਅਜਿਹਾ ਦੇਸ਼ ਚਾਹੁੰਦੇ ਹਾਂ
ਜਿੱਥੇ ਬਹਿ ਕੇ ਸਵੇਰ ਦੀ ਕਾਫ਼ੀ ਪੀ ਸਕੀਏ
ਅਸੀਂ ਪ੍ਰਾਚੀਨ ਬੂਟਿਆਂ ਦੀ ਖੁਸ਼ਬੂ ਮੰਗਦੇ ਹਾਂ
ਅਸੀਂ ਵਿਸ਼ੇਸ਼ ਕਿਸੇ ਸਕੂਲ ਦੀ ਇੱਛਾ ਰੱਖਦੇ ਹਾਂ
ਅਸੀਂ ਵਿਸ਼ੇਸ਼ ਕਬਰਸਤਾਨ ਚਾਹੁੰਦੇ ਹਾਂ
ਅਸੀਂ ਆਜ਼ਾਦੀ ਮੰਗਦੇ ਹਾਂ
ਖੋਪਰੀ ਦਾ ਮੇਚਾ ...... ਤੇ ਇੱਕ ਗੀਤ



ਹੇ ਸਮੁੰਦਰ!
ਸਾਨੂੰ ਐਸਾ ਗੀਤ ਨਾ ਦੇਈਂ
ਕਿ ਜਿਸਦੇ ਅਸੀਂ ਹੱਕਦਾਰ ਨਾ ਹੋਈਏ
ਅਸੀਂ ਸਿਰਫ਼ ਆਉਣ ਲਈ ਹੀ
ਨਹੀਂ ਸੀ ਪਧਾਰੇ
ਸਾਨੂੰ 'ਕਾਰਥੇਜ' ਵਿਚ
ਸਮੁੰਦਰ ਨੇ ਗੋਲਿਆਂ ਵਾਂਗ
ਉਛਾਲਿਆ
ਤੇ ਇੱਕ ਸਿਤਾਰਾ, ਜਿਸ ਨੂੰ ਚੇਤੇ ਹੋਵੇ
ਕਿ ਮਾਤ-ਭੂਮੀ ਲਈ
ਸ਼ਬਦ ਕਿਵੇਂ ਜਗਮਗਾ ਉੱਠੇ ਸੀ
ਉਨ੍ਹਾਂ ਲਈ
ਜਿਨ੍ਹਾਂ ਦਾ ਕੋਈ ਦਰ-ਦਰਵਾਜ਼ਾ ਨਹੀਂ ਹੈ?
ਕੌਣ ਚੇਤੇ ਰੱਖਦਾ ਹੈ,
ਉਹਨਾਂ ਪ੍ਰਾਚੀਨ ਖਾਨਾ-ਬਦੋਸ਼ਾਂ ਨੂੰ
ਜਦੋਂ ਉਹਨਾਂ, ਇੱਕ ਸ਼ਬਦ ਨਾਲ
ਸੰਸਾਰ ਉੱਤੇ ਕਬਜ਼ਾ ਕਰ ਲਿਆ
ਕੌਣ ਚੇਤੇ ਰੱਖਦਾ ਹੈ,
ਉਹਨਾਂ ਕਤਲ ਹੋਈਆਂ ਨੂੰ
ਜਦੋਂ ਉਹ ਮਿੱਥਾਂ ਦੇ ਭੇਤ ਤੋੜਨ ਲਈ
ਉੱਠ ਭੱਜੇ?
ਉਹ ਸਾਨੂੰ ਭੁੱਲ ਗਏ ਹਨ
ਤੇ ਅਸੀਂ ਉਹਨਾਂ ਨੂੰ
ਜ਼ਿੰਦਗੀ ਦਾ ਆਪਣਾ
ਇੱਕ ਜੀਵਨ ਹੁੰਦਾ ਹੈ
ਅੱਜ ਕਿਸ ਨੂੰ ਆਦਿ ਤੇ ਅੰਤ ਚੇਤੇ ਹੈ?
ਅਸੀਂ ਕੁਝ ਦੇਰ ਲਈ ਅਟਕਣਾ ਹੈ
ਬੱਸ ਕਿਸੇ ਚੀਜ਼ ਲਈ
ਵਾਪਸ ਪਰਤਣ ਵਾਸਤੇ
ਕੋਈ ਵੀ ਚੀਜ਼
ਕੁਝ ਵੀ ਹੋਵੇ
ਕੋਈ ਟਾਪੂ, ਕੋਈ ਜਹਾਜ਼, ਵਿਧਵਾ ਦੀ
ਪ੍ਰਾਰਥਨਾ
ਕਾਲ-ਕੋਠੜੀ, ਕੋਈ ਤੰਬੂ ਤੇ ਬੱਸ
ਸਾਡੀ ਨਿੱਕੀ ਯਾਤਰਾ ਲੰਮੀ ਹੋ ਗਈ ਹੈ
ਤੇ ਸਾਡੇ ਅੰਦਰ, ਦੋ ਸਾਲ ਹੋਏ
ਸਮੁੰਦਰ ਮਰ ਗਿਆ ਸੀ
ਮਰ ਗਿਆ ਸੀ ਸਮੁੰਦਰ
ਸਾਡੇ ਅੰਦਰ
ਦੋ ਸਾਲ ਪਹਿਲਾਂ।

ਹੇ ਸਮੁੰਦਰ!
ਸਾਨੂੰ ਅਜਿਹਾ ਗੀਤ ਨਾ ਦੇਵੀਂ
ਜਿਸਦੇ ਅਸੀਂ ਹੱਕਦਾਰ ਨਾ ਹੋਈਏ। •

*ਪੰਜਾਬੀ ਅਨੁਵਾਦ ਹ. ਸ. ਹ.*

**ਕੁਕਨੁਸ ਪ੍ਰਕਾਸ਼ਨ ਜਲੰਧਰ ਦਾ**
**ਨਵਾਂ ਸਿਰਨਾਵਾਂ**
ਬੱਸ ਅੱਡਾ, ਜਲੰਧਰ (ਨੇੜੇ ਚੰਡੀਗੜ੍ਹ ਕਾਊਂਟਰ)

# ਅਜੀਬ ਜਿਹਾ ਆਨੰਦ

**ਡਾ. ਸੁਰਜੀਤ ਬਰਾੜ**

"ਕਾਹਨੂੰ ਕਲਪਦੈ ਦੇਵ ਦੇ ਪਿਉ! ਜੋ ਹੋਣਾ ਸੀ ਉਹ ਤਾਂ ਹੋ ਗਿਆ" ਮੇਰੀ ਮਾਂ ਨੇ ਬਾਪੂ ਦੀਆਂ ਗਾਲ੍ਹਾਂ ਸੁਣ ਕੇ ਕਿਸੇ ਅਣਜਾਣ ਜਿਹੇ ਡਰ ਨਾਲ ਕਿਹਾ ਸੀ ਪਰ ਬਾਪੂ ਨੇ ਹੋਰ ਦੁਖੀ ਹੁੰਦਿਆ ਜਵਾਬ ਦਿੱਤਾ ਸੀ, "ਜਦੋਂ ਮੈਂ ਮਰ ਜਾਂਦਾ ਫੇਰ ਭਾਵੇਂ ਵੇਚ ਦਿੰਦਾ - ਮੈਂ ਕਿੰਨਾ ਵੀ ਦੁਖੀ ਰਿਹਾ ਪਰ ਆਪਣੇ ਪਿਉ ਦਾਦੇ ਦੀ ਜ਼ਮੀਨ ਨੂੰ ਸੀਨੇ ਨਾਲ ਲਾਈ ਰੱਖਿਆ। ਵੇਚਣ ਦਾ ਨਾਂ ਨਹੀਂ ਲਿਆ। ਔਖ-ਸੌਖ ਕੱਟ ਲਈ।"

ਅਸਲ ਵਿਚ ਮੇਰੇ ਪਿਉ ਨੂੰ ਮੇਰੇ ਭਰਾ ਹਰਮੇਲ ਨੇ ਬੜਾ ਤੰਗ ਕੀਤਾ ਹੋਇਆ ਸੀ। ਉਸਦੀ ਇੱਕ ਸਾਲ ਤੋਂ ਰੱਟ ਸੀ "ਬਾਪੂ! ਮੈਂ ਆਵਦਾ ਹਿੱਸਾ ਵੇਚ ਕੇ ਸ਼ਹਿਰ ਵਰਕਸ਼ਾਪ ਖੋਲ੍ਹਣੀ ਆ - ਹੁਣ ਮੈਂ ਸਕੂਟਰ ਮਕੈਨਿਕ ਬਣ ਗਿਆ - ਨਾ ਮੈਂ ਪਿੰਡ ਰਹਿਣੈ ਨਾ ਜ਼ਮੀਨ ਰੱਖਣੀ ਆ।" ਪਰ ਮੇਰਾ ਬਾਪੂ ਕਿਸੇ ਵੀ ਕੀਮਤ ਤੇ ਜ਼ਮੀਨ ਵੇਚਣ ਲਈ ਮੰਨ ਨਹੀਂ ਰਿਹਾ ਸੀ। ਉਸਦੀ ਸੋਚ ਸੀ - ਜੇ ਜੱਟ ਨੇ ਜ਼ਮੀਨ ਵੇਚ ਦਿੱਤੀ ਫੇਰ ਤਾਂ ਸਰ ਗਿਆ। ਫੇਰ ਜੱਟ ਦੇ ਪੱਲੇ ਕੀ ਰਹੂ। ਚਾਹੇ ਥੋੜ੍ਹੀ ਚਾਹੇ ਬਹੁਤੀ। ਏਸੇ ਨਾਲ ਸਰਦਾਰੀ ਐ। ਜ਼ਮੀਨ ਨਾ ਹੋਈ ਤਾਂ ਫਿਰ ਆਪਣਾ ਤੇ ਮਜ਼੍ਹਬੀਆਂ, ਚਮਿਆਰਾਂ ਤੇ ਹੋਰ ਨਿੱਕੀਆਂ-ਸੁੱਕੀਆਂ ਜਾਤਾਂ 'ਚ ਕੀ ਫ਼ਰਕ ਰਹੂ। ਕਿਸੇ ਨੇ ਢੂਆ ਨਹੀਂ ਮਾਰਨਾ। ਅਗਲਾ ਹਰ ਕੋਈ ਕਿਹਾ ਕਹੂ - ਚੱਲ ਉਏ ਆਪਾਂ ਇਨ੍ਹਾਂ ਮਲੰਗਾਂ ਤੋਂ ਕੀ ਲੈਣੈ।"

ਹਰਮੇਲ ਮਾਸਟਰਾਂ ਦੀ ਕੁੱਟ ਦੇ ਡਰੋਂ ਹੀ ਦਸਵੀਂ ਚੋਂ ਪੜ੍ਹਨੋ ਹੱਟ ਗਿਆ ਸੀ। ਪੜ੍ਹਨੋ ਹੱਟ ਕੇ ਉਹ ਸ਼ਹਿਰ ਸਕੂਟਰ ਰਿਪੇਅਰ ਦਾ ਕੰਮ ਸਿੱਖਣ ਲੱਗ ਪਿਆ ਸੀ। ਉਸਦਾ ਨਾ ਪੜ੍ਹਨ ਨੂੰ ਦਿਲ ਕਰਦਾ ਸੀ ਨਾ ਉਹ ਕਦੇ ਨੀਰਾ-ਪੱਠਾ ਲੈਣ ਖੇਤ ਜਾਂਦਾ ਸੀ। ਚਾਰ ਕੁ ਸਾਲਾਂ ਵਿਚ ਉਹਨੇ ਸਕੂਟਰਾਂ ਦੀ ਰਿਪੇਅਰਿੰਗ ਦਾ ਕੰਮ ਸਿੱਖ ਲਿਆ। ਇਸੇ ਦੌਰਾਨ ਉਸਦਾ ਇੱਕ ਸਾਡੇ ਵਰਗੇ ਥੁੜ੍ਹੇ-ਟੁੱਟੇ ਘਰ ਦੀ ਕੁੜੀ ਨਾਲ ਵਿਆਹ ਹੋ ਗਿਆ। ਸੱਤ-ਅੱਠ ਮਹੀਨੇ ਉਸਨੇ ਪਿੰਡ ਹੀ ਸਕੂਟਰਾਂ ਦੀ ਵਰਕਸ਼ਾਪ ਖੋਲ੍ਹ ਰੱਖੀ ਪਰ ਉਹ ਸਾਰਾ ਦਿਨ ਬਹਿ ਕੇ ਦੁਕਾਨ ਚੋਂ ਖਾਲ੍ਹੀ ਹੱਥ ਹੀ ਮੁੜ ਆਉਂਦਾ। ਬੱਸ ਅੱਡੇ 'ਚ ਪਹਿਲਾਂ ਹੀ ਇੱਕ ਹੋਰ ਦੁਕਾਨ ਹੋਣ ਕਰਕੇ ਉਸਦਾ ਕੰਮ ਨਾ ਚੱਲ ਸਕਿਆ। ਅਖ਼ੀਰ ਉਸਨੂੰ ਫੁਰਨਾ ਫੁਰਿਆ ਕਿ ਸ਼ਹਿਰ ਦੁਕਾਨ ਖੋਲ੍ਹੀ ਜਾਵੇ। ਦੁਕਾਨ ਖੋਲ੍ਹਣ ਲਈ ਪੈਸਿਆਂ ਦੀ ਜ਼ਰੂਰਤ ਸੀ। ਪਰ ਘਰ 'ਚ ਉਸਨੂੰ ਦੇਣ ਲਈ ਕਾਣੀ ਕੌਡੀ ਵੀ ਨਹੀਂ ਸੀ। ਘਰ ਦੀ ਆਈ-ਚਲਾਈ ਤਾਂ ਪੂਰੀ ਨਹੀਂ ਹੁੰਦੀ ਸੀ। ਸਾਡੇ ਸਿਰ ਪਹਿਲਾਂ ਹੀ ਆੜ੍ਹਤੀਆਂ ਦਾ ਪੰਜਾਹ ਹਜ਼ਾਰ ਅਤੇ ਸਹਿਕਾਰੀ ਬੈਂਕ ਦਾ 25 ਹਜ਼ਾਰ ਕਰਜ਼ਾ ਸੀ। ਸ਼ਹਿਰ ਚਾਹ ਮਿੱਠੇ ਵਾਲੀ ਦੁਕਾਨ ਵਾਲੇ ਹੇਮਰਾਜ ਦਾ 5 ਹਜ਼ਾਰ ਬਣਿਆ ਪਿਆ ਸੀ। ਇੱਕ ਕਿੱਲਾ 70 ਹਜ਼ਾਰ 'ਚ ਸਰਪੰਚ ਹਰਦੀਪ ਸਿੰਘ ਕੋਲ ਗਹਿਣੇ ਰੱਖਿਆ ਪਿਆ ਸੀ। ਇਹ ਕਿੱਲਾ ਮੇਰੀ ਭੈਣ ਕਿਰਨਜੀਤ ਦਾ ਵਿਆਹ ਕਰਨ ਸਮੇਂ



ਗਹਿਣੇ ਧਰਿਆ ਸੀ। ਵਿਆਹ ਭਾਵੇਂ ਸਾਦਾ ਜਿਹਾ ਕੀਤਾ ਸੀ ਪਰ ਫਿਰ ਵੀ ਥੋੜ੍ਹੇ-ਥੋੜ੍ਹੇ ਨਾਲ ਵਿਆਹ ਤੇ ਲੱਖ ਰੁਪਈਆ ਖਰਚ ਹੋ ਗਿਆ ਸੀ।

ਜਦ ਹਰਮੇਲ ਨੂੰ ਲੱਗਿਆ ਘਰੋਂ ਪੈਸੇ ਨਹੀਂ ਮਿਲਣਗੇ ਤਾਂ ਆਪਣੇ ਹਿੱਸੇ ਦੀ ਜ਼ਮੀਨ ਵੇਚਣ ਦਾ ਸੁਝਾਅ ਹੀ ਨਹੀਂ ਦਿੱਤਾ ਸਗੋਂ ਐਲਾਨ ਵੀ ਕਰ ਦਿੱਤਾ। ਮੇਰਾ ਬਾਪੂ ਪਹਿਲਾਂ ਤਾਂ ਬਿਲਕੁਲ ਹੀ ਮੰਨਦਾ ਨਹੀਂ ਸੀ ਜਦ ਪੰਚਾਇਤ ਦਾ ਵਧੇਰੇ ਦਬਾਅ ਪੈ ਗਿਆ ਤਾਂ ਉਸਨੂੰ ਇਹ ਕੌੜਾ ਅੱਕ ਚੱਬਣ ਲਈ ਮਜ਼ਬੂਰ ਹੋਣਾ ਪਿਆ। ਮੇਰੇ ਬਾਪੂ ਨੇ ਡੇਢ ਕਿੱਲੇ ਤੇ ਅੰਗੂਠਾ ਤਾਂ ਲਾ ਦਿੱਤਾ ਪਰ ਉਹ ਜ਼ਮੀਨ ਵੇਚਣ ਪਿੱਛੋਂ ਦਿਲ ਛੱਡ ਗਿਆ। ਕਿਧਰੇ ਵੀ ਉਸਦਾ ਜੀਅ ਨਹੀਂ ਲੱਗਦਾ ਸੀ। ਨਮੋਸ਼ੀ ਦਾ ਮਾਰਿਆ ਉਹ ਕਈ ਮਹੀਨੇ ਘਰੋਂ ਬਾਹਰ ਨਹੀਂ ਨਿਕਲਿਆ ਸੀ। ਇਸ ਤਰ੍ਹਾਂ ਉਸਦਾ ਸੁਭਾਅ ਚਿੜਚਿੜਾ ਤੇ ਰੇਗਿਸਤਾਨੀ ਹੋ ਗਿਆ ਸੀ। ਸਾਲ ਵਿਚ ਹੀ ਉਹ ਮਾਨਸਿਕ ਰੋਗੀ ਹੋ ਗਿਆ। ਮਾਨਸਿਕ ਪ੍ਰੇਸ਼ਾਨੀ ਏਨੀ ਵੱਧ ਗਈ ਜਿਸ ਕਾਰਨ ਉਸਨੂੰ ਦਿਲ ਦਾ ਤਿੱਖਾ ਦੌਰਾ ਪਿਆ। ਇਸ ਪਹਿਲੇ ਦੌਰੇ ਕਾਰਨ ਹੀ ਉਹ ਬਚ ਨਾ ਸਕਿਆ।

ਮੇਰੇ ਪਿਉ ਦੀ ਜਦ ਮੌਤ ਹੋਈ ਸੀ ਮੈਂ ਉਦੋਂ ਬੀ. ਏ. ਫਾਈਨਲ ਵਿਚ ਪੜ੍ਹਦਾ ਸੀ। ਪੜ੍ਹਨ ਨੂੰ ਮੈਂ ਬਹੁਤ ਜ਼ਿਆਦਾ ਚੰਗਾ ਤਾਂ ਨਹੀਂ ਸਾਂ ਪਰ ਕਾਫ਼ੀ ਚੰਗਾ ਸੀ। ਬੰਦਾ ਉਮਰ ਨਾਲ ਵੀ ਸਿਆਣਾ ਹੋ ਜਾਂਦਾ ਹੈ ਪਰ ਮੈਂ ਤਾਂ ਅੱਠਵੀਂ 'ਚ ਪੜ੍ਹਦਾ ਹੀ ਘਰ ਦੀਆਂ ਤੰਗੀਆਂ ਕਾਰਨ ਸਿਆਣਾ ਹੋ ਗਿਆ ਸੀ। ਮੈਂ ਪੜ੍ਹਦਾ ਵੀ ਸਾਂ ਅਤੇ ਆਪਣੇ ਘਰ ਦੇ ਕਈ ਕੰਮ ਆਪਣੇ ਪਿਉ ਨਾਲ ਵੀ ਕਰਾਉਂਦਾ।

ਪਿਉ ਦੀ ਮੌਤ ਬਾਅਦ ਘਰ ਦੀ ਸਾਰੀ ਜ਼ੁੰਮੇਵਾਰੀ ਮੇਰੇ ਸਿਰ ਪੈ ਗਈ ਸੀ। ਮੈਂ ਇੱਕ ਮੱਝ ਵੀ ਰੱਖ ਲਈ ਸੀ। ਉਸਨੂੰ ਸੰਭਾਲਦਾ। ਉਸ ਲਈ ਖੇਤੋਂ ਨੀਰਾ ਪੱਠਾ ਲਿਆਉਂਦਾ। ਕੁਤਰਦਾ ਅਤੇ ਮੱਝ ਨੂੰ ਪਾਉਂਦਾ। ਮੇਰੇ ਪਿੱਛੋਂ ਮੇਰੀ ਮਾਂ ਵੀ ਮੱਝ ਨੂੰ ਸੰਭਾਲਦੀ। ਜ਼ਮੀਨ ਸਿਰਫ਼ ਵਾਹੁਣਯੋਗ ਤਿੰਨ ਕਿੱਲੇ ਸਨ। ਦੋ ਕਨਾਲਾਂ ਮੈਂ ਪੱਠੇ ਵਗੈਰਾ ਬੀਜ ਛੱਡਦਾ। ਬਾਕੀ ਵਿਚ ਹਾੜ੍ਹੀ ਸਮੇਂ ਕਣਕ ਬੀਜ ਦਿੰਦਾ ਤੇ ਸਾਉਣੀ ਸਮੇਂ ਕਪਾਹ। ਪਰ ਇਸ ਦੇ ਬਾਵਜੂਦ ਆਈ-ਚਲਾਈ ਮੁਸ਼ਕਿਲ ਹੋ ਗਈ ਸੀ। ਸੱਤ-ਅੱਠ ਮਹੀਨੇ ਮੱਝ ਦੇ ਦੁੱਧ ਨੂੰ ਡੇਅਰੀ ਪਾਉਂਦੇ। ਪੰਦਰੀ ਆਉਂਦੀ ਤੇ ਮਾੜਾ ਮੋਟਾ ਖਰਚ ਤੁਰਦਾ ਰਹਿੰਦਾ। ਜਦ ਮੱਝ ਸੂਣ ਵਾਲੀ ਹੁੰਦੀ ਤਾਂ ਤਿੰਨ-ਚਾਰ ਮਹੀਨੇ ਬੜੇ ਔਖੇ ਲੰਘਦੇ। ਇਧਰੋਂ-ਉਧਰੋ ਫੜ-ਦੜ ਕੇ ਡੰਗ ਸਾਰਦੇ। ਗਰਜ਼ਾਂ ਨੇ ਮੈਨੂੰ ਤੇ ਮੇਰੀ ਮਾਂ ਨੂੰ ਮਧੋਲਿਆ ਹੋਇਆ ਸੀ। ਜਦ ਘਰੇ ਦੁੱਧ ਹੁੰਦਾ, ਨਾ ਕਦੇ ਮੇਰੀ ਮਾਂ ਨੇ ਪੀਤਾ ਸੀ ਨਾ ਮੈਂ। ਕਦੇ-ਕਦੇ ਦੁੱਧ ਪੀਣ ਨੂੰ ਜੀਅ ਕਰਦਾ ਪਰ ਕਰਮਾਂ 'ਚ ਲਿਖਿਆ ਨਹੀਂ ਸੀ, ਕਿੱਥੋਂ ਪੀਂਦਾ? ਚਾਹ ਲਈ ਸਿਰਫ਼ ਅੱਧਾ ਕਿਲੋ ਦੁੱਧ ਰੱਖਿਆ ਜਾਂਦਾ ਬਾਕੀ ਡੇਅਰੀ ਪਾ ਦਿੰਦੇ।

ਕਾਲਜ ਦੀਆਂ ਕਿਤਾਬਾਂ ਮੈਂ ਆਪਣੇ ਸੀਨੀਅਰਾਂ ਤੋਂ ਮੰਗ-ਤੰਗ ਕੇ ਲੈ ਲੈਂਦਾ। ਇੱਕ ਸਾਲ ਤਾਂ ਮੈਂ ਕਾਲਜ ਦੀ ਪ੍ਰਬੰਧਕ ਕਮੇਟੀ ਦੀਆਂ ਮਿੰਨਤਾਂ ਤਰਲੇ ਕਰਕੇ ਅੱਧੀ ਫੀਸ ਮੁਆਫ਼ ਕਰਵਾ ਲਈ ਸੀ। ਉਸ ਵਰ੍ਹੇ ਕਿਤਾਬਾਂ ਮੈਨੂੰ ਸਾਡੇ ਪਿੰਡ ਦੇ ਸਰਪੰਚਾਂ ਦੀ ਕੁੜੀ

ਕੰਤੀ ਕੋਲੋਂ ਮੁਫ਼ਤ ਮਿਲ ਗਈਆਂ ਸਨ। ਮੇਰੇ ਕੋਲ ਇੱਕ ਪੁਰਾਣਾ ਜਿਹਾ ਸਾਈਕਲ ਹੁੰਦਾ। ਮੈਂ ਤੇਰਾਂ ਕਿਲੋਮੀਟਰ ਸਾਈਕਲ ਤੇ ਜਾਂਦਾ ਤੇ ਤੇਰਾਂ ਕਿਲੋਮੀਟਰ ਵਾਪਸ ਆਉਂਦਾ। ਮੈਂ ਨਮੋਸ਼ੀ ਦਾ ਮਾਰਾ ਸਾਈਕਲ ਕਾਲਜ ਨਾ ਲਿਜਾਂਦਾ। ਬੱਸ ਸਟੈਂਡ ਕੋਲ ਇੱਕ ਹੋਟਲ ਤੇ ਤਾਲਾ ਲਾ ਕੇ ਰੱਖ ਜਾਂਦਾ। ਆਉਂਦਿਆਂ ਉੱਥੋਂ ਚੁੱਕਦਾ ਤੇ ਪਿੰਡ ਆ ਵੱਜਦਾ। ਬੀ.ਏ. ਪਹਿਲਾ ਸਾਲ ਮੈਂ ਸਾਈਕਲ ਨਹੀਂ ਲੈ ਕੇ ਗਿਆ। ਬੱਸਾਂ 'ਚ ਸਾਰੇ ਵਿਦਿਆਰਥੀ ਮੁਫ਼ਤ ਚਲੇ ਜਾਂਦੇ ਪਰ ਅਗਲੇ ਸਾਲ ਸਾਰੀਆਂ ਬੱਸਾਂ ਦੇ ਕੰਡਕਟਰ ਟਿਕਟ ਕੱਟਣ ਲੱਗ ਪਏ। ਮੇਰੇ ਕੋਲ ਬੱਸ ਪਾਸ ਲਈ ਪੈਸੇ ਵੀ ਨਹੀਂ ਸਨ। ਮੈਂ ਬੱਸ ਪਾਸ ਨਾ ਬਣਾ ਸਕਿਆ। ਅੰਤ ਮੈਨੂੰ ਸਾਈਕਲ ਹੀ ਚੁੱਕਣਾ ਪਿਆ। ਆਪਣੇ ਆਪ ਨੂੰ ਬਚਾਉਣ ਲਈ ਮਜਬੂਰੀ ਵੱਸ ਬੰਦੇ ਨੂੰ ਕਈ ਕੁਝ ਕਰਨਾ ਪੈਂਦਾ ਹੈ। ਮੈਂ ਆਪਣੇ ਆਪ ਨੂੰ ਹਰ ਪਾਸਿਉਂ ਬਚਾ-ਬਚਾ ਚੱਲ ਰਿਹਾ ਸੀ।

ਮੈਂ ਇੱਕ ਪੈਂਟ ਸ਼ਰਟ ਨਾਲ ਚਾਰ-ਪੰਜ ਮਹੀਨੇ ਕੱਢ ਲੈਂਦਾ ਸੀ। ਪੈਂਟ-ਸ਼ਰਟ ਮੈਂ ਲੋੜ ਸਮੇਂ ਰੇਲਵੇ ਸਟੇਸ਼ਨ ਕੋਲੋਂ ਰੈਗਜ਼ ਦੀਆਂ ਦੁਕਾਨਾਂ ਤੋਂ ਖਰੀਦ ਲੈਂਦਾ। ਥੋੜ੍ਹਾ-ਬਹੁਤਾ ਫ਼ਰਕ ਹੋਣਾ ਤਾਂ ਪਿੰਡੋਂ ਹੀ ਗੋਗੀ ਟੇਲਰ ਤੋਂ ਠੀਕ ਕਰਵਾ ਲੈਂਦਾ। ਪੁਰਾਣੇ ਬੂਟ ਜਿਨ੍ਹਾਂ ਦੀ ਦੁਕਾਨਦਾਰ ਰਿਪੇਅਰਿੰਗ ਕਰਕੇ ਆਪਣੀਆਂ ਦੁਕਾਨਾਂ 'ਚ ਰੱਖਦੇ। ਮੈਂ ਇੱਕ ਅੱਧ 35-40 ਰੁਪਏ 'ਚ ਖਰੀਦ ਲੈਂਦਾ ਸਾਂ। ਉਨ੍ਹਾਂ ਨੂੰ ਸੰਭਾਲ-ਸੰਭਾਲ ਰੱਖਦਾ। ਕਾਲਜ ਦੀ ਕੰਟੀਨ 'ਚ ਮੁੰਡੇ-ਕੁੜੀਆਂ ਗੱਪ-ਸ਼ੱਪ ਮਾਰਦੇ ਰਹਿੰਦੇ। ਉੱਥੇ ਉਹ ਚਾਹਾਂ, ਸਮੋਸੇ, ਬਰਫ਼ੀਆਂ, ਕੋਕ, ਪੈਪਸੀ ਅਤੇ ਲੱਸੀਆਂ ਪੀਂਦੇ। ਮੈਨੂੰ ਕਦੇ ਕੰਟੀਨ ਅੰਦਰ ਜਾਣ ਦਾ ਮੌਕਾ ਨਸੀਬ ਨਹੀਂ ਹੋਇਆ ਸੀ। ਕੋਲ ਕੁਝ ਹੁੰਦਾ ਤਾਂ ਜਾਂਦਾ। ਦੋਸਤ ਮਿੱਤਰਾਂ ਨੂੰ ਮੇਰੀ ਹਾਲਤ ਦਾ ਪਤਾ ਸੀ ਪਰ ਮੈਂ ਉਨ੍ਹਾਂ ਦੇ ਜ਼ੋਰ ਦੇ ਕੇ ਕਹਿਣ ਤੇ ਵੀ ਕੰਟੀਨ 'ਚ ਵੜਨ ਤੋਂ ਸੰਕੋਚ ਕਰਦਾ ਸਾਂ। ਮੈਂ ਜਦ ਆਪ ਕਿਸੇ ਨੂੰ ਇੱਕ ਕੱਪ ਚਾਹ ਪਿਲਾਉਣ ਦੇ ਸਮਰੱਥ ਨਹੀਂ ਸਾਂ ਤਾਂ ਫਿਰ ਮੇਰਾ ਕੀ ਹੱਕ ਬਣਦਾ ਸੀ ਕਿ ਮੈਂ ਕਿਸੇ ਕੋਲੋਂ ਪੀਵਾਂ। ਮੈਨੂੰ ਮੇਰੀਆਂ ਮਜਬੂਰੀਆਂ ਨੇ ਸੰਤੋਖਵਾਨ ਅਤੇ ਸੰਕੋਚਵਾਨ ਬਣਾ ਦਿੱਤਾ ਸੀ।

ਮੈਂ ਕਵਿਤਾ ਰਚਦਾ ਸਾਂ। ਮੇਰੀ ਕਵਿਤਾ ਕਦੇ ਨਾ ਕਦੇ ਕਿਸੇ ਨਾ ਕਿਸੇ ਅਖ਼ਬਾਰ 'ਚ ਛਪੀ ਹੁੰਦੀ। ਕਾਲਜ ਵਿਚ ਪ੍ਰਕਾਸ਼ਿਤ ਮੈਗਜ਼ੀਨ ਵਿਚ ਵੀ ਮੇਰੀਆਂ ਕਵਿਤਾਵਾਂ ਛਪਦੀਆਂ ਰਹਿੰਦੀਆਂ ਸਨ। ਇਸ ਵਾਰ ਕਾਲਜ ਵਿਚ 'ਕਵਿਤਾ ਮੁਕਾਬਲਾ' ਹੋਇਆ ਸੀ। ਕਈ ਕਾਲਜਾਂ ਦੇ ਵਿਦਿਆਰਥੀ ਇਸ ਮੁਕਾਬਲੇ 'ਚ ਭਾਗ ਲੈਣ ਆਏ ਸਨ, ਮੈਂ ਵੀ ਭਾਗ ਲਿਆ ਸੀ। ਲਲਤੋਂ ਦੀ ਪਿੰਕੀ ਨੇ ਵੀ ਕਵਿਤਾ ਪੜ੍ਹਨੀ ਸੀ। ਇਸ ਮੁਕਾਬਲੇ 'ਚ ਮੇਰੀ ਕਵਿਤਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਮੈਨੂੰ ਕਈ ਪਾਸਿਆਂ ਤੋਂ ਵਧਾਈਆਂ ਮਿਲੀਆਂ ਸਨ। ਪਿੰਕੀ ਨੇ ਵੀ ਵਧਾਈ ਦਿੱਤੀ ਸੀ। ਪਿੰਕੀ! ਉਹੀ ਪਿੰਕੀ ਗਿੱਲ, ਜਿਸ ਨਾਲ ਮੈਨੂੰ ਪਿਆਰ ਹੋ ਗਿਆ ਸੀ। ਦੋ-ਤਿੰਨ ਮਹੀਨੇ ਅਸੀਂ ਲਗਾਤਾਰ ਏਧਰ-ਉੱਧਰ ਮਿਲਦੇ ਰਹਿੰਦੇ। ਅਸੀਂ ਇੱਕ ਦੂਜੇ ਨਾਲ ਬਿਨਾਂ ਸੋਚਿਆਂ ਸਮਝਿਆਂ ਵੱਡੇ-ਵੱਡੇ ਜ਼ਿੰਦਗੀ ਭਰ ਸਾਥ ਨਿਭਾਉਣ ਦੇ ਵਾਅਦੇ ਕਰ ਲਏ ਸਨ। ਭਾਵੁਕ ਉਹ ਵੀ ਸੀ ਅਤੇ ਮੈਂ ਵੀ। ਮੈਂ



ਤਾਂ ਇੰਨਾ ਭਾਵੁਕ ਹੋ ਗਿਆ ਸਾਂ ਕਿ ਦਿਨ-ਰਾਤ ਉਸੇ ਦੇ ਨਾਂ ਕਵਿਤਾਵਾਂ ਲਿਖੀ ਜਾਂਦਾ। ਸੁਪਨੇ ਵੀ ਉਸਦੇ ਹੀ ਆਉਂਦੇ। ਮੈਂ ਉਸਨੂੰ 50 ਸਫ਼ਿਆਂ ਦੀ ਚਿੱਠੀ ਲਿਖ ਕੇ ਫੜਾ ਦਿੱਤੀ। ਅਗਲੇ ਦਿਨ ਇੱਕ 60 ਸਫ਼ਿਆਂ ਦੀ ਹੋਰ। ਤੀਜੇ ਦਿਨ 70 ਸਫ਼ਿਆਂ ਦੀ ਇੱਕ ਹੋਰ। ਚੌਥੇ ਦਿਨ ਜਦ ਮੈਂ ਉਸਨੂੰ 80 ਸਫ਼ਿਆਂ ਦੀ ਚੌਥੀ ਚਿੱਠੀ ਫੜਾਉਣ ਲੱਗਿਆ ਤਾਂ ਉਸਨੇ ਲਾਲ-ਪੀਲੀਆਂ ਅੱਖਾਂ ਕੱਢੀਆਂ ਅਤੇ ਬੜੇ ਸਖ਼ਤ ਲਹਿਜੇ 'ਚ ਮੈਨੂੰ ਘੂਰਦਿਆਂ ਕਿਹਾ, "ਹਰਾਮਜ਼ਾਦੇ! ਤੇਰੀ ਜੁੱਅਰਤ ਕਿਵੇਂ ਪਈ ਮੈਨੂੰ ਚਿੱਠੀਆਂ ਫੜਾਉਣ ਦੀ। ਤੂੰ ਮੇਰੇ ਨਾਲ ਪਿਆਰ ਵਿਆਹ ਕਰੇਂਗਾ। ਮੂੰਹ ਸ਼ੀਸ਼ੇ 'ਚ ਦੇਖਿਆ ਕਦੇ। ਆਹ ਮੂੰਹ ਤੇ ਮਸਰਾਂ ਦੀ ਦਾਲ। ਮੈਨੂੰ ਖੁਆਏਂਗਾ ਕੀ ਤੂੰ? ਕੀ ਹੈ ਤੇਰੇ ਕੋਲ। ਭੁੱਖੇ-ਨੰਗੇ ਔਕਾਤ ਨਹੀਂ ਦੇਖਦਾ ਆਵਦੀ। ਜਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨੂੰ ਜੱਫੀਆਂ। ਤੂੰ ਚਾਹਿਆ ਹੋਣੈ ਕਿ ਮੈਂ ਹੁਣ ਤੋੜ ਲੈਂਨੇ ਟੀਸੀ ਦਾ ਬੇਰ। ਮੈਂ ਉਸਦੀ ਇਸ ਤਰ੍ਹਾਂ ਦੀ ਬੇਰੁਖੀ ਤੇ ਅਚਾਨਕ ਤਬਦੀਲੀ ਦੇਖ ਕੇ ਹੈਰਾਨ ਹੋ ਗਿਆ। ਉਸਨੇ ਇੰਨੀਆਂ ਜ਼ਲੀਲ ਗੱਲਾਂ ਗੁੱਸੇ 'ਚ ਆ ਕੇ ਕਹਿ ਦਿੱਤੀਆਂ। ਜਿੰਨ੍ਹਾਂ ਨਾਲ ਮੇਰਾ ਕਾਲਜਾ ਹੀ ਵਲੂੰਧਰਿਆ ਗਿਆ। ਮੇਰੀ ਗੁਰਬਤ ਦਾ ਉਹਨੇ ਬੜੇ ਜ਼ਾਲਮਾਨਾ ਢੰਗ ਨਾਲ ਮਜ਼ਾਕ ਉਡਾ ਦਿੱਤਾ ਸੀ। ਉਸਨੇ ਪਲਾਂ ਵਿਚ ਹੀ ਮੇਰੇ ਪਿਆਰ ਦਾ ਉਸਾਰਿਆ ਮਹਿਲ ਚਕਨਾਚੂਰ ਕਰ ਦਿੱਤਾ ਸੀ। ਮੇਰਾ ਸਾਰਾ ਉਤਸ਼ਾਹ ਖੀਣ ਹੋ ਗਿਆ ਸੀ। ਉਸਨੇ ਮੇਰੇ ਪਿਆਰ ਨੂੰ ਠੇਡਾ ਹੀ ਨਹੀਂ ਮਾਰਿਆ ਸੀ, ਮੇਰੀ ਬੇਇੱਜ਼ਤੀ ਹੀ ਨਹੀਂ ਕੀਤੀ ਸੀ ਸਗੋਂ ਮੇਰੀ ਪ੍ਰਿੰਸੀਪਲ ਕੋਲ ਸ਼ਿਕਾਇਤ ਵੀ ਕਰ ਦਿੱਤੀ। ਪਿੰਕੀ ਨੇ ਤਿੰਨੇ ਚਿੱਠੀਆਂ ਪ੍ਰਿੰਸੀਪਲ ਦੇ ਮੇਜ਼ ਤੇ ਰੱਖਦਿਆਂ ਕਿਹਾ ਸੀ - ਸਰ, ਮੈਂ ਤਾਂ ਚੁੱਪ ਰਹੀ, ਸ਼ਾਇਦ ਦੇਵ ਨੂੰ ਮੇਰੀਆਂ ਅੱਖਾਂ ਦੀ ਭਾਸ਼ਾ ਹੀ ਸਮਝ ਆ ਜਾਵੇ, ਪਰ ਉਹ ਸਮਝਿਆ ਨਹੀਂ। ਜਿੱਥੇ ਮਿਲਦੈ ਘੇਰ ਕੇ ਖੜ ਜਾਂਦੈ। ਸੋ ਮੈਨੂੰ ਤੁਹਾਡੇ ਕੋਲ ਅਣਸਰਦੇ ਨੂੰ ਸ਼ਿਕਾਇਤ ਕਰਨੀ ਪਈ ਐ।

ਪ੍ਰਿੰਸੀਪਲ ਨੇ ਉਸ ਸਮੇਂ ਹੀ ਮੈਨੂੰ ਦਫ਼ਤਰ ਵਿਚ ਬੁਲਾ ਲਿਆ। ਮੈਂ ਨੀਵੀਂ ਪਾਈ ਖੜ੍ਹਾ ਸੀ। ਪ੍ਰਿੰਸੀਪਲ ਕਠੋਰ ਝਿੜਕਾਂ ਦੀ ਬੁਛਾੜ ਸੁੱਟੀ ਜਾ ਰਿਹਾ ਸੀ। ਪ੍ਰਿੰਸੀਪਲ ਨੇ ਮੇਰੇ ਨਾਲ ਉਹ ਕੁੱਤੇ ਖਾਣੀ ਕੀਤੀ ਜੋ ਮੈਨੂੰ ਅੱਜ ਤੱਕ ਨਹੀਂ ਭੁੱਲੀ। ਉਹ ਝਿੜਕਾਂ ਮੇਰੇ ਜ਼ਿਹਨ 'ਚ ਸੇਹ ਦੇ ਕੰਢੇ ਵਾਂਗ ਅੱਜ ਵੀ ਰੜਕ ਰਹੀਆਂ ਹਨ। ਜਦ ਪ੍ਰਿੰਸੀਪਲ ਨੇ ਮੈਨੂੰ ਕਾਲਜ ਤੋਂ ਕੱਢਣ ਬਾਰੇ ਫੈਸਲਾ ਸੁਣਾ ਦਿੱਤਾ। ਉਦੋਂ ਮੈਨੂੰ ਸੋਰੀ ਕਹਿਣ ਲਈ ਮਜਬੂਰ ਹੋਣਾ ਪਿਆ। ਪਰ ਪ੍ਰਿੰਸੀਪਲ ਨੂੰ ਇਹ ਸ਼ਬਦ ਸੋਰੀ ਮਨਜ਼ੂਰ ਨਹੀਂ ਸੀ। ਉਸਨੇ ਸਪੱਸ਼ਟ ਕਿਹਾ " ਜੇ ਤੂੰ ਪਿੰਕੀ ਕੋਲੋਂ ਭੈਣ ਕਹਿ ਕੇ ਲਿਖਤੀ ਮੁਆਫ਼ੀ ਮੰਗ ਲਏਂਗਾ ਤਾਂ ਤੈਨੂੰ ਛੱਡ ਸਕਦਾ ਹਾਂ।" ਇਹ ਤਾਂ ਮੇਰਾ ਮਰਨ ਸੀ। ਮੇਰਾ ਦਿਲ ਕਰੇ - ਜੋ ਜੀ ਆਉਂਦੈ ਕਰ ਲੈ। ਮੈਂ ਨਾ ਉਹਨੂੰ ਭੈਣ ਕਹਿਣੈ ਨਾ ਲਿਖ ਕੇ ਮੁਆਫ਼ੀ ਮੰਗਣੀ ਐ। ਪਰ ਮੇਰਾ ਤਾਂ ਸਾਰਾ ਭਵਿੱਖ ਹੀ ਦਾਅ ਤੇ ਲੱਗ ਗਿਆ ਸੀ। ਹੋਰ ਮੈਂ ਕੀ ਕਰਦਾ? ਮੈਂ ਆਪਣੇ ਭਵਿੱਖ ਨੂੰ ਬਚਾਉਣ ਲਈ ਆਵਦੀ ਸਾਰੀ ਇੱਜ਼ਤ ਅਤੇ ਪੂਰੀ ਮਰਯਾਦਾ ਦਾਅ ਤੇ ਲਾ ਦਿੱਤੀ। ਉਹਨੂੰ ਭੈਣ ਕਹਿ ਕੇ ਲਿਖਤੀ ਮਾਫ਼ੀ ਮੰਗ ਲਈ। ਪਤਾ ਨਹੀਂ ਮੈਨੂੰ ਕਿਹੜੇ ਗੁਨਾਹ ਵਿਚ ਪ੍ਰਿੰਸੀਪਲ ਨੇ ਏਡੀ ਵੱਡੀ ਸਜ਼ਾ ਦਿੱਤੀ

ਸੀ। ਗੁਨਾਹ ਮੈਂ ਕੀਤਾ ਨਹੀਂ ਸੀ। ਮੇਰਾ ਸਿਰਫ਼ ਚਾਰ ਦਿਨਾਂ ਦਾ ਪਿਆਰ ਵੱਡਾ ਹੋ ਕੇ ਪੰਜ-ਸੱਤ ਮਿੰਟਾਂ ਵਿਚ ਹੀ ਕੁੱਤੇ ਦੀ ਮੌਤ ਮਰ ਗਿਆ। ਗਰੀਬਾਂ ਦਾ ਪਿਆਰ ਵੀ ਗੁਨਾਹ ਹੁੰਦਾ ਹੈ, ਇਹ ਮੈਨੂੰ ਉਸ ਦਿਨ ਪਤਾ ਲੱਗਿਆ।

ਘਰ ਆ ਕੇ ਮੈਂ ਸੋਚਦਾ ਰਿਹਾ - ਪਿੰਕੀ ਏਨੀ ਇਕਦਮ ਕਿਉਂ ਬਦਲ ਗਈ? ਕੁਝ ਸਮਾਂ ਸੋਚਣ ਪਿੱਛੋਂ ਫਿਰ ਅਚਾਨਕ ਹੀ ਮੈਨੂੰ ਯਾਦ ਆ ਗਿਆ। ਸਰਪੰਚ ਹਰਦੀਪ ਦੀ ਕੁੜੀ ਕੰਤੀ ਵੀ ਸਾਡੇ ਨਾਲ ਪੜ੍ਹਦੀ ਸੀ। ਪਿੰਕੀ ਨਾਲ ਉਸਦੀ ਬਹੁਤ ਬਣਦੀ ਸੀ। ਪਿੰਕੀ ਨੂੰ ਮੇਰੇ ਘਰ, ਜ਼ਮੀਨ ਬਾਰੇ ਉਸਨੇ ਹੀ ਦੱਸਿਆ ਹੋਵੇਗਾ। ਠੀਕ, ਕੰਤੀ ਨੇ ਹੀ ਪਿੰਕੀ ਨੂੰ ਦੱਸਿਆ ਸੀ। ਗਲਤੀ ਮੇਰੀ ਸੀ, ਮੈਨੂੰ ਈ ਉਸਨੂੰ ਸਾਰਾ ਕੁਝ ਤੁਰੰਤ ਦੱਸਣਾ ਚਾਹੀਦਾ ਸੀ। ਪਿੰਕੀ ਲੰਬੜਦਾਰਾਂ ਦੀ ਕੁੜੀ ਸੀ, ਘਰੋਂ ਸਰਦੇ ਪੁੱਜਦੇ ਜੱਟ ਸਨ। ਉਸਦੇ ਡੈਡੀ ਨੇ ਉਸ ਲਈ ਵਧੀਆ ਘਰ, ਵਧੀਆ ਮੁੰਡਾ ਲੱਭਣਾ ਹੋਵੇਗਾ। ਵਧੀਆ ਦਾਜ ਦਹੇਜ ਦੇਣਾ ਹੋਏਗਾ। ਵਾਕਈ ਮੇਰੇ ਕੋਲ ਕੁਝ ਵੀ ਨਹੀਂ ਸੀ, ਭੁੱਖੀ ਹੀ ਮਰਦੀ ਮੇਰੇ ਨਾਲ ਜੇ ਵਿਆਹ ਕਰਵਾ ਲੈਂਦੀ। ਵੈਸੇ ਮੇਰੀ ਇਹ ਹਰਗਿਜ਼ ਇੱਛਾ ਨਹੀਂ ਸੀ ਕਿ ਮੈਂ ਉਸਨੂੰ ਗੁੰਮਰਾਹ ਕਰਕੇ ਵਿਆਹ ਕਰਾਉਂਦਾ। ਖੈਰ! ਉਸ ਸਮੇਂ ਜੋ ਹੋਇਆ ਚੰਗਾ ਹੀ ਹੋਇਆ। ਅੱਜ ਮੈਂ ਸੋਚਦਾ ਹਾਂ ਉਸਨੂੰ ਤਾਂ ਮੇਰੇ ਘਰੋਂ ਦੋ ਵਕਤ ਚੋਪੜੀ ਰੋਟੀ ਵੀ ਨਹੀਂ ਮਿਲਣੀ ਸੀ। ਉਸਦੀਆਂ ਇੱਛਾਵਾਂ ਮਰ ਜਾਣੀਆਂ ਸਨ ਕਿਉਂਕਿ ਜਿੰਨਾ ਮੈਂ ਦੁੱਖ-ਦਰਦਾਂ ਵਿਚ ਅੱਜ ਘਿਰਿਆ ਹਾਂ, ਸ਼ਾਇਦ ਏਨਾ ਕੋਈ ਨਾ ਹੋਵੇ। ਮੈਂ ਜੋ ਅਥਾਹ ਦੁੱਖ ਲੈ ਕੇ ਜੰਮਿਆ ਸਾਂ, ਦੁੱਖ ਲੈ ਕੇ ਹੀ ਤੁਰਿਆ ਫਿਰਦਾ ਹਾਂ ਅਤੇ ਸ਼ਾਇਦ ਦੁੱਖ ਲੈ ਕੇ ਮਰ ਜਾਵਾਂਗਾ। ਖੁਸ਼ਨਸੀਬੀ ਪਤਾ ਨਹੀਂ ਇਹ ਕਿਸ ਬਲਾ ਦਾ ਨਾਂ ਹੈ? ਪਿੰਕੀ ਵਰਗੇ ਹੀ ਹੁੰਦੇ ਹੋਣਗੇ ਖੁਸ਼ਨਸੀਬ ਲੋਕ। ਬੀ. ਏ. 58% ਅੰਕਾਂ ਨਾਲ ਪਾਸ ਕਰਨ ਤੋਂ ਬਾਅਦ ਮੈਂ ਬੀ. ਐੱਡ. ਕਰਨ ਲਈ ਟੈਸਟ ਦਿੱਤਾ ਸੀ। ਟੈਸਟ ਮੈਂ ਆਸਾਨੀ ਨਾਲ ਕਲੀਅਰ ਕਰ ਲਿਆ। ਕੋਰਸ ਵਾਲਾ ਉਹ ਸਾਲ ਵੀ ਮੈਂ ਮੁਸ਼ਕਿਲ ਨਾਲ ਲੰਘਾਇਆ ਸੀ। ਸਰਪੰਚ ਤੋਂ ਕੁਝ ਹੋਰ ਵਿਆਜ ਤੇ ਰੁਪਏ ਲੈਣੇ ਪਏ ਸਨ। ਮੈਂ ਭਾਵੇਂ ਕੋਈ ਵੀ ਨਜਾਇਜ਼ ਖਰਚ ਨਹੀਂ ਕੀਤਾ ਸੀ। ਪਰ ਫਿਰ ਵੀ ਬੀ. ਐਡ. ਤੇ ਮੇਰਾ ਖਰਚਾ ਕਾਫ਼ੀ ਆ ਗਿਆ ਸੀ। ਪੂਰਾ ਸਾਲ ਮੈਂ ਤੰਗੀਆਂ-ਤੁਰਸ਼ੀਆਂ ਨਾਲ ਲੰਘਾਇਆ। ਬੀ. ਐਡ. ਕਰਨ ਤੋਂ ਬਾਅਦ ਮੈਂ ਵਿਹਲਾ ਸਾਂ। ਸਾਲ ਕੁ ਬਾਅਦ ਸਰਕਾਰ ਨੇ ਅਧਿਆਪਕਾਂ ਦੀਆਂ ਪੋਸਟਾਂ ਲਈ ਇੱਕ ਐਡ ਦਿੱਤੀ। ਮੈਂ ਵੀ ਅਪਲਾਈ ਕਰ ਦਿੱਤਾ। ਕੰਤੀ ਅਤੇ ਪਿੰਕੀ ਨੇ ਵੀ ਸਿੱਧਵਾਂ ਕਾਲਜ ਤੋਂ ਬੀ. ਐਡ. ਕਰ ਲਈ ਸੀ। ਉਹਨਾਂ ਨੇ ਵੀ ਅਪਲਾਈ ਕੀਤਾ ਸੀ। ਮੇਰੇ 10+2, ਬੀ. ਏ. ਚੋਂ 58% ਅਤੇ ਬੀ. ਐਡ ਤੋਂ 68% ਅੰਕ ਸਨ। ਮੈਨੂੰ ਉਮੀਦ ਸੀ ਕਿ ਜੇਕਰ ਇੰਟਰਵਿਊ ਠੀਕ ਹੋ ਗਈ ਤਾਂ ਮੇਰੀ ਸਿਲੈਕਸ਼ਨ ਹੋ ਜਾਵੇਗੀ। ਪਿੰਕੀ ਅਤੇ ਕੰਤੀ ਦੇ ਮੇਰੇ ਨਾਲੋਂ ਅੰਕ ਕਾਫ਼ੀ ਘੱਟ ਸਨ। ਕੰਤੀ ਦਾ ਡੈਡੀ ਅਕਾਲੀ ਪਾਰਟੀ ਦਾ ਜ਼ਿਲ੍ਹਾ ਮੈਂਬਰ ਵੀ ਸੀ ਅਤੇ ਪਿੰਡ ਦੀ ਸਰਪੰਚੀ ਵੀ ਉਸ ਕੋਲ ਸੀ। ਘੱਟ ਅੰਕ ਹੋਣ ਦੇ ਬਾਵਜੂਦ ਵੀ ਉਸਨੇ ਕੰਤੀ ਨੂੰ ਪੈਸੇ ਜਾਂ ਸਿਫਾਰਸ਼ ਨਾਲ ਸਿਲੈਕਟ ਕਰਵਾ ਲਿਆ ਸੀ। ਪਿੰਕੀ ਦੀ ਵੀ ਪੈਸੇ ਦੇ ਜ਼ੋਰ ਨਾਲ ਸਿਲੈਕਸ਼ਨ ਹੋ ਗਈ ਸੀ। ਉਸ ਸਾਲ ਮੇਰੀ ਸਿਲੈਕਸ਼ਨ ਨਾ ਹੋ ਸਕੀ। ਮੇਰਾ



ਜੀਅ ਤਾਂ ਕਰਦਾ ਸੀ - ਮੈਂ ਹਾਈਕੋਰਟ ਪਿੰਕੀ ਅਤੇ ਕੰਤੀ ਦੇ ਅੰਕਾਂ ਉੱਤੇ ਕੀਤੀ ਗਈ ਸਿਲੈਕਸ਼ਨ ਦੇ ਆਧਾਰ ਤੇ ਰਿੱਟ ਕਰ ਦੇਵਾਂ। ਪਰ ਮੇਰੇ ਕੋਲ ਤਾਂ ਜ਼ਹਿਰ ਖਾਣ ਨੂੰ ਕੋਈ ਪੈਸਾ ਨਹੀਂ ਸੀ। ਚੰਡੀਗੜ੍ਹ ਜਾਣ ਲਈ ਕਿਰਾਇਆ ਵੀ ਮੁਸ਼ਕਿਲ ਸੀ, ਵਕੀਲਾਂ ਨੂੰ ਦੇਣ ਲਈ ਪੈਸੇ ਕਿੱਥੋਂ ਲਿਆਉਂਦਾ? ਮੈਂ ਇਸ ਧੱਕੇਸ਼ਾਹੀ ਪ੍ਰਤੀ ਸਭ ਅਖ਼ਬਾਰਾਂ ਨੂੰ ਵੀ ਪੱਤਰ ਲਿਖੇ ਸਨ। ਕੁਝ ਅਖ਼ਬਾਰਾਂ ਨੇ ਮੇਰੇ ਪੱਤਰ ਛਾਪੇ ਵੀ ਸਨ। ਪਰ ਕਿਸੇ ਨੇ ਕੋਈ ਨੋਟਿਸ ਨਾ ਲਿਆ। ਚੁੱਪ ਹੀ ਕਰਨਾ ਸੀ, ਚੁੱਪ ਕਰਕੇ ਘਰ ਬਹਿ ਗਿਆ। ਮਾੜੇ ਤੇ ਕਮਜ਼ੋਰ ਦੇ ਚੰਗੇ ਗੁਣਾਂ ਨੂੰ ਕੋਈ ਨਹੀਂ ਪੁੱਛਦਾ ਪਰ ਰੱਜੇ-ਪੁੱਜੇ ਅਤੇ ਅਮੀਰ ਬੰਦੇ 'ਚ ਔਗੁਣ ਹੀ ਔਗੁਣ ਹੋਣ ਦੇ ਬਾਵਜੂਦ ਉਸਦੀ ਹਰ ਥਾਂ ਪੁੱਛ ਹੁੰਦੀ ਹੈ। ਮੈਂ ਸੋਚਦਾ -ਕਿਹਾ ਜਿਹਾ ਹੈ ਇਹ ਸਮਾਜ?

ਅਗਲੇ ਸਾਲ ਫਿਰ ਪ੍ਰਾਈਮਰੀ ਅਧਿਆਪਕਾਂ ਨੂੰ ਰੱਖਣ ਲਈ ਅਖ਼ਬਾਰਾਂ 'ਚ ਐਡ ਛਪੀ। ਕੁਝ ਅਧਿਆਪਕ ਬੀ. ਐਡ ਵੀ ਰੱਖਣੇ ਸਨ। ਪਰ ਪਹਿਲਾਂ ਈ. ਟੀ. ਟੀ. ਅਧਿਆਪਕਾਂ ਨੂੰ ਪਹਿਲ ਦੇਣੀ ਸੀ। ਮੈਂ ਪਹਿਲਾਂ ਤਾਂ ਅਪਲਾਈ ਕਰਨਾ ਚਾਹੁੰਦਾ ਨਹੀਂ ਸੀ। ਪ੍ਰੰਤੂ ਫਿਰ ਟੁੱਟੇ ਜਿਹੇ ਦਿਲ 'ਚ ਜੋਸ਼ ਆ ਗਿਆ ਤੇ ਅਪਲਾਈ ਕਰ ਹੀ ਦਿੱਤਾ। ਇਸ ਵਾਰ ਮੈਂ ਸਰਪੰਚ ਹਰਦੀਪ ਨਾਲ ਗੱਲ ਕੀਤੀ। ਸਰਪੰਚ ਸਾਹਿਬ, ਐਤਕੀ ਮੈਨੂੰ ਵੀ ਟੀਚਰ ਲੁਆ ਦਿਉ, ਥੋਡਾ ਗੁਣ ਨਹੀਂ ਭੁੱਲੂਗਾ ਸਾਰੀ ਉਮਰ।

ਉਸਨੇ ਮੈਨੂੰ ਸਪੱਸ਼ਟ ਕਰਦਿਆਂ ਕਿਹਾ - ਲੁਆ ਦੇਊਂਗਾ, ਪਰ ਮੈਂ ਕੰਤੀ ਤੇ ਡੂਢ ਲੱਖ ਖਰਚਿਆ- ਅਗਾਂਹ ਦੇਣ ਲਈ ਏਨਾ ਖ਼ਰਚ ਕਰ ਲਵੇਂਗਾ? ਜੇ ਖਰਚ ਕਰ ਲਵੇਂਗਾ ਤਾਂ ਹੋ ਜਾ ਤਿਆਰ। ਬੰਦਾ ਆਪਣੇ ਕੋਲ ਹੈਗਾ।

ਮੈਂ ਉਸ ਤੋਂ ਦੋ ਦਿਨਾਂ ਦੀ ਮੁਹਲਤ ਮੰਗੀ। ਮੈਂ ਘਰ ਆ ਕੇ ਆਪਣੀ ਮਾਂ ਨਾਲ ਸਲਾਹ ਵੀ ਕੀਤੀ। ਮੇਰੀ ਮਾਂ ਨੇ ਮੈਨੂੰ ਤੁਰੰਤ ਹਰੀ ਝੰਡੀ ਦੇ ਦਿੱਤੀ। ਉਸਨੇ ਮੈਨੂੰ ਹੌਂਸਲਾ ਦਿੰਦਿਆਂ ਕਿਹਾ - ਪੁੱਤਰ ਪਾਂਧਾ ਨਾ ਪੁੱਛ, ਨੌਕਰੀ ਲੱਗ ਕਿਵੇਂ ਲੱਗ - ਸਰਪੰਚ ਕੋਲ ਕਿੱਲਾ ਗਹਿਣੈ, 70 ਹਜ਼ਾਰ ਉਸਦਾ ਹੋਰ ਦੇਣੈ - ਉਹਨੂੰ ਕਹਿ ਕਿੱਲਾ ਈ ਲਿਖ ਲੈ।

ਮੈਂ ਮਾਂ ਦੀ ਆਗਿਆ ਤੋਂ ਬਿਨਾਂ ਵੀ ਦੋ ਦਿਨ ਹੋਰ ਸੋਚਦਾ ਰਿਹਾ। ਕਿਤੇ ਠੱਗੀ ਨਾ ਮਾਰ ਜਾਵੇ। ਫਿਰ ਸਰਪੰਚ ਦਾ ਕੀ ਕਰ ਲਊਂ ਮੈਂ। ਪਰ ਜੇ ਲਿਖਤ ਲਿਖਾਈਆ ਹੋ ਜੇ ਤਾਂ ਫਿਰ ਕਿੱਥੇ ਭੱਜੂ। ਜਾਂ ਕੋਈ ਮੁਹਤਵਰ ਬੰਦਾ ਸੰਨ੍ਹ 'ਚ ਲੈ ਲੈਂਨੇ।

ਕਾਫੀ ਸੋਚ ਵਿਚਾਰ ਕਰਨ ਪਿੱਛੋਂ ਮੈਂ ਸਰਪੰਚ ਨੂੰ ਅਗਲੇ ਦਿਨ 'ਹਾਂ' ਕਹਿ ਦਿੱਤੀ। ਸਰਪੰਚ ਨੂੰ ਮੈਂ ਕਿਹਾ - ਇੱਕ ਲੱਖ ਪੱਚੀ ਹਜ਼ਾਰ ਤੋਂ ਵੱਧ ਮੈਂ ਨਹੀਂ ਦੇਣੇ। ਬੱਸ ਏਨੇ ਹੀ ਮਨਜ਼ੂਰ ਕਰਨੇ। ਮੈਂ ਗਰੀਬ ਬੰਦਾ ਹਾਂ। ਮੈਂ ਤਾਂ ਜ਼ਮੀਨ ਵੇਚ ਕੇ ਦੇਣੈ। ਥੋੜਾ ਡੂਢ ਕੁ ਲੱਖ ਦੇਣੈ। ਜ਼ਮੀਨ ਦਾ ਰੇਟ ਤਿੰਨ ਲੱਖ ਐ। ਪੱਚੀ ਹਜ਼ਾਰ ਮੈਨੂੰ ਦੇ ਦਿਉ। ਗੱਲ ਆਪਣੀ ਪੱਕੀ।

"ਨਹੀਂ ਗੁਰਮੁਖਾ ਮੈਂ ਜ਼ਮੀਨ ਦਾ ਤਿੰਨ ਲੱਖ ਦਾ ਗਾਹਕ ਨਹੀਂ - ਢਾਈ ਲੱਖ ਤੋਂ ਵੱਧ ਮੈਂ ਦੇ ਨਹੀਂ ਸਕਦਾ। ਪੰਜਾਹ ਹਜ਼ਾਰ ਸਗੋਂ ਤੈਨੂੰ ਹੋਰ ਪੱਲਿਓਂ ਦੇਣਾ ਪਊਗਾ।" ਸਰਪੰਚ ਨੇ ਮੇਰੀਆਂ ਆਸਾਂ ਉੱਤੇ ਇੱਕ ਵੇਰ ਤਾਂ ਪਾਣੀ ਫੇਰ ਦਿੱਤਾ।

ਪਰ ਨੰਬਰਦਾਰ ਜੋਰਾ ਸਿੰਘ ਨੇ ਮੇਰੇ ਅਤੇ ਸਰੰਪਚ ਦਾ ਵਿਚੋਲਾ ਬਣ ਕੇ ਜ਼ਮੀਨ ਦਾ ਪੌਣੇ ਤਿੰਨ ਲੱਖ 'ਚ ਸੌਦਾ ਕਰਵਾ ਦਿੱਤਾ। ਸਰਪੰਚ ਵੱਲ ਇੱਕ ਲੱਖ ਪੱਚੀ ਹਜ਼ਾਰ ਵੱਧਦਾ ਸੀ। ਸਰਪੰਚ ਨਾਲ ਇਸ ਗੱਲ ਦਾ ਵੀ ਸਮਝੌਤਾ ਹੋ ਗਿਆ ਕਿ ਜਦ ਮੈਨੂੰ ਨੌਕਰੀ ਮਿਲ ਗਈ, 25 ਹਜ਼ਾਰ ਉਦੋਂ ਦੇ ਦਿਆਂਗਾ। ਸਰਪੰਚ ਨੇ ਕਚਹਿਰੀਆਂ ਜਾ ਕੇ ਜ਼ਮੀਨ ਦਾ ਇੱਕ ਕਿੱਲਾ ਬੈਅ ਕਰਵਾ ਲਿਆ। ਆਪਣੇ ਕੱਟ ਕੇ ਬੱਚਦੇ ਪੈਸੇ ਇੱਕ ਲੱਖ ਪੱਚੀ ਹਜ਼ਾਰ ਮੈਨੂੰ ਚੁੱਕਤਾ ਕਰ ਦਿੱਤੇ। ਸਵਾ ਲੱਖ ਮੇਰੇ ਹੱਥ ਫੜਾਉਂਦਿਆਂ ਉਸਨੇ ਕਿਹਾ, 'ਆਪਣਾ ਸਾਬ ਕਲੀਅਰ। ਦੂਜਾ ਫੇਰ ਸਮਝਾਂਗੇ।'

ਹਿਸਾਬ ਮੁਤਾਬਕ ਇਹ ਸਵਾ ਲੱਖ ਵੀ ਉਸਨੇ ਵੱਢੀ ਦੇਣ ਲਈ ਰੱਖਣਾ ਸੀ, ਪਰ ਜਦ ਕਚਹਿਰੀਆਂ 'ਚ ਉਸਨੇ ਇਹ ਮੈਨੂੰ ਫੜਾ ਦਿੱਤੇ ਤਾਂ ਮੈਨੂੰ ਉਸਦੀ ਇਸ ਗੱਲ ਤੇ ਹੈਰਾਨੀ ਹੋਈ - ਮੇਰਾ ਉਦੋਂ ਹੀ ਮੱਥਾ ਠਣਕਿਆ ਸੀ - "ਲੱਗਦੈ ਧੋਖਾ ਕਰ ਗਿਆ ਸਰਪੰਚ। ਢੰਗ ਨਾਲ ਹੀ ਜ਼ਮੀਨ ਬੈਅ ਕਰਵਾ ਗਿਆ। ਸੋਚਦਾ ਹੋਊ ਇਹਨਾਂ ਮਲੰਗਾਂ ਤੋਂ ਮੈਂ ਕਿੱਥੋਂ ਕਢਾਊ ਨੋਟ। ਮਸਾਂ ਮੁਰਗੀ ਹੱਥ ਆਈ ਐ, ਮਰੋੜ ਲਓ ਹੁਣੇ ਈ। ਜੋ ਮੈਂ ਅਚਾਨਕ ਉਦੋਂ ਸੋਚਿਆ ਸੀ ਤਾਂ ਬਾਅਦ ਵਿਚ ਮੇਰੀ ਉਹ ਸੋਚ ਠੀਕ ਹੀ ਨਿਕਲੀ। ਮੈਂ ਉਸਨੂੰ ਅਗਲੇ ਦਿਨ ਉਹ ਸਵਾ ਲੱਖ ਵੀ ਦੇ ਬੈਠਾ ਸਾਂ। ਮੇਰੀ ਸਿਲੈਕਸ਼ਨ ਨਾ ਹੋ ਸਕੀ। ਜਦ ਮੈਂ ਉਸਨੂੰ ਇਸ ਬਾਰੇ ਪੁੱਛਿਆ ਤਾਂ ਅੱਗੋਂ ਉਸਦਾ ਮੈਨੂੰ ਪ੍ਰੇਸ਼ਾਨ ਕਰਨ ਵਾਲਾ ਉੱਤਰ ਸੀ - ਬਈ ਮੈਂ ਤਾਂ ਜ਼ੋਰ ਬਥੇਰਾ ਲਾਇਐ - ਕੰਮ ਬਣਿਆ ਨਹੀਂ। ਜਿਸ ਬੰਦੇ ਨੂੰ ਪੈਸੇ ਦਿੱਤੇ ਸੀ, ਲੱਗਦੈ ਸਾਲਾ ਉਹ ਹੀ ਖਾ ਗਿਆ। ਅਗਾਂਹ ਨਹੀਂ ਦਿੱਤੇ ਹੋਣੇ।

ਮੇਰਾ ਦੂਜੀ ਵਾਰ ਫੇਰ ਮੱਥਾ ਠਣਕਿਆ ਅਤੇ ਦਿਲ ਦੀ ਧੜਕਨ ਦੀ ਰਫ਼ਤਾਰ ਹੋਰ ਤੇਜ਼ ਹੋ ਗਈ। ਬੈਠਿਆਂ-ਬੈਠਿਆਂ ਮੈਨੂੰ ਤਰੇਲੀ ਆ ਗਈ। ਮੂੰਹ ਮੇਰਾ ਸੁੱਕ ਗਿਆ। ਸਵਾ ਲੱਖ ਹੱਥੋਂ ਨਿਕਲਦਾ ਜਾਂਦਾ ਦੇਖ ਕੇ ਮੈਂ ਸਰਪੰਚ ਨੂੰ ਭਰੇ ਮਨ ਨਾਲ ਕਿਹਾ - ਚਲੋ ਨਹੀਂ ਤਾਂ ਨਾ ਸਹੀ - ਪਰ ਮੇਰੇ ਪੈਸੇ ਵਾਪਿਸ ਕਰ ਦਿਉ।

ਸਰਪੰਚ ਪੈਂਤੜਾ ਮਾਰਦਿਆਂ ਮੈਨੂੰ ਕਹਿਣ ਲੱਗਾ - ਕੋਸ਼ਿਸ਼ ਕਰੂੰਗਾ ਕੋਲਿਆਂ ਦੀ ਦਲਾਲੀ 'ਚ ਮੂੰਹ ਕਾਲਾ। ਮੈਂ ਤਾਂ ਆਪ ਫਸ ਗਿਐ - ਪਰਸੋਂ ਲਈਂ ਪਤਾ ਤੂੰ ....?

ਰਾਤ ਨੂੰ ਮੈਂ ਰੋਟੀ ਨਾ ਖਾਧੀ। ਮੈਨੂੰ ਨੀਂਦ ਨਾ ਆਵੇ। ਸਾਰੀ ਰਾਤ ਪਾਸੇ ਮਾਰਦਿਆਂ ਲੰਘ ਗਈ। ਅਗਲੇ ਦਿਨ ਮੈਂ ਨੰਬਰਦਾਰ ਜ਼ੋਰਾ ਸਿੰਘ ਨੂੰ ਵੀ ਸਾਰੀ ਕਹਾਣੀ ਦੱਸ ਆਇਆ। ਉਸਨੇ ਵੀ ਸਰਪੰਚ ਨਾਲ ਗੱਲ ਕੀਤੀ। ਦਿੱਤੇ ਸਮੇਂ ਮੁਤਾਬਕ ਮੈਂ ਤੇ ਨੰਬਰਦਾਰ ਸਰਪੰਚ ਕੋਲ ਚਲੇ ਗਏ। ਸਰਪੰਚ ਨੇ ਮੈਨੂੰ ਕੋਰਾ ਜਵਾਬ ਦਿੰਦਿਆ ਕਿਹਾ - "ਮੁਸ਼ਕਿਲ ਹੈ ਬਈ, ਹੁਣ ਨੀਂ ਦਿੰਦਾ ਉਹ। ਇਹੋ ਜਿਹਾ ਗੈਰ-ਕਾਨੂੰਨੀ ਕੰਮ ਤਾਂ ਸਿਰਫ਼ ਵਿਸ਼ਵਾਸ ਤੇ ਹੁੰਦੈ - ਜੇਕਰ ਕੋਈ ਬੇ-ਵਿਸ਼ਵਾਸੀ ਕਰ ਜਾਵੇ ਫਿਰ ਬੰਦਾ ਕੀ ਕਰੇ। ਹੁਣ ਤਾਂ ਮਿੱਤਰਾ ਇਹ ਪੈਸੇ ਤੇਰੇ ਡੁੱਬ ਗਏ ਲੱਗਦੈ। ਫਿਰ ਵੀ ਮੈਂ ਕੋਸ਼ਿਸ਼ ਕਰਾਂਗਾ।"

ਸਰਪੰਚ ਦੀ ਇਹ ਗੱਲ ਸੁਣ ਕੇ ਮੈਂ ਅਵਾਕ ਰਹਿ ਗਿਆ। ਮੈਨੂੰ ਗੁੱਸਾ ਵੀ ਆਇਆ ਸੀ, ਮੇਰਾ ਜੀਅ ਕਰੇ ਮੈਂ ਸਰਪੰਚ ਦੇ ਸਿਰ ਵਿਚ ਠੋਕਾਂ ਕੁਝ ਚੁੱਕ ਕੇ। ਏਨੇ ਨੂੰ ਮੇਰੀਆਂ ਅੱਖਾਂ



ਭਰ ਆਈਆਂ ਅਤੇ ਮੈਂ ਹੁਬਕੀ-ਹੁਬਕੀ ਰੋਣ ਲੱਗ ਪਿਆ। ਗਰੀਬ ਬੰਦੇ ਕੋਲ ਰੋਣ ਤੋਂ ਸਿਵਾਏ ਹੋਰ ਕੁਝ ਨਹੀਂ ਹੁੰਦਾ। ਔਖੇ ਵੇਲੇ ਜਾਂ ਤਾਂ ਉਹ ਗਾਲ੍ਹਾਂ ਕੱਢਦਾ ਜਾਂ ਰੋਵੇਗਾ। ਮੈਂ ਤੇ ਨੰਬਰਦਾਰ ਉਸ ਨਾਲ ਬਿਨਾਂ ਕੋਈ ਹੋਰ ਸੰਵਾਦ ਕੀਤੇ ਉਹਦੇ ਘਰੋਂ ਵਾਪਿਸ ਆ ਗਏ। ਮੈਂ ਆਪਣੇ ਆਪ ਨੂੰ ਕੋਸਦਾ, ਗਾਲ੍ਹਾਂ ਕੱਢਦਾ, ਬੜੀ ਮੁਸ਼ਕਿਲ ਨਾਲ ਘਰ ਪੁੱਜਿਆ। ਇੱਕ ਵਾਰ ਤਾਂ ਮੈਨੂੰ ਬਾਬੇ ਕਿਸ਼ਨ ਸਿੰਘ ਦੇ ਬੂਹੇ ਅੱਗੇ ਬਣੇ ਥੜ੍ਹੇ ਉੱਪਰ ਵੀ ਬਹਿਣਾ ਪਿਆ। ਅੱਖਾਂ ਮੂਹਰੇ ਭੰਬੂ ਤਾਰੇ ਨੱਚਣ ਲੱਗ ਪਏ, ਥੋੜ੍ਹਾ ਜਿਹਾ ਚੱਕਰ ਵੀ ਆ ਗਿਆ। ਪ੍ਰੇਸ਼ਾਨੀਆਂ ਦੇ ਦੌਰ ਵਿਚ ਇੱਕ ਹੋਰ ਪ੍ਰੇਸ਼ਾਨੀ ਆ ਰਲੀ ਸੀ। ਪ੍ਰੇਸ਼ਾਨੀਆਂ ਗਰੀਬਾਂ ਨੂੰ ਹੀ ਕਿਉਂ ਘੇਰਦੀਆਂ ਹਨ?

ਉਸ ਪਿੱਛੋਂ ਮੈਂ ਸਰਪੰਚ ਦੇ ਮੁੰਡੇ ਨਾਲ ਵੀ ਇਸ ਧੱਕੇ ਬਾਰੇ ਗੱਲ ਕੀਤੀ ਪਰ ਉਸਨੇ ਵੀ ਲਾਰਿਆਂ ਤੇ ਰੱਖਿਆ ਮੈਨੂੰ। ਮੈਨੂੰ ਇਹ ਪੂਰਾ ਵਿਸ਼ਵਾਸ ਹੋ ਗਿਆ ਸੀ ਕਿ ਸਰਪੰਚ ਨੇ ਅਗਾਂਹ ਕਿਸੇ ਨੂੰ ਇੱਕ ਪੈਸਾ ਵੀ ਨਹੀਂ ਦਿੱਤਾ ਸੀ। ਨਾ ਸਿੱਖਿਆ ਮੰਤਰੀ ਕੋਲ ਮੇਰੀ ਸਿਫਾਰਸ਼ ਹੀ ਕੀਤੀ ਸੀ। ਸਾਰੇ ਪੈਸੇ ਸਰਪੰਚ ਹੀ ਹੜੱਪ ਗਿਆ ਸੀ। ਮੈਨੂੰ ਗੁਰੇ ਤੋਂ ਪਤਾ ਲੱਗ ਗਿਆ ਸੀ। ਗੁਰਾ ਉਸਦੇ ਘਰ ਸੀਰੀ ਸੀ। ਜਿਸ ਦਿਨ ਮੈਂ ਸਰਪੰਚ ਨੂੰ ਗੁੱਸੇ 'ਚ ਇਹ ਸ਼ਬਦ ਕਹਿ ਕੇ ਆਇਆ ਸੀ - 'ਤੁਸੀਂ ਮੇਰੇ ਪੈਸੇ ਠੱਗ ਕੇ ਸਰਪੰਚ ਸਾਹਿਬ ਸੁਖੀ ਨਹੀਂ ਰਹਿਣਾ। ਫੁੱਟ-ਫੁੱਟ ਨਿਕਲਣਗੇ। ਥੋਨੂੰ ਗਰੀਬ ਦੀ ਹਾਅ ਨਾ ਮਾਰੀ ਤਾਂ ਕਹਿ ਦਿਉ। ਇਹ ਹਜ਼ਮ ਨਹੀਂ ਆਉਣੇ।" ਸਰਪੰਚ ਦੀ ਛਿੱਟ ਲਾਈ ਹੋਈ ਸੀ। ਉਸਦਾ ਪੁੱਤਰ ਵੀ ਕੋਲ ਸੀ। ਸੀਰੀ ਗੁਰਾ ਵੀ ਪਸ਼ੂਆਂ ਨੂੰ ਪੱਠੇ ਪਾਉਂਦਾ ਫਿਰਦਾ ਸੀ। ਸਰਪੰਚ ਨੇ ਮੈਨੂੰ ਗੰਦੀ ਗਾਲ੍ਹ ਕੱਢਦਿਆਂ ਕਿਹਾ ਸੀ - " ਜਾਹ ਜਾਹ ਖਾਧੈ - ਦੌੜ ਜਾਹ ਐਥੋਂ - ਨਹੀਂ ਹੁਣੇ ਦੇ ਦੇਊਂ ਧਨੇਸੜੀ - ਸਾਲਾ ਆਇਆ ਵੱਡਾ ਸੰਤ। ਤੇਰੇ ਵਰਗੇ ਵੀਹ ਦੇਖੇ ਮਲੰਗ ।"

ਉਸ ਰਾਤ ਗੁਰਾ ਮੈਨੂੰ ਸਾਰੀ ਰਾਮ ਕਥਾ ਦੱਸ ਗਿਆ ਸੀ। ਉਸਨੇ ਮੈਨੂੰ ਸਾਫ਼-ਸਾਫ਼ ਕਹਿ ਦਿੱਤਾ ਸੀ - ਦੇਵ ਸਿਆਂ! ਕੌਟਿਆ ਵਾਲੇ ਘਰੋਂ ਲੱਸੀ ਭਾਲਦੈ। ਤੇਰੇ ਪੈਸੇ ਸਰਪੰਚ ਨੇ ਹੀ ਖਾਧੈ - ਤੇਰੇ ਪਿੱਛੋਂ ਕਹਿੰਦਾ ਸੀ - ਏਹੋ ਜਿਹੇ ਵੀਹ ਮੇਰੀ ਦਾੜ੍ਹ ਹੇਠ ਆਏ ਐ - ਮੇਰੇ ਚੱਟੇ ਰੁੱਖ ਕਦੇ ਹਰੇ ਨਹੀਂ ਹੋਏ। ਸਾਲਿਆ ਤੂੰ ਕਿਹੜੇ ਬਾਗ ਦੀ ਮੂਲੀ ਐਂ। ਅਸੀਂ ਤੇਰੇ ਵਰਗੇ ਵੀਹ ਠੱਗੇ ਆ। ਬਾਈ ਸਿਆਂ ਉਸਨੇ ਮੇਰੇ ਨਾਲ ਕੇਹੜੀ ਘੱਟ ਕੀਤੀ ਆ। ਆਮ ਦੋ ਮਹੀਨੇ ਔਖੇ-ਸੌਖੇ ਕੱਢਣ, ਬਾਈ ਸਹੀ ਗੱਲ ਐ ਏਹੇ ਚੱਟੇ ਰੁੱਖ ਨਹੀਂ ਹਰੇ ਹੋਏ। ਮੇਰੇ ਜ਼ਿੰਮੇ ਸਣੇ ਵਿਆਜ ਦਸ ਹਜ਼ਾਰ ਕਰੀ ਬੈਠੇ। ਮੈਂ ਤਾਂ ਅਗਲੇ ਸਾਲ 'ਨੰਜਣ' ਕਾਲੀ ਕਿਆ ਨਾਲ ਕੀਤੀ ਐ ਗੱਲ। ਉਹ ਮੋੜਣਗੇ ਮੇਰੇ ਪੈਸੇ। ਮੇਰੇ ਤਾਂ ਬਾਈ ਸਿਆਂ ਉਸਨੇ ਕੰਨਾਂ ਨੂੰ ਹੱਥ ਲੁਆ ਤੇ - ਮੈਂ ਨਾ ਮੁੜ ਕੇ ਵੜ ਗਿਆ ਇਹਨਾਂ ਦੇ ਘਰੇ। ਮੇਰੇ ਨਾਲ ਕੀ ਏਹਨੇ ਸਾਰੇ ਸੀਰੀਆਂ ਨਾਲ ਈ ਇਵੇਂ ਕੀਤੀ ਐ - ਤੈਨੂੰ ਕੀ ਬਖਸ਼ਣਾ ਸੀ ਏਹਨੇ ਧੀ ਦੇ ਯਾਰ ਨੇ। ਤੂੰ ਕਿੱਥੋਂ ਫਸ ਗਿਆ।"

ਮੇਰੀ ਮਾਂ ਮੇਰੇ ਕਾਰਨ ਅਤੇ ਪੈਸੇ ਕਾਰਨ ਬੀਮਾਰ ਰਹਿਣ ਲੱਗ ਪਈ। ਉਹ ਹਰ ਰੋਜ਼

ਸਵੇਰੇ ਸ਼ਾਮ ਸਰਪੰਚ ਨੂੰ ਗਾਲ੍ਹਾਂ ਕੱਢਦੀ - "ਬੰਦਿਆ ਤੇਰਾ ਕੱਖ ਨਾ ਰਹੇ - ਮੇਰੇ ਗਊ ਪੁੱਤ ਦੇ ਮੂੰਹੋਂ ਤੂੰ ਰੋਟੀ ਖੋਹੀ ਆ, ਦੂਣੇ ਹੋ ਕੇ ਨਿਕਲਣਗੇ। ਕਦੇ ਮੇਰੇ ਬਾਰੇ ਸੰਸਾ ਕਰਦੀ - 'ਵਿਚਾਰਾ ਇੰਨਾ ਪੜ੍ਹਿਆ ਵੀ, ਕੋਈ ਮੁੱਲ ਨਾ ਪਿਆ - ਭੁੱਖਾ ਪਿਆਸਾ ਰਹਿ ਕੇ ਪੜ੍ਹਿਆ - ਕਿਸੇ ਨੀ ਪੁੱਛਿਆ - ਜ਼ੋਰ ਵਾਲੇ ਲੁਆਗੇ ਆਪਦੇ ਪੁੱਤਾਂ ਧੀਆਂ ਨੂੰ .....।' ਕਦੇ ਰੱਬ ਦੇ ਪੁੱਤ ਪਿਟਦੀ ਕਦੇ ਸਰਕਾਰ ਦੇ। ਕੁਝ ਸਮੇਂ ਪਿੱਛੋਂ ਉਹ ਮਾਨਸਿਕ ਤੌਰ 'ਤੇ ਰੋਗੀ ਹੋ ਗਈ। ਅਵਲਾ-ਸਵਲਾ ਨਿਰਵਿਘਨ ਬੋਲੀ ਜਾਂਦੀ। ਸਾਰੀ-ਸਾਰੀ ਰਾਤ ਨਾ ਸੌਂਦੀ। ਖਾਣਾ ਪੀਣਾ ਛੱਡ ਗਈ। ਟੱਟੀ-ਪਿਸ਼ਾਬ ਦੀ ਸੁੱਧ-ਬੁੱਧ ਭੁੱਲ ਬੈਠੀ। ਇਲਾਜ ਮੈਂ ਕਰਵਾ ਨਹੀਂ ਸਕਦਾ ਸੀ। ਮੇਰੇ ਕੋਲ ਖੋਟਾ ਧੇਲਾ ਵੀ ਨਹੀਂ ਸੀ। ਕਿਸੇ ਨੇ ਮੇਰੀ ਇੱਕ ਪੈਸੇ ਦੀ ਮਦਦ ਨਾ ਕੀਤੀ। ਹਰਮੇਲ ਤਾਂ ਇੱਕ ਦਿਨ ਵੀ ਮਾਂ ਦਾ ਪਤਾ ਲੈਣ ਨਾ ਆਇਆ ਤੇ ਫਿਰ ਮੇਰੀ ਪਿਆਰੀ ਮਾਂ ਇੱਕ ਦਿਨ ਇਲਾਜ ਖੁਣੋਂ ਮਰ ਗਈ।

ਭੋਗ ਵਾਲੇ ਦਿਨ ਸਾਰੇ ਰਿਸ਼ਤੇਦਾਰ ਆਏ ਹੋਏ ਸਨ। ਭੋਗ ਪੈਣ ਪਿੱਛੋਂ ਲੱਗਭਗ ਸਾਰੇ ਆਪਣੇ-ਆਪਣੇ ਪਿੰਡਾਂ ਨੂੰ ਚਲੇ ਗਏ। ਜਦੋਂ ਸਾਰੇ ਚਲੇ ਗਏ ਤਾਂ ਹਰਮੇਲ ਅਤੇ ਕਿਰਨਜੀਤ ਮੇਰੇ ਕੋਲ ਆ ਕੇ ਬਹਿ ਗਏ। ਮੈਨੂੰ ਨਹੀਂ ਪਤਾ ਸੀ ਕਿ ਇਹ ਦੋਨੋਂ ਏਕਾ ਕਰਕੇ ਕੋਈ ਰਾਇ ਕਰੀ ਫਿਰਦੇ ਸਨ। ਹਰਮੇਲ ਨੇ ਚੁੱਪ ਤੋੜਦਿਆਂ ਮੈਨੂੰ ਸੰਬੋਧਿਤ ਹੋ ਕੇ ਕਹਿਣਾ ਸ਼ੁਰੂ ਕੀਤਾ - "ਦੇਖ ਬਾਈ! ਹੁਣ ਤੂੰ ਸਾਡਾ ਦੋਨਾਂ ਭੈਣ ਭਰਾਵਾਂ ਦਾ ਹਿੱਸਾ ਜੋ ਬਣਦੈ ਉਹ ਦੇ ਦੇ।" ਹਰਮੇਲ ਦੀ ਗੱਲ ਸੁਣ ਕੇ ਧਰਤੀ ਮੇਰੇ ਪੈਰਾਂ ਹੇਠੋਂ ਨਿਕਲ ਗਈ। ਮੇਰੇ ਤਨ ਮਨ ਨੂੰ ਅੱਗ ਲੱਗ ਗਈ। ਮੈਂ ਗੁੱਸੇ ਦੇ ਲਹਿਜੇ 'ਚ ਉੱਤਰ ਦਿੱਤਾ - ਆੜ੍ਹਤੀਆਂ ਅਤੇ ਬੈਂਕਾਂ ਦੇ ਚਾਰ ਸਾਲ ਦੇ ਪੈਸੇ ਖੜ੍ਹੇ ਆ - ਉਹ ਨਿੱਤ ਗੇੜੇ ਮਾਰਦੈ। ਬੈਂਕ ਨੇ ਮੇਰੇ ਵਾਰੰਟ ਕੱਢ ਰੱਖੇ ਆ। ਪਹਿਲਾਂ ਉਹ ਤਾਰ। ਬਾਕੀ ਜੋ ਬਚੇਗਾ ਉਹ ਆਪਾਂ ਵੰਡ ਲਾਂਗੇ - ਡੇਢ ਕਿੱਲਾ ਤੂੰ ਬੈਅ ਕਰਕੇ ਪੈਸੇ ਲੈ ਗਿਆ- ਫੇਰ ਵੀ ਅੱਧਾ ਕਿੱਲਾ ਵਧਦੈ। ਦੋ-ਦੋ ਕਨਾਲ ਵੰਡ ਲਾਂਗੇ।

ਨਹੀਂ ਨਹੀਂ ਬਾਈ ਜੀ - ਉਹ ਤਾਂ ਮੇਰਾ ਪਿਉ ਦੇ ਗਿਆ ਸੀ ਮੈਨੂੰ - ਨਾਲੇ ਇੱਕ ਕਿੱਲਾ ਤੂੰ ਨੀਂ ਵੇਚਿਆ। ਸੰਨੇ ਸੰਨ੍ਹ ਰਗੜਾ ਲਾ ਗਿਐ। ਆਹ ਘਰ ਚੋਂ, ਬੁਜ਼ੀ ਦੀ ਪੇਟੀ 'ਚੋਂ ਅਤੇ ਹੋਰ ਸਾਜ਼ੋ ਸਾਮਾਨ 'ਚ ਸਾਡਾ ਕੋਈ ਹਿੱਸਾ ਨਹੀਂ ਹੈ। ਦੱਸ ਭੈਣ ਕਿਰਨ ਨੂੰ ਕੀ ਮਿਲਿਆ? ਹਰਮੇਲ ਨੇ ਆਪਣਾ ਪੱਖ ਦੱਸ ਕੇ ਮੈਨੂੰ ਹੋਰ ਪ੍ਰੇਸ਼ਾਨ ਕਰ ਦਿੱਤਾ। ਮੈਂ ਕੁਝ ਬੋਲਣ ਲੱਗਾ ਹੀ ਸੀ ਕਿ ਕਿਰਨ ਬੋਲ ਪਈ - "ਦੇਖ ਵੀਰਾ! ਸਾਡਾ ਤਾਂ ਏਸ ਘਰ ਨਾਲ ਸੀ ਮੋਹ ਤੇਹ ਮਾਂ ਤੇ ਪਿਉ ਕਰਕੇ। ਉਹ ਹੁਣ ਨਹੀਂ ਰਹੇ ਤਾਂ ਹੁਣ ਅਸੀਂ ਏਥੇਂ ਕੀ ਲੈਣ ਆਉਣਾ। ਮੈਂ ਘਰ ਚੋਂ ਕੁਝ ਨਹੀਂ ਮੰਗਦੀ। ਜ਼ਮੀਨ 'ਚੋਂ ਜੋ ਮੇਰਾ ਹਿੱਸਾ ਬਣਦੈ ਉਹ ਮੈਨੂੰ ਦੇ ਦੇ।"

ਮੇਰੇ ਤਨ ਮਨ ਨੂੰ ਅੱਗ ਲੱਗ ਗਈ। 'ਆਹ ਰਿਸ਼ਤੇ' ਮੇਰੀਆਂ ਅੱਖਾਂ ਭਰ ਆਈਆਂ - ਥੋਡਾ ਲਹੂ ਕਿੰਨਾ ਸਫੈਦ ਹੋ ਗਿਆ - ਕਿਰਨ! ਭੈਣੇ ਮੇਰੀਏ - ਤੁਸੀਂ ਦੋਨੋਂ ਮੈਥੋਂ ਵੱਡੇ ਓ - ਜਾਓ ਸਾਰੀ ਥੋਨੂੰ ਛੱਡੀ। ਦੇਖੀ ਜਾਊ ਮੇਰੇ ਨਾਲ ਜੋ ਬੀਤੂ। ਮੈਂ ਆਪਣੀਆਂ ਆਪੇ



ਨਬੇੜੂ।"

"ਨਹੀਂ ਵੀਰਾ ਅਸੀਂ ਤੇਰਾ ਹਿੱਸਾ ਕਿਉਂ ਲਈਏ। ਆਵਦੈ ਛੱਡਦੇ ਨਹੀਂ।" ਕਿਰਨ ਨੇ ਕੋਈ ਸ਼ਰਮ ਮਹਿਸੂਸ ਨਾ ਕੀਤੀ।

ਕਈ ਦਿਨ ਕਸ਼ਮਕਸ਼ ਹੁੰਦੀ ਰਹੀ। ਪਰ ਕੁਝ ਸਮੇਂ ਬਾਅਦ ਹਰਮੇਲ ਅਤੇ ਕਿਰਨ 10 ਕਨਾਲਾਂ 13 ਮਰਲੇ ਜ਼ਮੀਨ ਸਰਪੰਚ ਹਰਦੀਪ ਸਿੰਘ ਨੂੰ ਵੇਚ ਗਏ। ਦਸ ਮਰਲਿਆਂ 'ਚ ਮੇਰੇ ਕੋਲ ਇੱਕ ਛੋਟਾ ਜਿਹਾ ਘਰ ਸੀ। ਦੋ ਕਮਰੇ ਸਨ। ਹਰਮੇਲ ਪੰਜ ਮਰਲੇ ਤੇ ਇੱਕ ਕਮਰਾ ਮੇਰੇ ਗੁਆਂਢੀ ਕਰਮ ਸਿੰਘ ਨੂੰ ਵੇਚ ਕੇ ਮੇਰੇ ਨਾਲੋਂ ਹੀ ਨਹੀਂ ਸਗੋਂ ਪਿੰਡ ਨਾਲੋਂ ਵੀ ਨਾਤਾ ਤੋੜ ਗਿਆ। ਦੋਨਾਂ ਲਈ ਮੈਂ ਮਰ ਗਿਆ। ਮੇਰੇ ਲਈ ਦੋਨੋਂ ਮਰ ਗਏ।

ਕਈ ਦਿਨ ਮੇਰਾ ਜੀਅ ਨਹੀਂ ਲੱਗਿਆ। ਮੈਂ ਪੂਰੀ ਤਰ੍ਹਾਂ ਇਕੱਲਾ ਰਹਿ ਗਿਆ ਸਾਂ। ਨਾ ਦਿਨੇ ਚੈਨ ਆਉਂਦੀ ਸੀ ਨਾ ਰਾਤ ਨੂੰ। ਹਰ ਸਮੇਂ ਚਿੱਤ ਨੂੰ ਚਿਤਵਨੀ ਲੱਗੀ ਰਹਿੰਦੀ ਸੀ। ਘਰੇ ਨਾ ਆਟਾ ਸੀ ਨਾ ਦਾਣੇ। ਲੂਣ-ਮਿਰਚ ਮਸਾਲਾ ਅਤੇ ਖੰਡ ਚਾਹ ਪੱਤੀ ਕੁਝ ਵੀ ਨਹੀਂ ਸੀ ਘਰੇ। ਆੜ੍ਹਤੀਆਂ ਦਾ ਵਿਆਜੂ ਪੈਸਾ ਵੱਧ ਕੇ ਲੱਖ ਨੂੰ ਪੁੱਜ ਗਿਆ ਸੀ, ਸਹਿਕਾਰੀ ਬੈਂਕ ਤੋਂ ਲਏ ਕਰਜ਼ੇ ਤੇ ਵਿਆਜ ਜੁੜ ਕੇ 30 ਹਜ਼ਾਰ ਤੋਂ ਟੱਪ ਗਿਆ ਸੀ। ਮੈਨੂੰ ਵੀ ਆਪਣੀ 5 ਕਨਾਲਾਂ 7 ਮਰਲੇ ਜ਼ਮੀਨ ਉਸੇ ਠੱਗ ਸਰਪੰਚ ਨੂੰ ਵੇਚਣ ਲਈ ਮਜਬੂਰ ਹੋਣਾ ਪਿਆ ਸੀ। ਕੀ ਕਰਦਾ ਹੋਰ ਕੋਈ ਰਸਤਾ ਹੀ ਨਹੀਂ ਬਚਿਆ ਸੀ। ਆੜ੍ਹਤੀਏ ਹੰਸਰਾਜ ਨੇ ਵੀ ਪੁਲਸ ਨੂੰ ਫੜਾਉਣ ਦੀ ਧਮਕੀ ਦਿੱਤੀ ਹੋਈ ਸੀ। ਸਹਿਕਾਰੀ ਬੈਂਕ ਨੇ ਅਦਾਲਤ ਰਾਹੀਂ ਮੇਰੇ ਵਾਰੰਟ ਕਢਾ ਦਿੱਤੇ ਸਨ। ਮੇਰੇ ਘਰ ਅੱਗੇ ਅਦਾਲਤ ਦਾ ਮੁਲਾਜ਼ਮ ਕੁਰਕੀ ਦੀ ਨੋਟਿਸ ਲਾ ਗਿਆ ਸੀ। ਮੈਂ ਜ਼ਮੀਨ ਵੇਚ ਕੇ ਇੱਕ ਲੱਖ 87 ਹਜ਼ਾਰ ਵੱਟੇ ਸਨ। ਆੜ੍ਹਤੀਏ ਹੰਸਰਾਜ ਅਤੇ ਬੈਂਕ ਦਾ ਇੱਕ ਲੱਖ 37 ਹਜ਼ਾਰ ਭਰਨਾ ਪਿਆ। ਮੇਰੇ ਕੋਲ ਪੰਜਾਹ ਹਜ਼ਾਰ ਬਚ ਗਏ ਸਨ। ਮੇਰੇ ਕੋਲ ਇੱਕ ਮੱਝ ਤੋਕੜ ਸੀ, ਉਹ ਵੀ ਮੈਂ 4500 ਰੁਪਏ ਦੀ ਵੇਚ ਦਿੱਤੀ। ਘਰੇ ਕੁਝ ਵੀ ਨਹੀਂ ਸੀ। ਥੋੜ੍ਹਾ ਬਹੁਤਾ ਰਸਦ ਪਾਣੀ ਲਿਆਂਦਾ। ਘਰ ਤੋਰਨਾ ਪੈਣਾ ਸੀ।

ਮੈਂ ਕਈ ਥਾਈਂ ਕੰਮ ਲੱਭਿਆ। ਜਦ ਕਿਧਰੇ ਕੋਈ ਧੰਦਾ ਨਾ ਮਿਲਿਆ ਤਾਂ ਅਖੀਰ ਥੱਕ ਹਾਰ ਕੇ ਮੈਂ ਇੱਕ ਭੱਠੇ ਤੇ ਮੁਨੀਮ ਲੱਗ ਗਿਆ। ਭੱਠਾ ਮਾਲਕ ਮੈਨੂੰ ਸੱਤ ਸੌ ਰੁਪਏ ਪ੍ਰਤੀ ਮਹੀਨਾ ਦਿੰਦਾ ਸੀ। ਦੋ ਕੁ ਮਹੀਨੇ ਬਾਅਦ ਮੈਂ ਬੀਮਾਰ ਹੋ ਗਿਆ। ਬੀਮਾਰ ਤਾਂ ਮੈਂ ਨੌਂ ਦਸ ਮਹੀਨਿਆਂ ਤੋਂ ਸੀ। ਖਾਣ-ਪੀਣ ਨੂੰ ਘਰੇ ਕੁਝ ਨਹੀਂ ਸੀ, ਨਾ ਦੁੱਧ ਨਾ ਘਿਉ। ਉਮਰ ਮੁਤਾਬਕ ਮੈਨੂੰ ਖ਼ੁਰਾਕ ਦੀ ਪੂਰੀ ਜ਼ਰੂਰਤ ਸੀ, ਉਹ ਮਿਲਦੀ ਨਹੀਂ ਸੀ। ਮੈਨੂੰ ਖੰਘ ਰਹਿਣ ਲੱਗ ਪਈ। ਜ਼ਮੀਨ ਵੇਚਣ ਤੋਂ ਬਾਅਦ ਭਾਵੇਂ ਮੇਰੇ ਕੋਲ ਕੁਝ ਰੁਪਏ ਸਨ, ਪਰ ਖਰਚਣ ਨੂੰ ਜੀਅ ਨਹੀਂ ਕਰਦਾ ਸੀ। ਸੋਚਦਾ ਸਾਂ ਜੇ ਇਹ ਖਰਚੇ ਗਏ ਫਿਰ ਕੀ ਕਰਾਂਗਾ। ਮੇਰੀ ਖੰਘ ਨਾ ਹਟੀ, ਲਗਾਤਾਰ ਵਧਦੀ ਗਈ। ਕੁਝ ਸਮੇਂ ਬਾਅਦ ਮੈਨੂੰ ਗਲੇ ਤੇ ਖੰਘ ਕਾਰਨ ਥੋੜ੍ਹਾ-ਥੋੜ੍ਹਾ ਬੁਖਾਰ ਰਹਿਣ ਲੱਗ ਪਿਆ। ਹੌਲੀ-ਹੌਲੀ ਅਜਿਹਾ ਦਿਨ ਆ ਗਿਆ ਕਿ ਮੈਨੂੰ

ਤੁਰਨਾ-ਫਿਰਨਾ ਮੁਸ਼ਕਿਲ ਹੋ ਗਿਆ। ਮੈਂ ਭੱਠੇ ਤੇ ਮਸਾਂ ਜਾਂਦਾ। ਕੰਮ ਧੰਦਾ ਕਰਦਿਆਂ ਮੈਨੂੰ ਖੰਘ ਛਿੜ ਪੈਂਦੀ। ਭੱਠੇ ਦੇ ਮਾਲਕ ਲਾਲਾ ਰੇਤੂ ਰਾਮ ਨੂੰ ਚਿੰਤਾ ਹੋ ਗਈ ਕਿ ਏਹਨੂੰ ਤਾਂ ਟੀ.ਬੀ. ਲੱਗਦੀ ਹੈ - ਇਹ ਤਾਂ ਸਾਨੂੰ ਵੀ ਬੀਮਾਰ ਕਰੂ। ਸਾਰਾ ਦਿਨ ਖੰਘਦਾ ਰਹਿੰਦਾ ਹੈ। ਥਾਂ-ਥਾਂ ਖੰਘਰ ਸੁੱਟੀ ਜਾਂਦਾ ਹੈ। ਇਹ ਸੋਚ ਕੇ ਉਸਨੇ ਮੈਨੂੰ ਕੰਮ ਤੋਂ ਜਵਾਬ ਦੇ ਦਿੱਤਾ।

ਮੈਂ ਜੀਵਨ ਤੋਂ ਬਹੁਤ ਨਿਰਾਸ਼ ਹੋ ਚੁੱਕਾ ਸਾਂ। ਮੇਰਾ ਜੀਅ ਕਰਦਾ ਇਹੋ ਜਿਹੇ ਜੀਵਨ ਨਾਲੋਂ ਮੌਤ ਚੰਗੀ। ਇਕ ਦਿਨ ਮੈਂ ਜ਼ਹਿਰ ਖਾਣ ਦਾ ਫੈਸਲਾ ਕਰ ਲਿਆ। ਮੈਂ ਜੀਵਨ-ਮੌਤ ਦਵੰਦ ਵਿਚ ਫਸਿਆ ਸ਼ਹਿਰੋਂ ਦਵਾਈ ਲੈਣ ਲੱਗ ਪਿਆ। ਟੈਸਟ ਕਰਨ ਪਿੱਛੋਂ ਪਤਾ ਲੱਗਿਆ ਮੈਨੂੰ ਤਾਂ ਸੱਚਮੁਚ ਟੀ.ਬੀ. ਹੋ ਗਈ ਸੀ। ਡਾਕਟਰ ਨੇ ਛੇ ਮਹੀਨੇ ਆਰਾਮ ਕਰਨ ਲਈ ਕਿਹਾ। ਦਵਾਈ ਕਾਫ਼ੀ ਮਹਿੰਗੀ ਸੀ। ਦਵਾਈ ਨਾਲ ਚੰਗੀ ਖ਼ੁਰਾਕ ਦੀ ਵੀ ਲੋੜ ਸੀ। ਜੋ ਮੈਂ ਪੂੰਜੀ ਬਚਾ ਕੇ ਰੱਖੀ ਸੀ ਉਹ ਵੀ ਮੇਰੀ ਬੀਮਾਰੀ ਤੇ ਖਰਚ ਹੋ ਗਈ। ਮੇਰਾ ਰੰਗ ਕਾਲਾ ਸਵਾਹ ਹੋ ਗਿਆ। ਮੈਂ ਸੁੱਕ ਕੇ ਕਾਨੇ ਵਾਂਗ ਹੋ ਗਿਆ ਸਾਂ। ਕਰੰਗ ਲੱਗਦਾ ਸਾਂ। ਮੇਰੀਆਂ ਅੱਖਾਂ ਬਾਹਰ ਨੂੰ ਨਿਕਲ ਆਈਆਂ ਸਨ। ਗੱਲ੍ਹਾਂ ਹੱਡੀਆਂ 'ਚ ਧਸ ਗਈਆਂ ਸਨ। ਸਿਰ ਅਤੇ ਦਾੜ੍ਹੀ ਦੇ ਵਾਲ ਝੜ ਗਏ ਸਨ। ਮੇਰੀਆਂ ਬਾਹਾਂ ਅਤੇ ਲੱਤਾਂ ਸੁੱਕ ਗਈਆਂ ਸਨ। ਜਵਾਨੀ 'ਚ ਹੀ ਕੁੱਬ ਨਿਕਲ ਆਇਆ ਸੀ। ਇਸ ਸਮੇਂ ਮੈਨੂੰ ਸੋਝੀ ਹੋਈ ਕਿ ਗਰੀਬੀ ਬੰਦੇ ਨੂੰ ਕਿਵੇਂ ਖਾ ਜਾਂਦੀ ਹੈ।

ਦਵਾਈ ਲੈਣ ਨਾਲ ਮੈਂ ਮਰਨੋਂ ਤਾਂ ਬਚ ਗਿਆ। ਦੁਬਾਰਾ ਨੌਕਰੀ ਦੀ ਤਲਾਸ਼ ਕਰਨ ਲੱਗਾ। ਪਿੰਡ ਵਿਚ ਇੱਕ ਖੋਲ੍ਹੇ ਗਏ ਮਾਡਲ ਸਕੂਲ ਵਿਚ ਮੈਂ ਪੰਜ ਸੌ ਰੁਪਏ ਪ੍ਰਤੀ ਮਹੀਨਾ ਟੀਚਰ ਲੱਗ ਗਿਆ। ਹਜ਼ਾਰ ਕੁ ਰੁਪਏ ਮੈਂ ਟਿਊਸ਼ਨਾਂ ਦੇ ਬਣਾ ਲੈਂਦਾ ਸਾਂ। ਜ਼ਿੰਦਗੀ ਦੀ ਗੱਡੀ ਫਿਰ ਰਿੜ੍ਹਨ ਲੱਗ ਪਈ। ਮੈਂ ਕਿਸੇ ਦੇ ਘਰ ਨਾ ਜਾਂਦਾ ਸੀ ਨਾ ਮੇਰੇ ਘਰ ਕੋਈ ਆਉਂਦਾ ਸੀ। ਕਾਲਜ ਵਿਚ ਇੱਕ ਦੋ ਜਿਹੜੇ ਯਾਰ ਸਨ, ਉਹ ਕਾਲਜ ਛੱਡਣ ਤੋਂ ਬਾਅਦ ਕਦੇ ਵੀ ਨਹੀਂ ਮਿਲੇ ਸਨ। ਸਕੂਲ 'ਚ ਮੈਂ ਚਾਹ ਨਹੀਂ ਪੀਂਦਾ ਸਾਂ। ਪੰਜ ਸੌ ਤਾਂ ਕੁੱਲ ਮਿਲਦੇ ਸਨ। ਚਾਹ ਦੇ ਉਹ ਸੌ ਮੰਗਦੇ ਸਨ। ਸੌ ਦੇ ਕੇ ਪਿੱਛੇ ਮੇਰੇ ਕੋਲ ਕੀ ਰਹਿ ਜਾਣਾ ਸੀ। ਚਾਹ ਮੈਂ ਘਰੇ ਪੀਂਦਾ, ਉਹ ਵੀ ਜੇ ਜੀਅ ਕਰਦਾ ਤਾਂ ਬਣਾ ਲੈਂਦਾ ਵਰਨਾ ਉਵੇਂ ਡੰਗ ਲਾ ਲੈਂਦਾ। ਸਕੂਲ 'ਚ ਸਾਰਾ ਦਿਨ ਛੋਟੇ-ਛੋਟੇ ਬੱਚਿਆਂ ਨਾਲ ਭਕਾਈ ਮਾਰਨੀ ਪੈਂਦੀ। ਦੋ ਮਿੰਟ ਵੀ ਆਰਾਮ ਨਹੀਂ ਕਰਨ ਦਿੰਦਾ ਸੀ ਪ੍ਰਿੰਸੀਪਲ। ਕੋਈ ਗੱਲ ਹੋ ਜਾਣੀ ਤਾਂ ਝਿੜਕਾਂ ਵੱਖ ਦਿੰਦਾ। ਬੇਇੱਜ਼ਤੀ ਕਰਦਾ। ਮੈਂ ਚੁੱਪਚਾਪ ਸੁਣਦਾ ਰਹਿੰਦਾ। ਮੈਨੂੰ ਅਹਿਸਾਸ ਹੁੰਦਾ ਗਰੀਬ ਬੋਲਦਾ ਕਿਉਂ ਨਹੀਂ? ਉਹਨੇ ਕੇਹੜੇ ਗੁਨਾਹ ਕੀਤੇ ਹੁੰਦੇ, ਉਹ ਕਿਉਂ ਹਰ ਸਮੇਂ ਦੂਜੇ ਦੇ ਅਹਿਸਾਨਾਂ ਹੇਠ ਦੱਬਿਆ ਰਹਿੰਦੈ? ਮੈਨੂੰ ਦਿੰਦੇ ਸਨ ਸਿਰਫ਼ ਪੰਜ ਸੌ ਰੁਪਏ। ਕੰਮ ਸਾਰਾ ਦਿਨ ਲੈਂਦੇ। ਰੋਹਬ ਵੱਖ ਛਾਂਟਦੇ। ਮੈਂ ਕਦੇ-ਕਦੇ ਆਪਣੇ ਆਪ ਨੂੰ ਲਾਹਨਤਾਂ ਪਾਉਂਦਾ। ਤੂੰ ਬੋਲਦਾ ਕਿਉਂ ਨਹੀਂ?

ਇੱਕ ਦਿਨ ਮੇਰੇ ਹੱਥੋਂ ਪੇਪਰ ਵੇਟ ਛੁੱਟ ਗਿਆ ਅਤੇ ਮੇਜ਼ ਉੱਪਰ ਪਿਆ ਸ਼ੀਸ਼ਾ ਟੁੱਟ



ਗਿਆ। ਉਸ ਦਿਨ ਪ੍ਰਿੰਸੀਪਲ ਕਹਾਉਂਦੇ ਸਿਰਫ਼ ਦਸ ਪੜ੍ਹੇ ਗੁਰਤੇਜ ਬਰਾੜ ਪੁੱਤਰ ਮਾਸਟਰ ਬਚਿੱਤਰ ਸਿੰਘ ਨੇ ਮੇਰੇ ਨਾਲ ਉਹ ਕੀਤੀ ਜਿਹੜੀ ਖੇਤ ਪਈ ਗੱਦੋਂ ਨਾਲ ਨਹੀਂ ਹੋ ਸਕਦੀ। ਮੈਂ ਉਦੋਂ ਹੀ ਅਸਤੀਫਾ ਦੇ ਕੇ ਆਪਣੇ ਘਰ ਆ ਗਿਆ। ਘਰ ਆ ਕੇ ਮੈਂ ਸੋਚਿਆ - ਮੈਂ ਬੋਲਿਆ ਕਿਉਂ ਨਹੀਂ? ਮੈਂ ਕਿਤੇ ਵੀ ਬੋਲਦਾ ਕਿਉਂ ਨਹੀਂ? ਗੂੰਗਾ ਕਿਉਂ ਬਣ ਜਾਂਦਾ ਹਾਂ। ਥਾਂ-ਥਾਂ ਤੋਂ ਬੇਇੱਜ਼ਤੀ ਕਿਉਂ ਕਰਾਉਂਨੈ। ਏਸ ਜ਼ਿੰਦਗੀ ਤੋਂ ਮਰੇ ਚੰਗੇ ਆ। ਇਕ ਵਾਰ ਫਿਰ ਆਤਮ ਹੱਤਿਆ ਕਰਨ ਦੀ ਵਿਉਂਤ ਬਣਾ ਲਈ।

ਅੱਧੀ ਰਾਤ ਤੱਕ ਮੈਂ ਤਾਰੇ ਗਿਣਦਾ ਰਿਹਾ ਅਤੇ ਆਤਮ ਹੱਤਿਆ ਦੀਆਂ ਵਿਉਂਤਾਂ ਕਰਦਾ ਰਿਹਾ। ਅੱਧੀ ਰਾਤੋਂ ਬਾਅਦ ਮੇਰੀ ਅਚਾਨਕ ਅੱਖ ਲੱਗ ਗਈ। ਥੋੜ੍ਹੇ ਸਮੇਂ ਬਾਅਦ ਹੀ ਮੈਨੂੰ ਸੁਪਨੇ ਵਿਚ ਭਾਰੀ ਇਕੱਠ ਨਜ਼ਰ ਆਉਣ ਲੱਗ ਪਿਆ। ਪਿੰਕੀ ਸੀ, ਹਰਦੇਵ ਸੀ, ਮੇਰਾ ਪਿਉ ਅਤੇ ਮਾਂ ਸਨ। ਸਰਪੰਚ ਹਰਦੀਪ ਵੀ ਸੀ। ਨੰਬਰਦਾਰ ਜੋਰਾ ਸਿੰਘ। ਸਰਪੰਚ ਦਾ ਪੁੱਤਰ ਰਿੰਪੀ ਅਤੇ ਉਸਦੀ ਧੀ ਕੰਤੀ ਵੀ ਸਨ। ਕਿਰਨ ਵੀ ਸੀ। ਪ੍ਰਿੰਸੀਪਲ ਗੁਰਤੇਜ ਵੀ ਸੀ। ਲੋਕ ਮੇਰੇ ਆਸੇ-ਪਾਸੇ ਖੜ੍ਹੇ ਜਿਵੇਂ ਤਮਾਸ਼ਾ ਵੇਖ ਰਹੇ ਹੋਣ। ਪਿੰਕੀ - ਹਰਮੇਲ - ਸਰਪੰਚ - ਕਿਰਨ - ਰਿੰਪੀ - ਸਭਦੇ ਹੱਥਾਂ ਵਿਚ ਛੁਰੀਆਂ ਸਨ। ਉਹ ਮੇਰੇ ਜਿਸਮ ਨੂੰ ਛੁਰੀਆਂ ਨਾਲ ਕੋਹ ਰਹੇ ਸਨ। ਮੈਂ ਉੱਚੀ-ਉੱਚੀ ਕਰਾਹ ਰਿਹਾ ਸੀ। ਇੱਕ ਪਾਸੇ ਮੇਰਾ ਪਿਉ ਸੁੰਗੜਿਆ ਖੜ੍ਹਾ ਸੀ, ਪਰ ਮੇਰੀ ਮਾਂ ਰੌਲਾ ਪਾ ਰਹੀ ਸੀ, "ਬਚਾਉ - ਮੇਰੇ ਪੁੱਤ ਨੂੰ ਬਚਾਉ - ਨਾ ਮਾਰੋ - ਏਹ ਤਾਂ ਗਊ ਐ, ਨਾ ਮਾਰੋ।" ਚੀਕ ਚਿਹਾੜੇ ਦੌਰਾਨ ਮੈਂ ਇਕਦਮ ਉਠ ਖੜ੍ਹਿਆ, ਜਦ ਅੱਖ ਖੁੱਲੀ ਤਾਂ ਦਿਨ ਚੜ੍ਹਿਆ ਪਿਆ ਸੀ। ਨਿੰਮ ਤੇ ਚਿੜੀਆਂ ਚੀਂਚੀਂ ਕਰ ਰਹੀਆਂ ਸਨ। ਪੂਰਬ 'ਚ ਲਾਲੀ ਉੱਗ ਆਈ ਸੀ। ਮਿੱਠੀ-ਮਿੱਠੀ ਨਿੰਮੀ-ਨਿੰਮੀ ਹਵਾ ਚੱਲ ਰਹੀ ਸੀ। ਮੈਂ ਅੰਗੜਾਈ ਲੈ ਕੇ ਉਠਿਆ। ਦੁੱਧ ਬਾਹਰ ਕਿੱਲੀ ਨਾਲ ਟੰਗਿਆ ਹੋਇਆ ਸੀ। ਦੁੱਧ ਲਾਹ ਕੇ ਮੈਂ ਪਤੀਲੀ 'ਚ ਪਾ ਲਿਆ। ਚੁੱਲ੍ਹੇ ਅੱਗ ਬਾਲ ਕੇ ਚਾਹ ਧਰ ਦਿੱਤੀ। ਚਾਹ ਬਣਾਉਂਦਿਆਂ ਮੈਨੂੰ ਲੱਗਿਆ ਜਿਵੇਂ ਮੇਰੀ ਮਾਂ ਕਹਿ ਰਹੀ ਹੋਵੇ- "ਕੋਈ ਨੀਂ ਪੁੱਤਰ! ਦਿਲ ਨਹੀਂ ਛੱਡੀਦਾ। ਕਦੇ ਤਾਂ ਮੁੱਕਣਗੇ ਇਹ ਦੁੱਖਾਂ ਭਰੇ ਦਿਨ। ਕਦੇ ਤਾਂ ਆਊ ਠੰਡੀ ਹਵਾ ਦਾ ਬੁੱਲਾ। ਸਦਾ ਇਹ ਦਿਨ ਨਹੀਂ ਰਹਿਣੇ।" ਪਿੱਛੇ ਮੁੜ ਕੇ ਦੇਖਿਆ ਤਾਂ ਕੋਈ ਨਹੀਂ ਸੀ। ਏਨੇ ਨੂੰ ਚਾਹ ਉੱਬਲ ਆਈ ਸੀ। ਮੈਂ ਪਤੀਲੀ ਚੁੱਲ੍ਹੇ ਤੋਂ ਲਾਹੀ,ਚਾਹ ਪੁਣੀ ਅਤੇ ਸੜ੍ਹਾਕੇ ਮਾਰ ਕੇ ਪੀਣ ਲੱਗ ਪਿਆ। ਚਾਹ ਪੀਂਦਿਆਂ ਮੈਨੂੰ ਅਜੀਬ ਜਿਹਾ ਆਨੰਦ ਆ ਗਿਆ ਸੀ। ਮੈਨੂੰ ਲੱਗਿਆ - 'ਜ਼ਿੰਦਗੀ ਤੋਂ ਹਾਰ ਮੰਨ ਕੇ ਕੀ ਮਿਲੂ? ਜੇ ਜਿਉਣਾ ਹੈ ਕੁਝ ਤਾਂ ਕਰਨਾ ਪਵੇਗਾ।' ਚਾਹ ਪੀਣ ਪਿੱਛੋਂ ਮੈਂ ਪਤੀਲੀ, ਗਲਾਸ ਅਤੇ ਚਾਹ ਪੌਣੀ ਸੁਆਹ ਨਾਲ ਮਾਂਜ ਕੇ, ਉਹਨਾਂ ਨੂੰ ਭਾਂਡਿਆਂ ਵਾਲੀ ਟੋਕਰੀ 'ਚ ਟਿਕਾ ਕੇ ਆਪਣੇ ਆਪ ਨੂੰ ਕਿਹਾ - "ਚੱਲ ਬਈ ਹਰਦੇਵ ਸਿਆਂ, ਅੱਜ ਕਿਧਰੇ ਹੋਰ ਮਾਰਦੇ ਆਂ ਟਰਾਈ।" •

**(ਘੋਲੀਆ ਕਲਾਂ, ਮੋਗਾ)**

# ਆਲਣ

**ਜ਼ੋਰਾ ਸਿੰਘ ਸੰਧੂ**

ਅੜੇ-ਥੁੜੇ, ਚੰਗੇ-ਮਾੜੇ ਦਿਨੀਂ, ਅੰਮਾਂ ਹਰਨਾਮੀ ਸਦਾ ਉਹਦੇ ਕੰਮ ਆਈ ਸੀ। ਜਦੋਂ ਕਦੇ ਵੀ ਉਹਨੂੰ ਕਿਸੇ ਚੀਜ਼ ਵਸਤ ਦੀ ਲੋੜ ਪਈ ਸੀ, ਉਹ ਅੰਮਾਂ ਕੋਲੋਂ ਇਉਂ ਲੈ ਆਇਆ ਕਰਦੀ ਸੀ ਜਿਵੇਂ ਸ਼ਾਇਦ ਉਹ ਆਪਣੀ ਮਾਂ ਤੋਂ ਵੀ ਨਾ ਲਿਆ ਸਕਦੀ। ਅੰਮਾਂ ਉੱਤੇ ਜਿਵੇਂ ਉਹਦਾ ਧੀਆਂ ਵਾਲਾ ਜ਼ੋਰ ਹੋਵੇ।

ਅੰਮਾਂ ਦਾ ਗਹੀਰਾ ਲਾਉਣਾ ਹੋਵੇ, ਤਾਂ ਤੇਜੋ। ਅੰਮਾਂ ਦੀਆਂ ਪਾਥੀਆਂ ਢੋਣੀਆਂ ਹੋਣ ਤਾਂ ਤੇਜੋ। ਤੇਜੋ ਕੰਮ ਲੱਗੀ ਹੋਵੇ ਤਾਂ ਅੰਮਾਂ ਦੇ ਘਰ। ਅੰਮਾਂ ਦੇ ਖੇਤੀ ਤੇਜੋ ਵਿਹਲੀ ਬੈਠੀ ਹੋਵੇ ਤਾਂ ਅੰਮਾਂ ਦੇ ਕੋਲ। ਤੇ ਉਹਨੂੰ ਲੱਗਦਾ ਜਿਵੇਂ ਉਹ ਅੰਮਾਂ ਦੀ ਨੂੰਹ ਹੋਵੇ, ਅੰਮਾਂ ਦੀ ਧੀ ਹੋਵੇ।

ਅੰਮਾਂ ਦਾ ਪੀਹਣ ਬਣਾਉਂਦਿਆਂ ਉਹਨੇ ਸੁਣਿਆ, ਅੰਮਾਂ ਉਹਨੂੰ ਆਖ ਰਹੀ ਸੀ, ਕਿ ਆਉਂਦੇ ਸਾਲ ਜੇ ਉਨ੍ਹਾਂ ਨੇ ਸੀਰੀ ਰਲਾਇਆ ਤਾਂ ਭੱਲੂ ਤੋਂ ਬਿਨਾਂ ਹੋਰ ਕੌਣ ਹੋ ਸਕਦਾ ਸੀ। ਤੇ ਸੀਰੀ ਬਿਨਾਂ ਭੱਲੂ ਦੀਆਂ ਅਕਸਰ ਦਿਹਾੜੀਆਂ ਮਾਰੀਆਂ ਜਾਂਦੀਆਂ ਸਨ ਤੇ ਉਹਨਾਂ ਵੀ ਐਤਕੀਂ ਸੀਰੀ ਰਲਣਾ ਹੀ ਤਾਣ ਲਿਆ ਸੀ ਕਿ ਉਹਦੀਆਂ ਸਾਲ ਭਰ ਦੀਆਂ ਦਿਹਾੜੀਆਂ ਪੱਕੀਆਂ ਹੋ ਜਾਣ। ਸੀਰੀ ਰਲਣ ਨਾਲ, ਬਾਰਾਂ ਮਹੀਨੇ ਤੀਹ ਦਿਨ ਉਹਨੂੰ ਕੰਮ ਮਿਲਦੇ ਰਹਿਣਾ ਸੀ ਤੇ ਉਹਨੂੰ ਤੇਜੋ ਨੇ ਆਖ ਦਿੱਤਾ ਸੀ, "ਅੰਮਾਂ ਪਹਿਲ ਥੋਡੀ"

ਤੇ ਅੰਮਾਂ ਨੇ, ਭੱਲੂ ਨੂੰ ਦੂਜੇ ਘਰ ਵੱਲ ਨਹੀਂ ਸੀ ਵੇਖਣ ਦਿੱਤਾ।

ਤੇ ਭੱਲੂ ਨੂੰ ਸੀਰ ਦੁਆ ਕੇ, ਪੁਰਾਣੀ ਹੋ ਕੇ ਵੀ ਤੇਜੋ ਅੰਮਾਂ ਦੇ ਨੱਕੋ-ਮੂੰਹੋਂ ਨਹੀਂ ਸੀ ਲੱਥੀ।

ਪਿਛਲੇ ਸਾਲ ਵਾਂਗ ਹੀ ਉਹ ਅੰਮਾਂ ਕੇ ਨਰਮਾ ਚੁਣਵਾ ਰਹੀ ਸੀ। ਐਤਕੀਂ ਤਾਂ ਉਹ ਨਰਮਾ, ਉਹਦਾ ਆਪਣਾ ਸੀ। ਉਸ ਵਿਚ ਉਹਦਾ ਸੀਰ ਸੀ ਤੇ ਅੰਮਾਂ ਦਾ ਪੀਹਣ, ਗਹੀਰਾ, ਪਾਥੀਆਂ, ਖਿਚੜੀ ਵਾਸਤੇ ਬਾਜਰਾ ਛੱਟਣਾ, ਦਾਲਾਂ ਚੁਗਣਾ, ਹੋਰ ਤਾਂ ਹੋਰ ਐਤਕੀਂ ਤੇਜੋ ਨੇ ਅੰਮਾਂ ਦਾ ਗੋਹਾ-ਕੂੜਾ ਵੀ ਸਾਂਭ ਲਿਆ ਸੀ।

ਤੇ ਸਵੇਰ-ਸਵੇਰ ਉਹ ਗੋਹਾ-ਕੂੜਾ ਪਿੱਛੋਂ ਸੁੱਟਦੀ, ਪਹਿਲਾਂ ਨਰਮੇ ਵਾਲੇ ਖੇਤ ਪਹੁੰਚ ਜਾਂਦੀ। ਜਦੋਂ ਨੂੰ ਦੂਜੀਆਂ ਚੋਣੀਆਂ ਆਉਂਦੀਆਂ, ਉਹ ਨਰਮੇ ਦੀ ਇੱਕ ਝੋਲੀ ਲਾਹ ਵੀ ਚੁੱਕੀ ਹੁੰਦੀ। ਪਰ ਨਰਮੇ ਦੀਆਂ ਝੋਲੀਆਂ ਦੀਆਂ ਝੋਲੀਆਂ ਲਾਹ ਕੇ ਵੀ, ਹੁਣ ਉਨ੍ਹਾਂ ਨੂੰ ਪਹਿਲਾਂ ਵਰਗਾ ਸੁਆਦ ਨਾ ਆਉਂਦਾ। ਉਨ੍ਹਾਂ ਦਾ ਦਿਲ ਰਾਜ਼ੀ ਨਾ ਹੁੰਦਾ। ਉਨ੍ਹਾਂ ਦੇ ਪਿੰਡੀਂ ਹੁਣ ਰਿਵਾਜ ਵੀ ਕਿੰਨਾ ਪੁੱਠਾ ਪੈ ਗਿਆ ਸੀ। ਨਰਮ ਕਪਾਹ ਦੀ ਚੁਣਾਈ ਹੁਣ ਉਹ ਨਕਦ ਪੈਸਿਆਂ ਵਿਚ ਦੇਣ ਲੱਗ ਪਏ ਸਨ। ਦੋ ਰੁਪਏ ਪੰਜਾਹ ਪੈਸੇ ਪੰਸੇਰੀ। ਤੇ ਇਨ੍ਹਾਂ ਨਵੇਂ ਪੈਸਿਆਂ ਦਾ ਹੁਣ ਕੁਝ ਵੀ ਨਹੀਂ ਵੱਟੀਦਾ।

ਪਹਿਲਾਂ ਅੰਮਾਂ ਹਰਨਾਮੀ ਹੁਣੀਂ 'ਭੋਆ' ਦਿਆ ਕਰਦੀਆਂ ਸਨ। ਪੰਦਰਵਾਂ ਭੋਆ,



ਦਸਵਾਂ ਭੋਆ, ਪੰਜਵਾਂ ਭੋਆ, ਅੱਧੋ-ਅੱਧ ਤੇ ਅੰਤ ਸਭ ਕੁਝ ਚੋਣੀ ਦਾ। ਤੇ ਤੇਜੋ ਵਰਗੀਆਂ ਸਿਕਰੀਆਂ ਵਿਚੋਂ ਫੁੱਟੀਆਂ-ਫੜ-ਫੜ, ਰਹਿੰਦ-ਖੂੰਹਦ ਨੇ ਟੀਂਡੇ ਤੋੜ-ਤੋੜ, ਉਹ ਕੁਝ ਹੀ ਦਿਨਾਂ ਵਿਚ ਮਣ-ਮਣ ਕਪਾਹ ਇਕੱਠਾ ਕਰ ਲੈਂਦੀਆਂ ਸਨ ਤੇ ਜਦੋਂ ਉਹ ਭੋਏਂ ਵੰਡਾਇਆ ਕਰਦੀਆਂ ਸਨ ਤਾਂ ਅੰਮਾਂ ਹਰਨਾਮੀ ਵਰਗੀਆਂ, ਉਨ੍ਹਾਂ ਨੂੰ ਚਿੜੀਆਂ ਵੀ ਦਿਆ ਕਰਦੀਆਂ ਸਨ। ਭੋਏਂ, ਚਿੜੀਆਂ ਤੇ ਰਹਿੰਦ-ਖੂੰਹਦ ਵੇਚ ਕੇ, ਉਹ ਅੱਜ ਵਾਂਗੂੰ ਹੱਥਲ ਹੋ ਕੇ ਕਦੇ ਨਹੀਂ ਸਨ ਬੈਠੀਆਂ।

ਤੇਜੋ ਕਈ ਦਿਨਾਂ ਤੋਂ ਹੱਥਲ ਹੋਈ ਬੈਠੀ ਸੀ। ਸਾਰੇ ਨਰਮੇ ਚੁਣੇ ਜਾ ਚੁੱਕੇ ਸਨ ਤੇ ਨਰਮੇ ਚੁਣ ਕੇ ਕੀਤੀਆਂ ਕਮਾਈਆਂ ਨਾਲ ਆਇਆ ਆਟਾ ਮੁੱਕ ਚੁੱਕਾ ਸੀ। ਤੇ ਦੋ ਵਾਰਾਂ ਅੰਮਾਂ ਹਰਨਾਮੀ ਤੋਂ ਉਧਾਰ ਲਿਆ ਕੇ, ਤੇਜੋ ਖਾ ਚੁੱਕੀ ਸੀ। ਤੇ ਹੁਣ, ਅੰਮਾਂ ਕੋਲ ਜਾਣ ਨੂੰ ਉਹਦਾ ਦਿਲ ਨਹੀਂ ਸੀ ਪਿਆ ਵਧਦਾ। ਉਂਝ ਉਹਨੂੰ ਵਿਸ਼ਵਾਸ ਜਿਹਾ ਵੀ ਸੀ ਕਿ ਜੇ ਉਹ ਜਾਵੇ ਤਾਂ ਅੰਮਾਂ ਦੇ ਮੱਥੇ ਵੱਟ ਨਹੀਂ ਪਵੇਗਾ। "ਪਰ ਅੰਮਾਂ ਮੈਨੂੰ ਸਾੜੇ ਮੈਂ ਨਿੱਤ ਉਹਦਾ ਬਾਰ ਮੱਲ ਬਹਿਨੀਆਂ।" ਉਹਦੀ ਆਪਣੀ ਖਿਝ ਉਹਦੀ ਆਪਣੀ ਬੇਬਸੀ, ਉਹਨੂੰ ਜਿਵੇਂ ਫੂਕ ਰਹੀ ਹੋਵੇ। ਹਾਂ, ਕੁਝ ਵੀ ਹੋਵੇ, ਉਹਨੇ ਫੈਸਲਾ ਕਰ ਲਿਆ ਸੀ ਕਿ ਉਹ ਅੰਮਾਂ ਦੇ ਨਹੀਂ ਜਾਵੇਗੀ। ਉਹ ਕਿਸੇ ਦੇ ਵੀ ਨਹੀਂ ਜਾਵੇਗੀ।

ਫਿਰ ਉਹਨੇ ਸੋਚਿਆ, ਉਹ ਕਿੰਝ ਆਪਣੇ ਫੈਸਲੇ 'ਤੇ ਖੜ੍ਹੀ ਰਹਿ ਸਕੇਗੀ। ਪਿਛਲੇ ਦੋ ਦਿਨਾਂ ਤੋਂ ਉਹਨੇ ਤਵਾ ਨਹੀਂ ਸੀ ਚਾੜ੍ਹਿਆ ਤੇ ਪਿਛਲੇ ਦੋ ਦਿਨਾਂ ਤੋਂ ਅੰਨ ਦਾ ਭੋਰਾ ਉਹਦੇ ਸੰਘੋਂ ਥੱਲੇ ਨਹੀਂ ਸੀ ਹੋ ਸਕਿਆ। ਚੰਦਰਾ ਭੱਲਣ ਵੀ ਹੁਣ ਤਾਂ ਜਿਵੇਂ ਅੱਖਾਂ ਫੇਰ ਗਿਆ ਸੀ।

ਆਥਣੇ ਦੀ ਰੋਟੀ ਅਕਸਰ ਭੱਲਣ ਘਰ ਲੈ ਆਇਆ ਕਰਦਾ ਸੀ। ਤੇ ਘਰ ਆ ਕੇ ਨਹਾਉਣ ਧੋਣ ਤੋਂ ਪਿੱਛੋਂ ਹੀ ਰੋਟੀ ਖਾਇਆ ਕਰਦਾ ਸੀ ਤੇ ਪਿਛਲੇ ਹਫਤੇ ਤੋਂ ਉਹ ਕਣਕ ਦੀ ਬੀਜਾਈ ਵਿਚ ਅਜਿਹਾ ਰੁੱਝਾ ਹੋਇਆ ਸੀ ਕਿ ਖੇਤੋਂ ਆ ਕੇ, ਪਸ਼ੂਆਂ ਨੂੰ ਪੱਠੇ-ਦੱਥੇ ਪਾਉਂਦਿਆਂ, ਮੂੰਹ-ਹਨੇਰਾ ਹੋ ਜਾਇਆ ਕਰਦਾ ਸੀ। ਤੇ ਉਦੋਂ ਤੱਕ ਉਹਦੀ ਭੁੱਖ ਏਨੀ ਚਮਕੀ ਹੋਇਆ ਕਰਦੀ ਸੀ ਕਿ ਉਹਤੋਂ ਸਬਰ ਨਾ ਕਰਿਆ ਜਾਂਦਾ ਕਿ ਰੋਟੀ ਘਰ ਲੈ ਜਾ ਸਕੇ। ਤੇ ਉਹ ਉੱਥੇ ਅੰਮਾਂ ਹਰਨਾਮੀ ਦੇ ਘਰ ਬਹਿ ਕੇ ਹੀ ਰੋਟੀ ਵਾਲਾ ਕੰਮ ਵੀ, ਉੱਥੇ ਹੀ ਨਬੇੜ ਲੈਂਦਾ ਤੇ ਪਿੱਛੋਂ ਆਪਣੇ ਘਰ ਨੂੰ ਤੁਰਦਾ। ਰੋਟੀ ਖਾਣਾ ਵੀ, ਇੱਕ ਕੰਮ ਮੁਕਾਉਣਾ ਹੋ ਗਿਆ ਸੀ।

ਉਂਝ ਜਿਸ ਦਿਨ ਭੱਲਣ ਨੇ ਰੋਟੀ ਆਪਣੇ ਘਰ ਲੈ ਜਾ ਕੇ ਖਾਣੀ ਹੁੰਦੀ ਤਾਂ ਅੰਮਾਂ ਦੋ-ਤਿੰਨ ਰੋਟੀਆਂ ਵਾਧੂ ਦੇ ਦਿਆ ਕਰਦੀ ਸੀ ਤੇ ਤੇਜੋ ਨੇ ਕਲਪਿਆ ਕਿ ਜੇ ਭੈੜਾ ਭੱਲਣ ਹੀ ਅੱਜ ਆਪਣੀ ਰੋਟੀ ਘਰ ਲੈ ਆਵੇ ਤਾਂ ਵਿਚੋਂ ਉਹਦਾ ਬਾਲਣ-ਫੂਕਣ ਵੀ ਹੋ ਸਕਦਾ ਸੀ। ਤੇ ਭੱਲਣ ਆਇਆ ਤਾਂ ਕਿੰਨੀ ਰਾਤ ਗੁਜ਼ਰ ਚੁੱਕੀ ਸੀ। ਤੇ ਅੱਜ ਆ ਕੇ ਉਹਨੇ ਕੋਸਾ ਪਾਣੀ ਵੀ ਨਹੀਂ ਸੀ ਮੰਗਿਆ ਤੇ ਆਉਂਦਿਆਂ ਸਾਰ ਲੰਮਾ ਪੈ ਗਿਆ ਸੀ। ਤੇ ਪੈਂਦਿਆਂ ਸਾਰ ਸੌਂ ਵੀ ਗਿਆ ਸੀ।

ਭੱਲਣ ਸੌਂ ਗਿਆ ਤੇ ਉਹ ਜਾਗਦੀ, ਦੁਚਿੱਤੀ ਨਾਲ ਘੁਲਦੀ ਰਹੀ ਕਿ ਭੱਲਣ ਨੂੰ

ਉਹ ਮੁੱਕੇ ਆਟੇ ਬਾਰੇ ਦੱਸੇ ਕਿ ਨਾ ਦੱਸੇ। ਤੇ ਇਸੇ ਘੋਲ ਕਾਰਨ ਥੱਕ ਕੇ, ਉਹਨੂੰ ਨਹੀਂ ਪਤਾ ਕਿ ਉਹ ਕਦੋਂ ਸੁੱਤੀ ਸੀ। ਸਵੇਰੇ ਜਦੋਂ ਉਹਦੀ ਅੱਖ ਖੁੱਲੀ, ਉਹਨੇ ਵੇਖਿਆ ਭੱਲਣ ਆਪਣੇ ਕੰਮ 'ਤੇ ਜਾ ਚੁੱਕਾ ਸੀ, ਤੇ ਉਹਨੇ ਸੁਣਿਆ, ਉਹਦੇ ਘਰ ਦੇ ਸੱਜੇ ਪਾਸੇ ਹੀ ਗੋਡੇ-ਗੋਡੇ ਕੰਧ ਤੋਂ ਪਾਰ, ਉਹਦੀ ਜੇਠਾਣੀ ਆਪਣੇ ਜੁਆਕਾਂ ਨੂੰ ਬੁਰੀ ਤਰ੍ਹਾਂ ਕੁੱਟ-ਮਾਰ ਰਹੀ ਸੀ। ਉਹ ਪਾਗਲਾਂਹਾਰ ਆਪਣੇ ਘਰਵਾਲੇ ਨੂੰ, ਆਪਣੇ ਨਿਆਣਿਆਂ ਨੂੰ, ਆਪਣੇ ਰੱਬ ਨੂੰ ਅਤੇ ਆਪਣੇ ਆਪ ਨੂੰ ਗੰਦੀਆਂ ਗਾਲ੍ਹਾਂ ਬਕੀ ਜਾ ਰਹੀ ਸੀ।

ਤੇ ਤੇਜੋ ਨੇ ਸੋਚਿਆ, ਉਹ ਕਿੰਨੀ ਭਾਗਾਂ ਵਾਲੀ ਸੀ ਕਿ ਉਹ ਅਜੇ ਇਕੱਲੀ ਸੀ। ਬੱਚਿਆਂ ਵਾਲੀਆਂ ਦੇ, ਟੱਬਰਾਂ ਵਾਲੀਆਂ ਦੇ ਹਾਲ ਬਾਰੇ ਉਹ ਸੋਚਦੀ ਤੇ ਕੰਬ-ਕੰਬ ਜਾਂਦੀ।

ਸਾਰਾ ਦਿਨ ਉਹ ਪਈ ਰਹੀ, ਸੋਚਦੀ ਰਹੀ ਤੇ ਕੰਬਦੀ ਰਹੀ। ਸਵੇਰੇ ਉੱਠ ਕੇ ਉਹ ਅੰਮਾਂ ਹਰਨਾਮੀ ਦੇ ਗਈ ਸੀ। ਉਹਨੇ ਗੋਹਾ-ਕੂੜਾ ਕੀਤਾ ਤੇ ਲੱਸੀ ਦਾ ਡੋਲ ਭਰਵਾਇਆ ਤੇ ਘਰ ਮੁੜ ਆਈ ਸੀ। ਦਿਨੇ ਉਹਨੇ, ਕੇਵਲ ਇਹ ਕੰਮ ਕੀਤਾ ਕਿ ਦੋ-ਤਿੰਨ ਵਾਰ ਲੱਸੀ ਪੀਤੀ ਤੇ ਪਿਛਲੇ ਪਹਿਰ ਉਹ ਉੱਠੀ ਤੇ ਉਹਦੀ ਸੋਚ ਵਿਚਾਰ ਉਹਨੂੰ, ਆਪਣੇ ਖੇਤ ਲੈ ਗਈ।

ਬਰਸੀਮ ਵਿਚਲੀ ਸਰ੍ਹੋਂ ਨੂੰ ਗੰਦਲਾਂ ਪੈਣੀਆਂ ਅਜੇ ਦੂਰ ਸਨ। ਉਹਨੇ ਸਰ੍ਹੋਂ ਦਾ ਪੱਤਰਾ ਤੋੜਨਾ ਸ਼ੁਰੂ ਕਰ ਦਿੱਤਾ ਤੇ ਪੱਤਰੇ ਦੀਆਂ ਤਿੰਨ ਕੁ ਚੀਰਨੀਆਂ ਤੋੜ ਕੇ, ਉਹ ਪਿੰਡ ਨੂੰ ਤੁਰ ਪਈ। ਤੇ ਘਰ ਪਹੁੰਚਿਦਿਆਂ ਸਾਰ ਉਹਨੇ ਸਾਗ ਧਰ ਦਿੱਤਾ।

ਸਾਗ ਧਰਦਿਆ ਉਹਦੇ ਅੰਦਰ ਖੋਹ ਪੈਣ ਲੱਗ ਪਈ ਸੀ। ਵਿਹਲੀ ਹੋ ਕੇ, ਉਹਨੇ ਆਪਣਾ ਲੱਸੀ ਵਾਲਾ ਡੋਲ ਚੁੱਕਿਆ ਤੇ ਦੋ ਘੁੱਟਾਂ ਲੱਸੀ ਦੀਆਂ ਪੀਤੀਆਂ ਤੇ ਤੀਜੀ ਘੁੱਟ ਜਿਵੇਂ ਉਹਦੇ ਸੰਘ ਵਿਚ ਫਸ ਗਈ ਹੋਵੇ। ਲੱਸੀ ਉਹਦੇ ਨਾ ਅੰਦਰ ਲੰਘ ਰਹੀ ਸੀ ਤੇ ਨਾ ਹੀ ਉਹਤੋਂ ਕੁਰਲੀ ਬਾਹਰ ਸੁੱਟੀ ਜਾ ਰਹੀ ਸੀ। ਉਹਨੇ ਜਿਵੇਂ ਕਿਵੇਂ ਮੂੰਹ ਵਿਚਲੀ ਘੁੱਟ ਆਪਣੇ ਅੰਦਰ ਨਿਗਲ ਲਈ। ਫਿਰ ਉਹਨੂੰ ਧੁੜਧੁੜੀ ਜਿਹੀ ਆਈ, ਕਾਂਬਾ ਜਿਹਾ ਛਿੜਿਆ। ਤੇ ਉਹਨੂੰ ਲੱਗਿਆ ਜਿਵੇਂ ਉਹਦੇ ਅੰਦਰੋਂ, ਸਭ ਕੁਝ ਬਾਹਰ ਨਿਕਲਿਆ ਕਿ ਨਿਕਲਿਆ। ਪਰ ਉਹਦੇ ਅੰਦਰ ਹੈ ਈ ਕੀ ਸੀ ਜੋ ਨਿਕਲਦਾ? ਪਿਛਲੇ ਦੋ ਦਿਨਾਂ ਤੋਂ ਪਾਣੀ ਦੀ ਘੁੱਟ ਸੀ ਜਾਂ ਲੱਸੀ, ਜੋ ਉਹਨੂੰ ਨਸੀਬ ਹੋ ਸਕੀ ਸੀ। ਲੱਸੀ ਜਿਹੜੀ ਉਹ ਸਵੇਰੇ ਗੋਹਾ-ਕੂੜਾ ਕਰਨ ਗਈ, ਅੰਮਾਂ ਹਰਨਾਮੀ ਦਿਉਂ ਡੋਲ ਭਰਵਾ ਲਿਆਉਂਦੀ ਸੀ ਤੇ ਸਾਰਾ ਦਿਨ ਪੀਂਦੀ ਰਹਿੰਦੀ ਸੀ।

ਪਲਤਿਆਈ ਲੱਸੀ ਵਾਲਾ ਡੋਲ ਸਾਂਭ ਕੇ, ਉਹ ਚੁੱਲ੍ਹੇ ਵੱਲ ਹੋਈ। ਉਹਨੇ ਕੁੱਜਾ ਚੁੱਲ੍ਹੇ ਤੋ ਲਾਹਿਆ ਤੇ ਸਾਗ ਘੋਟਣ ਬਹਿ ਪਈ। ਘੋਟ ਸੰਵਾਰ ਕੇ, ਉਹਨੇ ਡੋਈ ਨਾਲ ਥੋੜ੍ਹਾ ਕੁ ਸਾਗ ਕੁੱਜੇ ਵਿਚੋਂ ਬਾਹਰ ਕੱਢਿਆ। ਦੋ-ਤਿੰਨ ਫੂਕਾਂ ਮਾਰ ਕੇ ਉਹਨੂੰ ਠਾਰਿਆ ਅਤੇ ਡੋਈ ਚੱਟੀ ਤੇ ਉਹਨੂੰ ਲੱਗਿਆ ਜਿਵੇਂ ਸਾਗ ਉਹਨੇ ਸਰ੍ਹੋਂ ਦਾ ਨਹੀਂ ਲੂਣ ਦਾ ਧਰਿਆ ਹੋਵੇ।

ਤੇ ਉਹ ਸਿਰ ਫੜ ਕੇ ਬੈਠੀ ਰਹੀ ਉੱਥੇ ਦੀ ਉੱਥੇ, 'ਰੱਬਾ ਹੁਣ ਮੈਂ ਕੀ ਕਰਾਂ?'

ਕਿੰਨੇ ਚਿਰ ਪਿੱਛੋਂ ਉਹਨੂੰ ਖ਼ਿਆਲ ਆਇਆ ਕਿ ਆਲਣ ਪਾਉਣ ਨਾਲ ਸਾਗ



ਖਾਣ ਯੋਗ ਹੋ ਸਕਦਾ ਸੀ। ਤੇ ਆਲਣ ਪਾਉਣ ਲਈ ਉਹਨੇ, ਆਪਣੀ ਆਟੇ ਵਾਲੀ ਭੜੋਲੀ ਹੂੰਝਣੀ ਸ਼ੁਰੂ ਕਰ ਦਿੱਤੀ। ਭੜੋਲੀ ਉਹ ਪਰਸੋਂ-ਚੌਥ ਵੀ ਹੂੰਝ ਚੁੱਕੀ ਸੀ। ਹਾਂ, ਉਹਨੇ ਭੜੋਲੀ ਹੂੰਝੀ ਤੇ ਭੜੋਲੀ ਵਿਚੋਂ, ਆਟਾ ਘੱਟ ਤੇ ਚੂਹਿਆਂ ਦੀਆਂ ਮੀਂਗਣਾਂ ਤੇ ਮਿੱਟੀ ਬਹੁਤੀਆਂ ਉਹਦੇ ਹੱਥ ਲੱਗੀਆਂ।

ਚੂਹਿਆਂ ਦੀਆਂ ਮੀਂਗਣਾਂ ਆਟੇ ਵਿਚੋਂ ਚੁਣ ਕੇ, ਉਹ ਦੋ-ਚਿੱਤੀ ਵਿਚ ਫਸ ਗਈ ਕਿ ਇਸ ਮਿੱਟੀ ਦਾ ਆਲਣ ਉਹ ਪਾਵੇ ਕਿ ਨਾ ਪਾਵੇ। ਤੇ ਦੋ-ਚਿੱਤੀ ਨੇ, ਉਹਨੂੰ ਚੁੱਲ੍ਹੇ ਵਿਚ ਵੀ ਡੱਕੇ ਮਾਰਨ ਲਾ ਦਿੱਤਾ।

ਡੱਕੇ ਮਾਰਦੀ-ਮਾਰਦੀ, ਉਹ ਤ੍ਰਬਕ ਕੇ ਉੱਠੀ ਜਿਵੇਂ ਕੋਈ ਚੰਗਿਆੜੀ ਉਹਦੀ ਸਲਵਾਰ 'ਤੇ ਆ ਪਈ ਹੋਵੇ। ਉਹਨੇ ਭੜੋਲੀ ਵਿਚੋਂ ਹੂੰਝਿਆ ਆਟਾ ਚੁੱਲ੍ਹੇ ਵਿਚ ਸੁੱਟ ਦਿੱਤਾ ਤੇ ਅਗਲੇ ਬਿੰਦ ਅੰਮਾਂ ਹਰਨਾਮੀ ਵੱਲ ਤੁਰ ਪਈ।

ਅੰਮਾਂ ਕੋਲ ਪਹੁੰਚੀ ਤਾਂ ਸਵੇਰੇ ਮੁਰਝਾਇਆ ਹੋਇਆ ਉਹਦਾ ਚਿਹਰਾ, ਅੰਮਾਂ ਨੂੰ ਖਿੜਿਆ ਹੋਇਆ ਲੱਗਾ "ਐਨੀਆਂ ਲਾਲੀਆਂ ਚਾੜ੍ਹੀਆਂ ਵੀ ਐ, ਕੀ ਥਿਆ ਗਿਐ ਤੈਨੂੰ ਤੇਜੋ?"

"ਅੰਮਾਂ! ਤੇਜੋ ਨੂੰ ਕਾਹਦੀ ਥੋੜ੍ਹ ਐ। ਜੁ ਇਹ ਕੁਸ਼ ਥਔਣ ਨਾਲ ਖੁਸ਼ ਹੋਊ।"

ਉਹਨੇ ਆਪਣਾ ਸਦਾ ਥੋੜ੍ਹਾ-ਥੋੜ੍ਹਾ ਹਿਲਦਾ ਸਿਰ, ਹਿਲਾਇਆ ਤੇ ਆਖਿਆ "ਭਾਗਾਂ ਵਾਲੀਏ, ਸਾਊ ਤੇ ਕਮਾਊ ਤੇਰਾ ਬੰਦਾ ਤੇ ਤੂੰ ਉਸ ਤੋਂ ਵੀ ਦੋ ਰੱਤੀਆਂ ਵਧ। ਤੈਨੂੰ ਥੋੜ੍ਹ ਹੋਵੇ ਵੀ ਕਿਉਂ?"

"ਲੱਪ ਮੱਕੀ ਦਾ ਆਟਾ ਤਾਂ ਦੇ ਅੰਮਾਂ! ਜਾ ਕੇ ਆਲਣ ਪਾਵਾਂ।"

"ਤੇਜੋ, ਮੱਕੀ ਤਾਂ ਆਪਾਂ ਪਿਆਈ ਨ੍ਹੀਂ। ਤੈਨੂੰ ਆਖਿਆ ਸੀ, ਤੂੰ ਭੁੱਲਗੀ ਐ। ਆਪਣਾ ਤਾਂ ਪੀਹਣ ਬਣਾਉਣ ਵਾਲਾ ਸੀ।"

ਤੇਜੋ ਨੂੰ ਯਾਦ ਆਇਆ, ਪਰਸੋਂ ਜਾਂ ਚੌਥੇ ਅੰਮਾਂ ਨੇ ਪਹਿਲੀ ਵਾਰ ਉਹਨੂੰ ਪੀਹਣ ਬਣਾਉਣ ਬਾਰੇ ਯਾਦ ਕਰਵਾਇਆ ਸੀ। ਪਹਿਲਾਂ ਉਹ ਅਨੁਮਾਨ ਲਾ ਕੇ, ਆਟਾ ਮੁੱਕਣ ਤੋਂ ਪਹਿਲਾਂ ਹੀ ਪੀਹਣ ਬਣਾ ਜਾਇਆ ਕਰਦੀ ਸੀ। ਤੇ ਐਤਕੀਂ ਉਹਨੂੰ ਚੇਤਾ ਹੀ ਨਹੀਂ ਸੀ ਰਿਹਾ।

"ਕਣਕ ਦਾ ਚਾਹੀਦਾ ਐ ਤਾਂ ਜਿੰਨਾ ਮਰਜ਼ੀ ਲੈ ਜਾਹ।" ਉਹਨੇ ਸੁਣਿਆ ਅੰਮਾਂ ਉਹਨੂੰ ਆਖ ਰਹੀ ਸੀ।

"ਨਹੀਂ ਅੰਮਾਂ, ਮੱਕੀ ਦਾ ਆਲਣ ਪਾਉਣ ਨੂੰ ਚਿੱਤ ਕਰਦਾ ਸੀ।"

ਅੱਗੋਂ ਅੰਮਾਂ ਨੇ ਪਤਾ ਨਹੀਂ ਕੀ ਜੁਆਬ ਦਿੱਤਾ ਸੀ, ਉਹਨੇ ਨਹੀਂ ਸੁਣਿਆ। ਆਪਣੇ ਪੈਰੀਂ ਪਹਾੜ ਬੰਨ੍ਹੀ ਉਹ ਘਰ ਨੂੰ ਤੁਰ ਪਈ ਸੀ। ਤੇ ਘਰ ਨੂੰ ਪਰਤਦੀ ਉਹ ਸੋਚ ਰਹੀ ਸੀ, "ਭਲੀਏ ਅੰਮਾਂ! ਸਾਊਆਂ ਤੇ ਕਮਾਊਆ ਦੀ ਥੋੜ੍ਹ ਦਾ ਤੈਨੂੰ ਕੀ ਪਤਾ ਹੋ ਸਕਦੈ। ਤੇਰੀ ਭੜੋਲੀ ਵਿਚ ਆਲਣ ਹੈਅ ਵੈ।" •

(59, ਹੀਰਾ ਸਿੰਘ ਨਗਰ, ਕੋਟ-ਕਪੂਰਾ 01639-221515)

ਕਹਾਣੀ

# ਗੁੰਮਸ਼ੁਦਾ

**ਮਹਿੰਦਰ ਪਾਲ ਸਿੰਘ ਲੰਡਨ**

ਅੱਜ ਵੀ ਹਰ ਰੋਜ਼ ਵਾਂਗ ਰਾਮਸਰਨ ਨੇ ਮੈਨੂੰ ਵੇਖ ਕੇ ਚਾਹ ਗਲਾਸ ਵਿਚ ਪਾ ਕੇ ਮੈਨੂੰ ਫੜਾ ਦਿੱਤੀ ਸੀ। ਅੱਜ ਮੈਨੂੰ ਉਹ ਉਦਾਸ-ਉਦਾਸ ਲੱਗਿਆ। ਰਾਮਸਰਨ ਦਾ ਢਾਬਾ ਮੇਰੇ ਦਫ਼ਤਰ ਦੇ ਬਿਲਕੁਲ ਨਜ਼ਦੀਕ ਸੀ। ਮੈਂ ਲੰਚ ਤੋਂ ਪਹਿਲਾਂ ਇੱਕ ਵਾਰ ਚਾਹ ਪੀਣ ਰਾਮ ਸਰਨ ਦੇ ਢਾਬੇ ਤੇ ਜ਼ਰੂਰ ਆਉਂਦਾ ਸੀ। ਉਹ ਹਮੇਸ਼ਾਂ ਮੇਰੇ ਮਨ-ਭਾਉਂਦੀ ਚਾਹ ਬਣਾਉਂਦਾ ਹੈ। ਸੜਕ ਦੇ ਦੂਜੇ ਪਾਸੇ ਅਵਾਰਾ ਗਊਆਂ, ਕੂੜੇ ਦੇ ਢੇਰ ਵਿਚ ਮੂੰਹ ਮਾਰ ਰਹੀਆਂ ਸਨ। ਕਦੀ ਕੋਈ ਗੰਦ ਦੇ ਢੇਰ ਵਿਚ ਤੀਲੇ ਲੱਭ-ਲੱਭ ਖਾ ਰਹੀ ਹੁੰਦੀ। ਕਦੀਂ ਕੋਈ ਪਲਾਸਟਿਕ ਦੇ ਲਿਫਾਫੇ ਖਾਣ ਦਾ ਯਤਨ ਕਰ ਰਹੀ ਹੁੰਦੀ। ਇਨ੍ਹਾਂ ਗਊਆਂ ਨੂੰ ਵੇਖ ਕੇ ਰਾਮ ਸਰਨ ਹਮੇਸ਼ਾ ਦੁੱਖੀ ਹੁੰਦਾ।

"ਬਾਊ ਜੀ ਵੇਖ ਲਓ ਕਲਯੁਗ! ਗਊ ਮਾਤਾ ਨੂੰ ਵੀ ਕਿਤੇ ਢੋਈ ਨਹੀਂ ਮਿਲਦੀ। ਢਿੱਡ ਭਰਨ ਲਈ ਗੰਦ ਖਾਣ ਲੱਗੀ ਐ। ਮੈਂ ਜਾਣਦਾ ਸੀ ਕਿ ਉਹ ਕਾਫ਼ੀ ਧਾਰਮਿਕ ਹੈ। ਇਸ ਲਈ ਮੈਂ ਕੁਝ ਵੀ ਕਹਿਣ ਤੋਂ ਗੁਰੇਜ਼ ਕਰਦਾ।

ਕੁਝ ਦਿਨਾਂ ਤੋਂ ਰਾਮਸਰਨ ਡਾਢਾ ਦੁਖੀ ਸੀ। ਅੱਜ ਉਹ ਚਾਹ ਦਾ ਗਲਾਸ ਫੜਾਕੇ ਮੇਰੇ ਕੋਲ ਹੀ ਬੈਠ ਗਿਆ। ਢਾਬੇ ਤੋਂ ਪੰਜਾਹ ਕੁ ਗਜ਼ ਦੀ ਵਿੱਥ 'ਤੇ ਦਰਖ਼ਤ ਦੇ ਤਣੇ ਨਾਲ ਢੋਅ ਲਾਈ ਇੱਕ ਬੁੱਢੀ ਔਰਤ ਬੈਠੀ ਸੀ। ਮੈਂ ਉਸਨੂੰ ਉਥੇ ਪਹਿਲਾਂ ਕਦੀਂ ਵੇਖਿਆ ਨਹੀਂ ਸੀ। ਵੇਖਣ ਨੂੰ ਉਹ ਮੰਗਤੀ ਨਹੀਂ ਲੱਗਦੀ ਸੀ, ਭਾਵੇਂ ਉਸਦੀ ਹਾਲਤ ਮੰਗਤਿਆਂ ਵਰਗੀ ਹੀ ਸੀ। ਉਸਦੇ ਕੱਪੜੇ ਮੈਲੇ ਸਨ। ਚਿਹਰੇ ਉੱਪਰ ਮੈਲ ਜੰਮੀ ਹੋਈ ਸੀ। ਉਸਦੀਆਂ ਖਾਲ਼ੀ-ਖਾਲ਼ੀ ਅੱਖਾਂ ਇੱਕ ਟੱਕ ਗਊਆਂ ਵੱਲ ਵੇਖ ਰਹੀਆਂ ਸਨ। ਇੱਕ ਛੋਟੀ ਜਿਹੀ ਗੱਠੜੀ ਉਸਦੇ ਲਾਗੇ ਪਈ ਸੀ। ਰਾਮਸਰਨ ਉਸ ਔਰਤ ਵੱਲ ਵੇਖ ਰਿਹਾ ਸੀ। ਰਾਮਸਰਨ ਦੇ ਚਿਹਰੇ ਉੱਤੇ ਉਦਾਸੀ ਅਤੇ ਬੇਬਸੀ ਦਾ ਪ੍ਰਛਾਵਾਂ ਸੀ।

"ਬਾਊ ਜੀ ਇਹ ਆਂਟੀ ਸਾਡੀ ਗਲੀ ਵਿਚ ਹੀ ਰਹਿੰਦੀ ਸੀ।" ਮੈਂ ਉਸ ਔਰਤ ਵੱਲ ਦੇਖਦਿਆਂ ਸੋਚ ਰਿਹਾ ਸੀ ਕਿ ਇਹ ਔਰਤ ਕੌਣ ਹੋਈ? ਇੱਥੇ ਕਿਉਂ ਬੈਠੀ ਹੈ? ਇਸਦਾ ਪਤੀ ਜਾਂ ਬੱਚੇ ਇਸਨੂੰ ਘਰ ਕਿਉਂ ਨਹੀਂ ਲੈ ਜਾਂਦੇ ਜਾਂ ਸ਼ਾਇਦ ਇਹ ਪਾਗਲ ਹੋਵੇ? ਮੇਰੇ ਮਨ ਵਿਚ ਉਸ ਔਰਤ ਸੰਬੰਧੀ ਕਿੰਨੇ ਹੀ ਸਵਾਲ ਉੱਠੇ ਅਤੇ ਉਸਦੀਆਂ ਖਾਲੀ-ਖਾਲੀ ਅੱਖਾਂ ਨਾਲ ਟਕਰਾ ਕੇ ਵਾਪਿਸ ਆ ਗਏ। ਮੈਨੂੰ ਇੰਝ ਵੇਖਦਿਆਂ ਹੀ ਸ਼ਾਇਦ ਰਾਮਸਰਨ ਨੇ ਉਸ ਬਾਰੇ ਮੈਨੂੰ ਦੱਸਣਾ ਸ਼ੁਰੂ ਕਰ ਦਿੱਤਾ ਸੀ।

"ਇਸ ਆਂਟੀ ਦੇ ਦੋ ਮੁੰਡੇ ਐ ਜੀ। ਵੱਡਾ ਸਰੂਪ ਅਤੇ ਛੋਟਾ ਮਦਨ। ਅੰਕਲ ਦੀ ਤਾਂ



ਕੁਝ ਸਾਲ ਪਹਿਲਾਂ ਅਚਾਨਕ ਮੌਤ ਹੋ ਗਈ ਸੀ। ਬਹੁਤ ਮਿਹਨਤ ਨਾਲ ਇਹਨਾਂ ਨੇ ਘਰ ਬਣਾਇਆ ਸੀ। ਅਸੀਂ ਕਦੀ ਵੀ ਉਹਨਾਂ ਵਿਚ ਬੋਲ-ਕੁਬੋਲ ਨਹੀਂ ਦੇਖਿਆ-ਸੁਣਿਆ ਸੀ। ਅੱਜਕੱਲ੍ਹ ਤਾਂ ਮੁੰਡੇ-ਕੁੜੀਆਂ ਚਾਰ ਕੁ ਦਿਨ 'ਲਵ ਯੂ-ਲਵ ਯੂ' ਕਰਦੇ ਐ। ਲੋਕ ਤਾਂ ਹਾਲੇ ਵਿਆਹ ਦਾ ਸ਼ਗਨ ਦੇ ਕੇ ਵੀ ਵਿਹਲੇ ਨਹੀਂ ਹੋਏ ਹੁੰਦੇ ਕਿ ਇਹਨਾਂ ਦੀ ਟੋਨ ਬਦਲ ਕੇ 'ਆਈ ਹੇਟ ਯੂ' ਵਾਲੀ ਬਣ ਜਾਂਦੀ ਹੈ। ਅੰਕਲ ਹੋਰਾਂ ਦਾ ਜ਼ਮਾਨਾ ਹੋਰ ਸੀ। ਸਿੱਧੀ ਸਾਦੀ ਜ਼ਿੰਦਗੀ ਅਤੇ ਜ਼ਿੰਦਗੀ ਇਕੱਠਿਆਂ ਨਿਭਾਉਣ ਦਾ ਸੰਕਲਪ। ਗੱਲ ਹਾਸੇ ਵਾਲੀ ਐ। ਇੱਕ ਵੇਰੀ ਅੰਕਲ ਨਾਲ ਕੰਮ ਕਰਦੇ ਕਿਸੇ ਬੰਦੇ ਨੇ ਅੰਕਲ ਨੂੰ ਸਲਾਹ ਦਿੱਤੀ ਕਿ ਕਦੀਂ ਕਦਾਈਂ ਜਨਾਨੀ ਨੂੰ ਖ਼ੁਸ਼ ਕਰਨ ਲਈ ਫੁੱਲਾਂ ਦਾ ਗੁਲਦਸਤਾ ਜ਼ਰੂਰ ਭੇਂਟ ਕਰਨਾ ਚਾਹੀਦਾ। ਅੰਕਲ ਵਿਚਾਰਾ ਬੰਦੇ ਦੀ ਗੱਲ ਮੰਨ ਗਿਆ। ਰਾਹ 'ਚੋਂ ਫੁੱਲਾਂ ਦਾ ਗੁਲਦਸਤਾ ਖਰੀਦਿਆ। ਘਰ ਆਇਆ ਤਾਂ ਆਂਟੀ ਨਲਕੇ ਤੋਂ ਪਾਣੀ ਭਰ ਰਹੀ ਸੀ। ਅੰਕਲ ਦਰਵਾਜ਼ੇ ਵਿਚ ਹੀ ਖੜ੍ਹਕੇ ਉਸ ਵੱਲ ਵੇਖਣ ਲੱਗਾ। ਫੁੱਲਾਂ ਦਾ ਗੁਲਦਸਤਾ ਉਸਨੇ ਪਿੱਠ ਪਿੱਛੇ ਕਰ ਲਿਆ। ਜਦ ਆਂਟੀ ਪਾਣੀ ਭਰ ਚੁੱਕੀ ਤਾਂ ਅੰਕਲ ਹੌਲੀ-ਹੌਲੀ ਪਿੱਠ ਪਿੱਛੇ ਹੱਥ ਕਰੀ ਅੰਦਰ ਲੰਘ ਆਇਆ। ਆਂਟੀ ਨੂੰ ਫੁੱਲਾਂ ਦਾ ਗੁਲਦਸਤਾ ਪੇਸ਼ ਕਰਨ ਲੱਗਿਆਂ ਤਾਂ ਹੱਥ ਵਿਚ ਸਿਰਫ਼ ਡੰਡਲ ਹੀ ਸਨ। ਫੁੱਲ ਤਾਂ ਕੋਈ ਵੀ ਨਹੀਂ ਸੀ। ਅੰਕਲ ਠੱਗਿਆ-ਠੱਗਿਆ ਖੜ੍ਹਾ ਰਿਹਾ। ਦਰਅਸਲ ਦਰਵਾਜ਼ੇ ਵਿਚ ਖੜੇ ਤੋਂ ਗੁਆਢੀਆਂ ਦੀ ਖੁੱਲੀ ਫਿਰਦੀ ਬੱਕਰੀ ਸਾਰੇ ਫੁੱਲ ਖਾ ਗਈ ਸੀ। ਆਂਟੀ ਬਾਹਰ ਬੱਕਰੀ ਵੱਲ ਵੇਖ ਕੇ ਖੁੱਲ ਕੇ ਹੱਸਣ ਲੱਗੀ। ਏਨਾ ਨਿਰਛਲ ਅਤੇ ਦਿਲੋਂ ਨਿਕਲਿਆ ਹਾਸਾ! ਹਾਸਾ – ਜਿਸਨੇ ਅੰਕਲ ਨੂੰ ਪਤਾ ਨਹੀਂ ਕੀ ਕੁਝ ਕਹਿ ਦਿੱਤਾ ਸੀ। ਅਸੀਂ ਵਿਹੜੇ ਵਿਚ ਖੇਡਦੇ-ਖੇਡਦੇ ਰੁਕ ਗਏ ਅਤੇ ਦੋਵਾਂ ਵੱਲ ਵੇਖਣ ਲੱਗੇ। ਬੱਕਰੀ ਕੋਲ ਖਿਲਰੇ ਫੁੱਲਾਂ ਨੂੰ ਵੇਖ ਕੇ ਸਾਡਾ ਹੀ ਹਾਸਾ ਨਿਕਲ ਗਿਆ। ਅੰਕਲ ਚੁੱਪ-ਚੁਪੀਤਾ ਜਿਹਾ ਅੰਦਰ ਲੰਘ ਗਿਆ। ਹੱਸਦੀ-ਹੱਸਦੀ ਆਂਟੀ ਵੀ ਉਸਦੇ ਪਿੱਛੇ-ਪਿੱਛੇ ਅੰਦਰ ਚਲੀ ਗਈ।

ਰਾਮਸਰਨ ਨੇ ਫਿਰ ਉਸ ਬੁੱਢੀ ਔਰਤ ਵੱਲ ਤੱਕਿਆ। ਮੈਨੂੰ ਉਸਦੀ ਤੱਕਣੀ ਕੂਲੀ-ਕੂਲੀ ਲੱਗੀ। ਹੁਣ ਬੁੱਢੀ ਨੇ ਕੋਲ ਪਈ ਗੱਠੜੀ ਆਪਣੀ ਬੁੱਕਲ ਵਿਚ ਲੈ ਲਈ ਸੀ। ਹੁਣ ਉਹ ਗਊਆਂ ਦੀ ਥਾਂ ਗਠੜੀ ਵੱਲ ਵੇਖ ਰਹੀ ਸੀ। ਰਾਮਸਰਨ ਦੇ ਚਿਹਰੇ 'ਤੇ ਫਿਰ ਇੱਕ ਉਦਾਸ ਅਤੇ ਪਤਲੀ ਜਿਹੀ ਮੁਸਕਾਨ ਆਈ ਅਤੇ ਪਲ ਭਰ ਵਿਚ ਗਾਇਬ ਹੋ ਗਈ। ਮੈਨੂੰ ਵੀ ਉਸ ਬਜ਼ੁਰਗ ਔਰਤ ਨਾਲ ਹਮਦਰਦੀ ਹੋਣ ਲੱਗੀ ਸੀ। ਉਤਸੁਕਤਾ ਨਾਲ ਮੈਂ ਰਾਮਸਨ ਵੱਲ ਵੇਖ ਰਿਹਾ ਸੀ। ਸ਼ਾਇਦ ਰਾਮਸਰਨ ਨੇ ਮੇਰੀ ਉਤਸੁਕਤਾ ਨੂੰ ਭਾਂਪ ਲਿਆ ਸੀ।

"ਬਾਊ ਜੀ ਮੈਂ ਤਾਂ ਪੜ੍ਹ ਸਕਦਾ ਹੀ ਨਹੀਂ ਸੀ। ਮੇਰਾ ਪਿਉ ਵੀ ਇਹੋ ਕੰਮ ਕਰਦਾ

ਸੀ। ਮੈਂ ਉਸ ਨਾਲ ਹੱਥ ਵਟਾਉਂਦਾ ਸੀ। ਮੈਂ ਪੜ੍ਹ-ਲਿਖਕੇ ਆਪਣੇ ਆਪ ਨੂੰ ਕਿਸੇ ਅਫ਼ਸਰ ਦੀ ਕੁਰਸੀ ਵਿਚ ਬੈਠਿਆ ਤਸੱਵਰ ਹੀ ਨਹੀਂ ਕੀਤਾ ਸੀ। ਮੈਂ ਤਾਂ ਆਪਣੇ ਆਪ ਨੂੰ ਇਸ ਢਾਬੇ 'ਤੇ ਚਾਹ ਪਾਣੀ ਬਣਾਉਂਦਿਆਂ ਅਤੇ ਵਰਤਾਉਂਦਿਆਂ ਹੀ ਤਸੱਵਰ ਕੀਤਾ ਸੀ। ਉਹ ਤੇ ਮੈਂ ਕਰ ਰਿਹਾ ਹਾਂ। ਪਰ ਅੰਕਲ ਅਤੇ ਆਂਟੀ ਨੇ ਸਰੂਪ ਅਤੇ ਮਦਨ ਨੂੰ ਪੜ੍ਹਾਉਣ ਲਈ ਪੂਰਾ ਟਿੱਲ ਲਾ ਦਿੱਤਾ ਸੀ। ਅੰਕਲ ਦੀ ਅਚਾਨਕ ਮੌਤ ਤੋਂ ਬਾਅਦ ਆਂਟੀ ਨੇ ਵੀ ਘਰ ਦਾ ਗੁਜ਼ਾਰਾ ਤੋਰਨ ਲਈ ਨਿੱਕੇ-ਮੋਟੇ ਕੰਮ ਕਰਨੇ ਸ਼ੁਰੂ ਕਰ ਦਿੱਤੇ ਸਨ। ਆਪਣੀ ਮਿਹਨਤ ਨਾਲ ਉਸਨੇ ਘਰ ਦਾ ਗੁਜ਼ਾਰਾ ਵੀ ਚਲਾਇਆ ਅਤੇ ਮੁੰਡੇ ਵੀ ਪੜ੍ਹਾਏ।"

ਮੈਂ ਵੇਖਿਆ ਰਾਮਸਰਨ ਦਾ ਚਿਹਰਾ ਸਖ਼ਤ ਹੋ ਗਿਆ ਸੀ। ਐਵੇਂ ਹਵਾ ਨੂੰ ਘੂਰਦਿਆਂ ਉਸਨੇ ਜੇਬ ਵਿਚੋਂ ਬੀੜੀ ਕੱਢਕੇ ਮੂੰਹ ਵਿਚ ਪਾ ਲਈ ਅਤੇ ਦੂਸਰੀ ਜੇਬ ਵਿਚੋਂ ਡੱਬੀ ਟਟੋਲਣ ਲੱਗਾ। ਫਿਰ ਸ਼ਾਇਦ ਉਸਨੂੰ ਇਕਦਮ ਯਾਦ ਆ ਗਿਆ ਸੀ ਕਿ ਮੈਂ ਸਿਗਰਟ ਬੀੜੀ ਵਾਲੇ ਤੋਂ ਦੂਰ ਬੈਠਣਾ ਪਸੰਦ ਕਰਦਾ ਹਾਂ। ਉਸਨੇ ਬੀੜੀ ਮੂੰਹ ਵਿਚੋਂ ਕੱਢ ਕੇ ਜੇਬ ਵਿਚ ਪਾ ਲਈ ਅਤੇ ਮੇਰੇ ਵੱਲ ਮੁਆਫ਼ੀ ਮੰਗਦੀ ਨਜ਼ਰ ਨਾਲ ਵੇਖਦਿਆਂ ਬੋਲਣ ਲੱਗਾ।

"ਮੁੰਡਿਆਂ ਨੂੰ ਬਾਊ ਜੀ ਨੌਕਰੀਆਂ ਵੀ ਮਿਲ ਗਈਆਂ। ਵੱਡੇ ਸਰੂਪ ਦਾ ਵਿਆਹ ਕੀਤਾ ਤਾਂ ਸ਼ਾਇਦ ਆਂਟੀ ਨੂੰ ਪਹਿਲਾ ਧੱਕਾ ਲੱਗਾ। ਹਾਲੇ ਮਹੀਨਾ ਵੀ ਨਹੀਂ ਹੋਇਆ ਸੀ ਕਿ ਨੂੰਹ ਰਾਣੀ ਨੇ ਸਰੂਪ ਨਾਲ ਇੱਕ ਸਵੇਰੇ ਆਢਾ ਲਾ ਲਿਆ। ਕਹੇ ਮੈਂ ਤਾਂ ਬੱਸ ਅੱਡ ਹੋਣਾ। ਆਂਟੀ ਵਿਚਾਰੀ ਚੁੱਪ ਰਹੀ। ਸਰੂਪ ਚੁੱਪ ਕਰਕੇ ਕੰਮ ਤੇ ਚਲਾ ਗਿਆ। ਨੂੰਹ ਰਾਣੀ ਸਾਰਾ ਦਿਨ ਕੁੜ-ਕੁੜ ਕਰਦੀ ਰਹੀ। ਉਸ ਪਿੱਛੋਂ ਇਹ ਸੀਨ ਹਫਤੇ ਦੋ ਹਫਤੇ ਬਾਅਦ ਦੁਹਰਾਇਆ ਜਾਣ ਲੱਗਾ। ਮਦਨ ਦਾ ਵਿਆਹ ਵੀ ਕਰ ਦਿੱਤਾ। ਬਹੂ ਤਾਂ ਚੰਗੀ ਲੱਗਦੀ ਸੀ ਪਰ ਇੱਕ ਦੀ ਚੰਗਿਆਈ ਦੂਜੇ ਦੀ ਬੁਰਾਈ ਅੱਗੇ ਬਹੁਤਾ ਚਿਰ ਟਿਕ ਨਾ ਸਕੀ। ਘਰ ਦਾ ਵਾਤਾਵਰਣ ਖਿੱਚੋਤਾਣ ਵਾਲਾ ਹੋ ਗਿਆ। ਆਂਟੀ ਸੁਖੀ ਹੋਣ ਦੀ ਥਾਂ ਦੁਖੀ ਹੋ ਗਈ।

ਵੱਡੀ ਨੇ ਸਰੂਪ ਨੂੰ ਚੁੱਕ-ਚੁਕਾ ਕੇ ਉਸਦੀ ਬਦਲੀ ਚੰਡੀਗੜ੍ਹ ਦੀ ਕਰਵਾ ਲਈ। ਸਰੂਪ ਦੀ ਇਕੱਲੇ ਦੀ ਤਨਖਾਹ ਨਾਲ ਘਰ ਦਾ ਕਿਰਾਇਆ ਦੇ ਕੇ ਬਾਕੀ ਦਾ ਖਰਚ ਮਸਾਂ ਚੱਲਦਾ। ਉਪਰੋਂ ਇੱਕ ਬੱਚੀ ਨੇ ਵੀ ਉਹਨਾਂ ਦੇ ਘਰ ਜਨਮ ਲੈ ਲਿਆ ਸੀ। ਘਰ ਦੇ ਖਰਚ ਹੋਰ ਵੀ ਵੱਧ ਗਏ ਸਨ। ਸਰੂਪ ਦੇ ਮਨ ਦੀ ਸ਼ਾਂਤੀ ਤਾਂ ਪਹਿਲਾਂ ਹੀ ਭੰਗ ਹੋ ਗਈ ਸੀ। ਹੁਣ ਵਾਧੂ ਕੰਮ ਕਰਨ ਕਰਕੇ ਸਰੀਰ ਦਾ ਆਰਾਮ ਵੀ ਜਾਂਦਾ ਰਿਹਾ।"

ਇੱਕ ਗਾਹਕ ਨੇ ਆ ਕੇ ਠੰਢਾ ਮੰਗਿਆ। ਰਾਮਸਰਨ ਉਸਨੂੰ ਕੋਕ ਦੇ ਕੇ ਮੇਰੇ ਕੋਲ ਫਿਰ ਆ ਬੈਠਾ। ਇੱਕ ਗਾਂ ਨੇ ਦੂਜੀ ਦੇ ਢੁੱਡ ਮਾਰੀ ਉਸਨੂੰ ਪਰ੍ਹੇ ਧੱਕ ਦਿੱਤਾ ਸੀ। ਰਾਮਸਰਨ ਗਊਆਂ ਵੱਲ ਵੇਖ ਰਿਹਾ ਸੀ –



"ਬਾਊ ਜੀ ਗਊਆਂ ਗੰਦ ਪਿੱਛੇ ਅੱਜ ਕੱਲ ਇੱਕ ਦੂਜੀ ਦੇ ਢੁੱਡਾਂ ਮਾਰਦੀਆਂ? ਇਸ ਤੋਂ ਕਿਤੇ ਚੰਗਾ ਹੋਵੇ ਜੇ ਇਹ ਬੁੱਚੜਖਾਨੇ ਪਹੁੰਚ ਜਾਣ। ਇਸ ਤਰ੍ਹਾਂ ਦੀ ਜੂਨ ਤੋਂ ਛੁਟਕਾਰਾ ਤਾਂ ਮਿਲੈ। ਵੈਸੇ ਤਾਂ ਜੀ ਗਊ ਮਾਤਾ ਹੋਵੇ ਜਾਂ ਭਾਰਤ ਮਾਤਾ ਹੋਵੇ ਜਾਂ ਫਿਰ ਆਂਟੀ ਵਰਗੀ ਜਨਨੀ ਮਾਤਾ ਹੋਵੇ, ਹਾਲ ਇਸ ਦੇਸ਼ ਵਿਚ ਸਭ ਦਾ ਹੀ ਮਾੜਾ।" ਮੈਂ ਰਾਮਸਰਨ ਦਾ ਹੱਥ ਹਲਕਾ ਜਿਹਾ ਦੱਬਿਆ।

"ਦੂਜਾ ਮੁੰਡਾ ਫਿਰ ਆਂਟੀ ਨਾਲ ਹੀ ਰਹਿੰਦਾ ਹੋਣੈ।" ਮੈਂ ਗੱਲ ਦੀ ਲੜੀ ਜੋੜਨ ਲਈ ਟੋਟਾ ਲਾਇਆ।

"ਨਾ ਜੀ – ਮਦਨ ਆਪਣੀ ਨੌਕਰੀ ਵਿਚ ਇੱਕ ਸਟੇਸ਼ਨ ਤੇ ਵੱਧ ਤੋਂ ਵੱਧ ਤਿੰਨ ਸਾਲ ਰਹਿ ਸਕਦਾ ਸੀ। ਉਸਦੀ ਬਦਲੀ ਪਟਿਆਲੇ ਦੀ ਹੋ ਗਈ ਸੀ। ਉਸਦੀ ਪਤਨੀ ਵੀ ਨਾਲ ਹੀ ਪਟਿਆਲੇ ਚਲੀ ਗਈ। ਆਂਟੀ ਇਕੱਲੀ ਦੀ ਇਕੱਲੀ ਰਹਿ ਗਈ। ਮਦਨ ਵੀ ਕਈ ਮਹੀਨੇ ਆਂਟੀ ਨੂੰ ਮਿਲਣ ਨਾ ਆਇਆ। ਸਰੂਪ ਤਾਂ ਜਿਵੇਂ ਚੰਡੀਗੜ੍ਹ ਦਾ ਹੀ ਹੋ ਕੇ ਰਹਿ ਗਿਆ ਸੀ। ਆਂਟੀ ਪੁੱਤਰਾਂ ਲਈ ਔਸੀਆਂ ਪਾਉਂਦੀ ਰਹਿੰਦੀ। ਉਹਦੇ ਚਿਹਰੇ ਤੇ ਪਿਲੱਤਣ ਛਾ ਗਈ। ਉਸਨੇ ਕਦੀ ਕਿਸੇਂ ਨੂੰ ਆਪਣੇ ਦਿਲ ਦਾ ਦਰਦ ਕਹਿ ਕੇ ਨਹੀਂ ਸੁਣਾਇਆ ਸੀ। ਆਂਟੀ ਨੇ ਕਦੀ ਵੀ ਆਪਣੇ ਨੂੰਹ-ਪੁੱਤਰਾਂ ਬਾਰੇ ਕੋਈ ਸ਼ਿਕਾਇਤ ਨਹੀਂ ਕੀਤੀ ਸੀ।"

"ਇੱਕ ਦਿਨ ਸਰੂਪ ਅਚਾਨਕ ਆ ਧਮਕਿਆ। ਆਂਟੀ ਹੈਰਾਨ ਹੋਈ ਖੜ੍ਹੀ ਰਹੀ। ਉਹ ਕਿੰਨਾ ਚਿਰ ਉਸ ਵੱਲ ਵੇਖਦੀ ਰਹੀ, ਜਿਵੇਂ ਉਸਦੇ ਆਉਣ ਦੀ ਉਹ ਉਮੀਦ ਹੀ ਮਿਟਾ ਬੈਠੀ ਹੋਵੇ। ਸਰੂਪ ਨੇ ਚਾਹ ਪੀਂਦਿਆਂ ਇੱਧਰ ਉੱਧਰ ਦੀਆਂ ਗੱਲਾਂ ਕੀਤੀਆਂ। ਉਹ ਬੇ-ਆਰਾਮੀ ਜਿਹੀ ਮਹਿਸੂਸ ਕਰ ਰਿਹਾ ਸੀ। ਉਹ ਕੁਝ ਕਹਿਣਾ ਚਾਹੁੰਦਾ ਸੀ ਪਰ ਝਿਜਕ ਵੀ ਰਿਹਾ ਸੀ। ਕਹਿਣ ਤੋਂ ਬਿਨਾਂ ਕੋਈ ਚਾਰਾ ਵੀ ਨਹੀਂ ਸੀ।"

"ਮੰਮੀ ਮੈਂ ਚੰਡੀਗੜ੍ਹ ਆਪਣੇ ਵਾਸਤੇ ਕੋਈ ਫਲੈਟ ਦੇਖ ਰਿਹਾ ਹਾਂ। ਇਸ ਲਈ ਇਸ ਘਰ ਤੋਂ ਆਪਣਾ ਹਿੱਸਾ ਵੇਚਣਾ ਚਾਹੁੰਦਾ ਹਾਂ।" ਆਂਟੀ ਸੁਣਕੇ ਜਿਵੇਂ ਸੁੰਨ ਹੋ ਗਈ। ਉਹ ਕਿੰਨਾਂ ਚਿਰ ਬੇਹਰਕਤ ਪੀੜ੍ਹੀ ਤੇ ਬੈਠੀ ਰਹੀ। ਉਸਨੂੰ ਕੋਈ ਜਵਾਬ ਔੜ ਹੀ ਨਹੀਂ ਰਿਹਾ ਸੀ। ਸਰੂਪ ਜਵਾਬ ਉਡੀਕ ਰਿਹਾ ਸੀ।

"ਮੰਮੀ ਚੰਡੀਗੜ੍ਹ, ਮੈਂ ਕੰਮ ਕਰਦਾ ਆਂ ਅਤੇ ਉੱਥੇ ਹੀ ਰਹਿਣਾਂ। ਫਿਰ ਇੱਥੇ ਘਰ ਰੱਖਣ ਦੀ ਮੈਨੂੰ ਕੋਈ ਤੁੱਕ ਨਹੀਂ ਲੱਗਦੀ।"

"ਪੁੱਤ, ਇਹ ਘਰ ਮੇਰਾ ਹੈ ਕਿਉਂਕਿ ਤੇਰੇ ਪਿਉ ਨੇ ਮੇਰੇ ਵਾਸਤੇ ਅਤੇ ਤੁਹਾਡੇ ਵਾਸਤੇ ਬਣਾਇਆ ਸੀ। ਹਾਲੇ ਇਹ ਮੇਰੇ ਸਿਰ ਢੱਕਣ ਦੀ ਥਾਂ ਹੈ। ਤੇਰਾ ਹਿੱਸਾ ਕਿਵੇਂ ਵੇਚਾਂ? ਮਦਨ ਦਾ ਹਿੱਸਾ ਵੀ ਤਾਂ ਹੈ। ਫਿਰ ਮੈਂ ਕਿੱਥੇ ਰਹੂੰਗੀ?

"ਮੰਮੀ ਮੇਰੇ ਕੋਲ ਆ ਕੇ ਚੰਡੀਗੜ੍ਹ ਰਹੋ। ਕਦੇ ਮਦਨ ਕੋਲ ਚਲੇ ਗਏ।"

"ਨਹੀਂ ਬੇਟਾ, ਮੈਂ ਸਾਰੀ ਉਮਰ ਇੱਥੇ ਕੱਟੀ ਐ। ਇੱਥੇ ਹੀ ਰਹਿਣਾ ਚਾਹੂੰਗੀ।" ਵੱਡੀ ਬਹੂ ਦਾ ਸੁਭਾਅ ਆਂਟੀ ਨੂੰ ਯਾਦ ਆਇਆ। ਗੱਲ ਬਣਦੀ ਨਾ ਵੇਖ ਕੇ ਸਰੂਪ ਵਾਪਿਸ ਚਲਾ ਗਿਆ। ਘਰ ਜਾਂਦੇ ਦੀ ਵਹੁਟੀ ਅੱਗੇ ਪੇਸ਼ੀ ਹੋ ਗਈ। ਸਾਰੀ ਗੱਲਬਾਤ ਸੁਣਕੇ ਉਹ ਕੱਪੜਿਆਂ ਤੋਂ ਬਾਹਰ ਹੋਣ ਲੱਗੀ।

"ਨਾ ਇਹ ਬੁੱਢੀ ਮਰੇ ਨਾ ਖਹਿੜਾ ਛੱਡੇ। ਉਦੋਂ ਤੱਕ ਇੱਥੇ ਕਿਰਾਇਆ ਤੇ ਧੱਕੇ ਖਾਓ। ਜਾ ਕੇ ਮਦਨ ਨਾਲ ਗੱਲ ਕਰੋ। ਬੁੱਢੀ ਨੂੰ ਸਿਰ ਢੱਕਣ ਲਈ ਮਾੜੀ-ਮੋਟੀ ਬੈਠਕ ਕਿਰਾਏ ਤੇ ਲੈ ਦਿਉ। ਤੁਹਾਡੇ 'ਚ ਤਾਂ ਰੱਬ ਨੇ ਗੱਲਬਾਤ ਕਰਨ ਦੀ ਅਕਲ ਪਾਈ ਹੀ ਨਹੀਂ।" ਉਹ ਕਿੰਨਾ ਕੁਝ ਬੋਲਦੀ ਰਹੀ। ਸਰੂਪ ਸੁਣਦਾ ਰਿਹਾ। ਪਹਿਲਾਂ-ਪਹਿਲਾਂ ਸਰੂਪ ਭਟਕ ਜਾਂਦਾ ਸੀ। ਹੁਣ ਉਹ ਹੌਲੀ-ਹੌਲੀ ਉਸਦੀ ਬੱਕ-ਬੱਕ ਸੁਣਕੇ ਚੁੱਪ ਰਹਿਣ ਦਾ ਆਦੀ ਹੋ ਗਿਆ ਸੀ।

"ਸਰੂਪ ਮਦਨ ਨਾਲ ਗੱਲ ਕਰਨ ਲਈ ਪਟਿਆਲੇ ਚਲਾ ਗਿਆ। ਮਦਨ ਮੰਮੀ ਦਾ ਪਤਾ ਨਹੀਂ ਕਦੇ ਟਾਇਮ ਪੂਰਾ ਹੋ ਜਾਵੇ। ਡੈਡੀ ਵਾਂਗੂੰ ਸ਼ਾਇਦ ਮਿੰਟ ਵੀ ਨਾ ਲੱਗੇ। ਆਪਾਂ ਮੰਮੀ ਨੂੰ ਕਹਿ ਕੇ ਮੁਖ਼ਤਿਆਰਨਾਮਾ ਆਪਣੇ ਨਾਂ ਕਰਵਾ ਲਈਏ। ਆਹ ਨਾ ਹੋਵੇ ਮੰਮੀ ਦੇ ਮਰਨ ਪਿੱਛੋਂ ਸ਼ਰੀਕ ਕੋਈ ਪੰਗਾ ਈ ਨਾ ਖੜ੍ਹਾ ਕਰ ਦੇਣ। ਵੈਸੇ ਵੀ ਆਪਾਂ ਨੂੰ ਆਪਣੇ-ਆਪਣੇ ਘਰ ਚਾਹੀਦੇ ਐ। ਕਦੋਂ ਤੱਕ ਆਪਾਂ ਕਿਰਾਇਆ ਤੇ ਰੁਲਦੇ ਫਿਰਾਂਗੇ। ਮੰਮੀ ਉੱਥੋਂ ਆਉਣ ਨੂੰ ਤਿਆਰ ਨਹੀਂ। ਉਹਦੀ ਮਰਜ਼ੀ.......।" ਸਰੂਪ ਦੀਆਂ ਗੱਲਾਂ ਸੁਣਕੇ ਮਦਨ ਵੀ ਆਪਣਾ ਘਰ ਬਣਾਉਣ ਬਾਰੇ ਸੋਚਣ ਲੱਗਾ। ਅਗਲੇ ਦਿਨ ਦੋਵੇਂ ਮੰਮੀ ਕੋਲ ਆ ਗਏ। "ਮੰਮੀ ਤੁਸੀਂ ਰਹੋ ਇੱਥੇ ਈ। ਬੱਸ ਸਾਨੂੰ ਮੁਖ਼ਤਿਆਰਨਾਮਾ ਦੇ ਦਿਉ। ਤਾਂਕਿ ਕੱਲ੍ਹ ਨੂੰ ਕੋਈ ਸ਼ਰੀਕ ਐਵੇਂ ਲੱਤ ਨਾ ਅੜਾ ਸਕੇ।" ਸਰੂਪ ਨੇ ਮਦਨ ਨੂੰ ਵੀ ਕੂਹਣੀ ਮਾਰੀ। ਉਹ ਵੀ ਹਾਂ ਵਿਚ ਹਾਂ ਮਿਲਾਉਣ ਲੱਗਾ। ਆਂਟੀ ਮੁਖ਼ਤਿਆਰਨਾਮਾ ਦੇਣ ਨੂੰ ਤਿਆਰ ਹੋ ਗਈ। ਦੂਸਰੇ ਦਿਨ ਕਚਹਿਰੀ ਵਿਚ ਜਾ ਕੇ ਮੁਖ਼ਤਿਆਰਨਾਮਾ ਬਣਾ ਲਿਆ।"

"ਇੱਕ ਮਿੰਟ" ਕਹਿ ਕੇ ਰਾਮਸਰਨ ਆਂਟੀ ਨੂੰ ਚਾਹ ਦਾ ਗਿਲਾਸ ਫੜਾਉਣ ਚਲਾ ਗਿਆ। ਮੈਨੂੰ ਮਹਿਸੂਸ ਹੋਇਆ ਜਿਵੇਂ ਰਾਮਸਰਨ ਤੋਂ ਚਾਹ ਦਾ ਗਿਲਾਸ ਫੜਦਿਆਂ ਆਂਟੀ ਦੀਆਂ ਅੱਖਾਂ ਭਰ ਆਈਆਂ ਹੋਣ। ਰਾਮਸਰਨ ਨੇ ਆਂਟੀ ਕੋਲ ਪਲ ਕੁ ਪੈਰ ਮਲਿਆ ਅਤੇ ਫਿਰ ਮੇਰੇ ਕੋਲ ਆ ਗਿਆ।

"ਮਸਾਂ ਦੋ ਮਹੀਨੇ ਲੰਘੇ ਹੋਣਗੇ। ਇੱਕ ਦਿਨ ਇੱਕ ਬੰਦਾ ਦੁਪਹਿਰ ਬਾਅਦ ਆ ਧਮਕਿਆ। ਇਸ ਬੰਦੇ ਨੂੰ ਸਰੂਪ ਨੇ ਪਹਿਲਾਂ ਵੀ ਇੱਕ ਵਾਰ ਘਰ ਲਿਆਂਦਾ ਸੀ। ਆਂਟੀ ਦੇ ਚਾਹ ਬਣਾਉਂਦਿਆਂ ਸਰੂਪ ਨੇ ਚੁਪਕੇ ਜਿਹੇ ਉਸਨੂੰ ਘਰ ਦਿਖਾ ਦਿੱਤਾ ਸੀ। ਉਹ ਘਰ ਵਿਚ ਮਾਲਕਾਂ ਵਾਂਗੂ ਦਾਖਲ ਹੋਇਆ। ਆਂਟੀ ਹੈਰਾਨ ਪ੍ਰੇਸ਼ਾਨ ਜਿਹੀ ਉਸ ਵੱਲ ਵੇਖਣ



ਲੱਗੀ।

"ਆਂਟੀ ਜੀ ਤੁਹਾਨੂੰ ਪਤਾ ਈ ਐ ਇਹ ਘਰ ਤਾਂ ਮੈਂ ਖਰੀਦ ਲਿਆ ਐ। ਅੱਜ ਰਜਿਸਟਰੀ ਹੋ ਗਈ ਐ। ਪੈਸੇ ਸਰੂਪ ਅਤੇ ਮਦਨ ਨੂੰ ਦੇ ਦਿੱਤੇ ਐ। ਉਹ ਕਹਿੰਦੇ ਸੀ ਸ਼ਾਮ ਨੂੰ ਆ ਕੇ ਤੁਹਾਨੂੰ ਲੈ ਜਾਣਗੇ। ਮੈਂ ਸ਼ਾਮੀਂ ਆ ਕੇ ਆਪਣਾ ਜਿੰਦਾ ਲਾ ਲਵਾਂਗਾ।" ਆਂਟੀ ਨੂੰ ਉਸਦੇ ਕਹੇ ਸ਼ਬਦਾਂ ਤੇ ਯਕੀਨ ਨਾ ਆਇਆ। ਉਹ ਥਾਂਏ ਦੀ ਥਾਂਏ ਬੈਠ ਗਈ। ਬੰਦਾ ਚਲਾ ਗਿਆ। ਆਂਟੀ ਦੀਆਂ ਅੱਖਾਂ ਅੱਗੇ ਹਨ੍ਹੇਰਾ ਛਾ ਗਿਆ। ਏਨੀ ਇਮਾਨਦਾਰ, ਮਿਹਨਤ ਅਤੇ ਸ਼ੌਕ ਨਾਲ ਬਣਾਏ ਘਰ ਨੂੰ ਉਸਦੇ ਪੁੱਤਰ ਏਨੀ ਮੱਕਾਰੀ ਅਤੇ ਧੋਖੇ ਨਾਲ ਵੇਚ ਦੇਣਗੇ। ਆਂਟੀ ਨੇ ਕਦੇ ਸੋਚਿਆ ਵੀ ਨਹੀਂ ਹੋਣਾ। ਆਂਟੀ ਨੇ ਹੌਲੀ-ਹੌਲੀ ਮੋਟਾ-ਮੋਟਾ ਸਮਾਨ ਬੰਨ੍ਹਿਆ। ਉਹ ਮੁੰਡਿਆਂ ਨੂੰ ਉਡੀਕਣ ਲੱਗੀ। ਮੁੰਡਿਆਂ ਨੇ ਕਿੱਥੋਂ ਆਉਣਾ ਸੀ। ਪੈਸੇ ਜੇਬ ਵਿਚ ਪਾ ਕੇ ਉਹ ਦੋਵੇਂ ਮਾਂ ਨੂੰ ਭੁੱਲ ਗਏ ਸਨ। ਰਾਤ ਨੂੰ ਨਵੇਂ ਮਕਾਨ ਮਾਲਕ ਨੇ ਤਰਸ ਖਾ ਕੇ ਉਸਨੂੰ ਉੱਥੇ ਸੌਣ ਲਈ ਥਾਂ ਦੇ ਦਿੱਤੀ। ਦੂਜਾ, ਤੀਜਾ ਦਿਨ ਵੀ ਲੰਘ ਗਿਆ। ਨਾ ਮੁੰਡੇ ਆਏ ਅਤੇ ਨਾ ਮੁੰਡਿਆਂ ਦਾ ਕੋਈ ਪਤਾ ਠਿਕਾਣਾ ਆਂਟੀ ਨੂੰ ਪਤਾ ਸੀ। ਜਾਵੇ ਤਾਂ ਕਿੱਥੇ ਜਾਵੇ? ਅਗਲੇ ਨੇ ਕਾਗਜ਼ ਅੱਗੇ ਰੱਖ ਦਿੱਤੇ ਸਨ ਘਰ ਤਾਂ ਖਾਲੀ ਕਰਨਾ ਪੈਣਾ ਹੀ ਸੀ।"

"ਘਰ ਦੇ ਵਾਧੂ ਘਾਟੂ ਭਾਂਡੇ ਅਤੇ ਸਾਮਾਨ ਆਂਟੀ ਨੇ ਵੇਚ ਸੁੱਟਿਆ। ਕਿਧਰੇ ਇੱਕ ਕਮਰਾ ਕਿਰਾਏ 'ਤੇ ਲੈ ਲਿਆ। ਚਾਰ ਕੁ ਮਹੀਨੇ ਦਾ ਕਿਰਾਇਆ ਦੇਣ ਤੋਂ ਬਾਅਦ ਪੈਸੇ ਮੁੱਕ ਗਏ। ਬੁੱਢੀ ਜਾਨ ਕਿਸੇ ਕੰਮ ਜੋਗੀ ਵੀ ਨਹੀਂ। ਅੰਤ ਗੱਠੜੀ ਚੁੱਕ ਕੇ ਉੱਥੋਂ ਵੀ ਨਿਕਲ ਪਈ। ਦੇਖ ਲਓ ਅੱਜ ਘਰ ਦੀ ਮਾਲਕਣ, ਮੰਗਤੀ ਬਣੀ ਬੈਠੀ ਐ।"

ਅਖ਼ਬਾਰ ਵਾਲਾ ਮੁੰਡਾ ਅੱਜ ਦਾ ਅਖ਼ਬਾਰ ਰਾਮਸਰਨ ਨੂੰ ਫੜਾ ਗਿਆ ਸੀ। ਰਾਮਸਰਨ ਕਾਹਲੀ-ਕਾਹਲੀ ਅਖ਼ਬਾਰ ਫਰੋਲ ਰਿਹਾ ਸੀ। ਅਸਲ 'ਚ ਉਹ ਗੁੰਮਸ਼ੁਦਾ ਲੋਕਾਂ ਵਾਲਾ ਕਾਲਮ ਲੱਭ ਰਿਹਾ ਸੀ।

"ਬਾਊ ਜੀ ਅੱਜ ਤੱਕ ਪੇਪਰ ਵਿਚ ਆਂਟੀ ਦੀ ਭਾਲ ਲਈ ਉਹਨਾਂ ਨੇ 'ਗੁੰਮਸ਼ੁਦਾ' ਦਾ ਇਸ਼ਤਿਹਾਰ ਵੀ ਨਹੀਂ ਦਿੱਤਾ। ਮੈਂ ਹਰ ਰੋਜ਼ ਦੇਖਦਾ ਹਾਂ। ਆਂਟੀ ਨੂੰ ਘਰ ਦੀ ਵਾਧੂ ਚੀਜ਼ ਸਮਝ ਕੇ ਉਹਨਾਂ ਨੇ ਵਿਸਾਰ ਦਿੱਤਾ ਐ।" ਉਸਦੀ ਆਵਾਜ਼ ਵਿਚ ਪੀੜ ਸੀ।

"ਰਾਮਸਰਨ ਗੁੰਮਸ਼ੁਦਾ ਆਂਟੀ ਨਹੀਂ, ਗੁੰਮਸ਼ੁਦਾ ਤਾਂ ਆਂਟੀ ਦੇ ਮੁੰਡਿਆਂ ਦਾ ਧਰਮ ਅਤੇ ਈਮਾਨ ਐ।" ਮੈਂ ਵੇਖਿਆ ਮੇਰੀ ਘੜੀ 'ਤੇ ਟਾਈਮ ਬਹੁਤ ਹੋ ਗਿਆ ਸੀ। ਮੈਂ ਦਫ਼ਤਰ ਵੱਲ ਨੂੰ ਹੋ ਤੁਰਿਆ। ਉਦਾਸ-ਉਦਾਸ ਗਊਆਂ ਹਾਲੇ ਵੀ ਗੰਦ ਵਿਚ ਮੂੰਹ ਮਾਰ ਰਹੀਆਂ ਸਨ। ਆਂਟੀ ਦਰੱਖਤ ਦੇ ਤਣੇ ਨਾਲ ਬੈਠੀ ਖਾਲੀ-ਖਾਲੀ ਅੱਖਾਂ ਨਾਲ ਗਊਆਂ ਵੱਲ ਵੇਖ ਰਹੀ ਸੀ। •

# 1. ਕਲਾ ਦੀ ਆਲੋਚਨਾ

**ਅੰਮ੍ਰਿਤਾ ਸ਼ੇਰਗਿੱਲ**

(ਲੜੀ ਜੋੜਨ ਲਈ ਵੇਖੋ ਪਿਛਲਾ ਅੰਕ)

ਆਰੰਭ ਵਿਚ ਹੀ ਮੈਂ ਇਹ ਦੱਸ ਦਿਆਂਗੀ ਕਿ ਕਿਸੇ ਨੇ ਤਸਵੀਰ ਨੂੰ ਕਿਵੇਂ ਤੱਕਣਾ ਹੈ ਤਾਂ ਕਿ ਇਸ ਵਿਚੋਂ ਵੱਧ ਤੋਂ ਵੱਧ ਕਲਾਤਮਿਕ ਆਨੰਦ ਪ੍ਰਾਪਤ ਕਰ ਸਕੇ। ਪਹਿਲੀ ਗੱਲ ਕਿ ਤਸਵੀਰ ਚਿਤਰ ਤਾਂ ਹੋਵੇ, ਜਿਸ ਦਾ ਅਰਥ ਹੈ ਕਿ ਕੁਰਸੀ ਜਾਂ ਬੂਟਾਂ ਦਾ ਜੋੜਾ ਸੁਹਜਾਤਮਿਕ ਪੱਖੋਂ ਸੰਤੁਸ਼ਟ ਕਰਨ ਵਾਲਾ ਤੇ ਸੰਤੁਸ਼ਟੀ ਦੇਣ ਵਾਲਾ ਹੋਵੇ, ਜਿੰਨਾ ਕਿ ਖਾਸ ਤੌਰ ਤੇ ਸੁੰਦਰ ਮਨੁੱਖ ਜਾਂ ਦਿਲਕਸ਼ ਔਰਤ ਦਾ ਪੋਰਟਰੇਟ (ਕਲਾ ਦਾ ਮਨੋਰਥ ਹੈ ਅਮੂਰਤ ਸੁੰਦਰਤਾ ਦੇ ਟਾਕਰੇ ਉੱਤੇ ਕਲਾਤਮਿਕ ਜਜ਼ਬੇ ਦੀ ਪੇਸ਼ਕਾਰੀ, ਰੇਖਾ, ਰੂਪ, ਰੰਗ ਤੇ ਡੀਜ਼ਾਇਨ ਦੀ ਸ਼ਕਤੀ ਜੋ ਉਸ ਖੁਸ਼ੀ ਦੇ ਟਾਕਰੇ ਦੀ ਹੋਵੇ, ਜਿਹੜੀ ਕੋਈ ਤਸਵੀਰ ਵਿਚਲੀ ਚਿਤਰੀ ਕਿਸੇ ਵਸਤੂ ਦੀ ਸੁੰਦਰਤਾ ਵਿਚੋਂ ਪ੍ਰਾਪਤ ਹੁੰਦੀ ਹੈ) ਮੈਂ ਇਸ ਨੁਕਤੇ ਉੱਤੇ ਕਾਫੀ ਜ਼ੋਰ ਨਹੀਂ ਦੇ ਸਕਦੀ ਹਾਂ, ਕਿਉਂਕਿ ਇਹ ਗੱਲ ਕਲਾ-ਕਿਰਤਾਂ ਦੇ ਮੁਲਾਂਕਣ ਲਈ ਖਾਸ ਮਹੱਤਤਾ ਰੱਖਦਾ ਹੈ। ਇਹ ਹਰ ਸੁਹਜਾਤਮਿਕ ਅਤੇ ਕਲਾਤਮਿਕ ਗਿਆਨ ਦਾ ਊੜਾ-ਐੜਾ ਹੈ।

ਮੈਂ ਇਸ ਗੱਲ ਤੋਂ ਬਾ-ਖ਼ਬਰ ਹਾਂ ਕਿ ਇਸ ਤਰ੍ਹਾਂ ਦੀ ਪ੍ਰਸ਼ੰਸਾ, ਜੋ ਪ੍ਰਗਟ ਤੌਰ ਤੇ ਮਹਿਜ਼ ਵਾਸ਼ਨਾਮਈ ਦਿਲਚਸਪੀ ਤੋਂ ਕਿਤੇ ਵਧੇਰੇ ਉਚੇਰੀ ਪੱਧਰ ਦੀ ਹੁੰਦੀ ਹੈ, ਪ੍ਰਾਪਤ ਕਰਨੀ ਕਿਤੇ ਔਖੇਰੀ ਹੈ, ਖਾਸ ਤੌਰ ਤੇ ਅਸੀਮ ਬਹੁ-ਗਿਣਤੀ ਉਹਨਾਂ ਲਈ, ਜਿਹਨਾਂ ਕਦੇ ਅਸਲੀ ਪੇਟਿੰਗ ਨਹੀਂ ਵੇਖੇ (ਸੁਤੇ ਸਿੱਧ ਪੇਟਿੰਗ) ਮਿਸਾਲ ਵਜੋਂ ਅਜੰਤਾ ਜਾਂ ਬਾਗ ਦੀਆਂ ਗੁਫਾਵਾਂ ਦੀਆਂ ਤਸਵੀਰਾਂ। ਇਹ ਸ਼ਾਇਦ ਰੰਗਕਲਾ ਦਾ ਸਭ ਤੋਂ ਉੱਤਮ ਨਮੂਨਾ ਹੈ, ਜਿਹੜਾ ਕਿਸੇ ਦੇਸ਼ ਜਾਂ ਸੱਭਿਅਤਾ ਨੇ ਕਦੇ ਪੈਦਾ ਕੀਤਾ ਹੋਵੇ ਤੇ ਜਦੋਂ ਕਦੇ ਅਜਿਹੀ ਕਲਾ ਨੂੰ ਵੇਖਣ ਦਾ ਉਹਨਾਂ ਨੂੰ ਮੌਕਾ ਦਿੱਤਾ ਜਾਂਦਾ ਹੈ ਤਾਂ ਉਹਨਾਂ ਨੂੰ ਇਹ ਸਿਖਾਇਆ ਨਹੀਂ ਜਾਂਦਾ ਕਿ ਉਹਨਾਂ ਨੂੰ ਕਿਵੇਂ ਵੇਖਣਾ ਹੈ। ਜੇ ਉਹਨਾਂ ਨੂੰ ਉਹਨਾਂ ਦੇ ਆਪਣੇ ਉੱਦਮ 'ਤੇ ਛੱਡ ਦੇਈਏ। (ਸਿਵਾਏ ਕੁਝ ਉਹਨਾਂ ਦੇ ਜਿਹਨਾਂ ਨੂੰ ਕੁਦਰਤੀ ਹੀ ਅਸਧਾਰਨ ਕਲਾਤਮਿਕ ਸੰਵੇਦਨਸ਼ੀਲਤਾ ਦਾ ਵਰ ਮਿਲਿਆ ਹੁੰਦਾ ਹੈ) ਵਧੇਰੇ ਬਹੁ-ਗਿਣਤੀ ਲੋਕ ਤਸਵੀਰਾਂ ਵਿਚੋਂ ਉਹ ਜਜ਼ਬਾਤੀ ਕਿੱਲੀਆਂ ਤਲਾਸ਼ਣ ਦੀ ਆਮ ਗਲਤੀ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਿਨ੍ਹਾਂ ਨਾਲ ਉਹ ਆਪਣੀਆਂ ਭਾਵਨਾਵਾਂ (ਆਮ ਕਰਕੇ ਭਾਵਕ ਜਾਂ ਰੋਮਾਂਟਿਕ) ਲਟਕਾਉਣ ਦਿੰਦੇ ਹਨ ਤੇ ਇਹ ਕਲਪਨਾ ਕਰਦੇ ਹਨ ਕਿ ਜੋ ਕੁਝ ਉਹਨਾਂ ਨੂੰ ਇਸ ਪ੍ਰਕਿਰਿਆ ਵਿਚੋਂ ਮਿਲਿਆ ਹੈ, ਉਹ ਅਸਲੀ ਸੁਹਜਾਤਮਿਕ ਜਜ਼ਬੇ ਦੀ ਖੁਸ਼ੀ ਦਾ ਸਮਾਨਅਰਥਾ ਹੈ, ਜੋ ਮਹਿਜ਼ ਰੰਗਾਂ ਦੀ ਸੁੰਦਰਤਾ ਦੇ ਖ਼ਿਆਲ ਵਿਚੋਂ ਲੱਭੀ ਜਾਂਦਾ ਹੈ।

ਪੇਟਿੰਗ ਕਿਸੇ ਵੀ ਤਸਵੀਰ ਵਿਚ ਮੁੱਢਲਾ ਅੰਗ ਹੈ ਤੇ ਵਿਸ਼ਾ ਸਿਰਫ ਦੂਸਰਾ ਤੱਤ ਕਲਾ ਦੇ ਉੱਤਮ ਰੂਪਾਂ ਵਿਚ ਸਿਰਫ਼ ਦਰਸ਼ਕ ਦੀ ਮਨੁੱਖੀ ਦਿਲਚਸਪੀ ਨਾਲ ਵਿਖਾਏ ਗਏ



ਮਰਦ ਤੇ ਔਰਤਾਂ ਦੇ ਖੇਖਣ ਜਾਂ ਸਰੀਰਕ ਹਰਕਤਾਂ ਨਾਲ ਹੀ ਕਲੋਲ ਨਹੀਂ ਕੀਤੇ ਜਾਂਦੇ ਤੇ ਨਾ ਹੀ ਮਨੁੱਖੀ ਘਟਨਾਵਾਂ ਜਾਂ ਤਸਵੀਰ ਵਿਚ ਵਰਣਾਤਮਿਕ ਤੱਤਾਂ ਨੂੰ ਦਿਖਾਇਆ ਜਾਂਦਾ ਹੈ। (ਅਸਲ ਵਿਚ ਇਹ ਸਾਰਾ ਕੁਝ ਚੰਗੀ ਕਲਾ ਵਿਚ ਬਿਲਕੁਲ ਹੀ ਆਮ ਕਰਕੇ ਪੇਸ਼ ਨਹੀਂ ਹੁੰਦਾ ਤੇ ਉਸਨੂੰ ਘ੍ਰਿਣਾ ਕੀਤੀ ਜਾਂਦੀ ਹੈ) ਸਗੋਂ ਉਹਨਾਂ ਤਜਰਬਿਆਂ ਨੂੰ ਪੇਸ਼ ਕੀਤਾ ਜਾਂਦਾ ਹੈ, ਜਿਹਨਾਂ ਨੇ ਕਲਾਕਾਰ ਨੂੰ ਜਜ਼ਬਾਤੀ ਤੌਰ ਤੇ ਹਲੂਣਿਆ ਸੀ ਅਤੇ ਇਹ ਜਜ਼ਬੇ ਕੈਨਵਸ ਉੱਤੇ ਵਰਣਾਤਮਿਕ ਪੱਧਰ ਉੱਤੇ ਸੰਚਾਰਿਤ ਨਹੀਂ ਹੁੰਦੇ, ਸਗੋਂ ਇਸ ਪੱਧਰ ਉੱਤੇ ਹੁੰਦੇ ਹਨ ਜਿੱਥੇ ਹਲਕੀ ਜਜ਼ਬਾਤੀ ਅਪੀਲ ਲਈ ਕੋਈ ਥਾਂ ਨਹੀਂ ਹੁੰਦੀ। ਸਗੋਂ ਇਹ ਡੂੰਘੇ ਜਜ਼ਬਾਤੀ ਮਹੱਤਵ ਦੀ ਰੇਖਾ, ਰੰਗ ਤੇ ਬਣਤਰ ਰਾਹੀਂ ਪੇਸ਼ ਹੁੰਦੇ ਹਨ। ਵਾਨ ਗਾਗ ਦੀ ਸੁੰਦਰ ਟੂਕ ਹੈ, ਮੈਂ ਪ੍ਰਗਟ ਕਰਨਾ ਚਾਹੁੰਦਾ ਹਾਂ -ਪ੍ਰਗਟ ਕਰਨਾ ਚਾਹੁੰਦਾ ਹਾਂ ਹਰੇ ਰੰਗਾਂ ਲਾਲ ਰੰਗਾਂ ਨਾਲ ਇਹਨਾਂ ਭਿਆਨਕ ਤੇ ਵਿਕਰਾਲ ਮਨੁੱਖੀ ਜਜ਼ਬਿਆਂ ਨੂੰ। ਇਹ ਕਥਨ ਉਸ ਗੱਲ ਨੂੰ ਏਨੀ ਠੀਕ ਤਰ੍ਹਾਂ ਪੇਸ਼ ਕਰਦਾ ਹੈ ਜੋ ਮੈਂ ਹਵਾਲਾ ਦੇਣੋਂ ਰਹਿ ਨਹੀਂ ਸਕਦੀ।

ਕਲਾਈਵ ਬੈੱਲ, ਕਲਾ ਬਾਰੇ ਆਪਣੀ ਸ਼ਾਨਦਾਰ ਪੁਸਤਕ ਵਿਚ ਕਹਿੰਦਾ ਹੈ, "ਜੇ ਕਿਸੇ ਕਲਾਕਾਰ ਵਿਚ ਜੀਵਨ ਦੇ ਜਜ਼ਬਿਆਂ ਨਾਲ ਕਲੋਲ ਕਰਨ ਦੀ ਪ੍ਰਵਿਰਤੀ ਹੋਵੇ ਤਾਂ ਇਹ ਬਹੁਤ ਵਾਰ ਟਿਮਟਿਮਾਉਂਦੀ ਪ੍ਰੇਰਨਾ ਦਾ ਚਿੰਨ ਹੁੰਦੀ ਹੈ ਅਤੇ ਇੱਕ ਦਰਸ਼ਕ ਵਿਚ ਜ਼ਿੰਦਗੀ ਦੇ ਜਜ਼ਬਿਆਂ ਵਿਚ ਕੁਝ ਤਲਾਸ਼ਣ ਦਾ ਝੁਕਾ ਹੁੰਦੀ ਹੈ ਤਾਂ ਇਹ ਹਮੇਸ਼ਾ ਦੋਸ਼-ਪੂਰਨ ਸੰਵੇਦਨਸ਼ੀਲਤਾ ਦੀ ਨਿਸ਼ਾਨੀ ਹੁੰਦੀ ਹੈ। ਇੱਕ ਕਲਾਕ੍ਰਿਤੀ ਦੇ ਸਨਮੁੱਖ ਜੋ ਲੋਕ ਸ਼ੁੱਧ ਰੂਪ ਲਈ ਕੋਈ ਜਜ਼ਬਾ ਜਾਂ ਘੱਟ ਜਜ਼ਬਾ ਅਨੁਭਵ ਕਰਦੇ ਹਨ ਤਾਂ ਉਹ ਨੁਕਸਾਨ ਉਠਾਉਂਦੇ ਹਨ। ਉਹ ਸੰਗੀਤ ਦੀ ਮਹਿਫਿਲ ਵਿਚ ਬੋਲ਼ਿਆਂ ਵਰਗੇ ਹੁੰਦੇ ਹਨ। ਉਹ ਇਹ ਗੱਲ ਜਾਣਦੇ ਹਨ ਕਿ ਉਹ ਕਿਸੇ ਮਹਾਨ ਚੀਜ਼ ਦੇ ਸਨਮੁੱਖ ਹਨ ਪਰ ਉਹਨਾਂ ਵਿਚ ਇਸ ਨੂੰ ਸਮਝਣ ਦੀ ਸ਼ਕਤੀ ਦੀ ਘਾਟ ਹੁੰਦੀ ਹੈ। ਉਹ ਜਾਣਦੇ ਹਨ ਕਿ ਉਹਨਾਂ ਨੂੰ ਇਸ ਵਾਸਤੇ ਮਹਾਨ ਭਾਵਨਾ ਅਨੁਭਵ ਕਰਨੀ ਚਾਹੀਦੀ ਹੈ। ਪਰ ਹੁੰਦਾ ਇਹ ਹੈ ਕਿ ਜਿਹੜਾ ਖਾਸ ਤਰ੍ਹਾਂ ਦਾ ਜਜ਼ਬਾ ਇਸ ਕਲਾ-ਕ੍ਰਿਤੀ ਨੇ ਉਭਾਰਨਾ ਹੁੰਦਾ ਹੈ, ਜਿਸ ਨੂੰ ਮੁਸ਼ਕਿਲ ਨਾਲ ਹੀ ਅਨੁਭਵ ਕਰਦੇ ਹਨ ਜਾਂ ਬਿਲਕੁਲ ਹੀ ਨਹੀਂ ਕਰਦੇ। ਇੰਝ ਉਹ ਕਲਾਕ੍ਰਿਤੀ ਦੇ ਰੂਪਾਂ ਵਿਚੋਂ ਉਹ ਤੱਥ ਤੇ ਖਿਆਲ ਪੜ੍ਹਦੇ ਹਨ, ਜਿਹਨਾਂ ਬਾਰੇ ਉਹ ਜਜ਼ਬਿਆਂ ਨੂੰ ਅਨੁਭਵ ਕਰਨ ਦੇ ਯੋਗ ਹੁੰਦੇ ਹਨ ਤੇ ਉਹਨਾਂ ਜਜ਼ਬਿਆਂ ਨੂੰ ਅਨੁਭਵ ਕਰਦੇ ਹਨ ਜੋ ਉਹ ਮਹਿਸੂਸ ਕਰ ਸਕਦੇ ਹਨ ਤੇ ਜੋ ਜੀਵਨ ਦੇ ਆਮ ਜਜ਼ਬੇ ਹੁੰਦੇ ਹਨ। ਜਦੋਂ ਉਹਨਾਂ ਨੂੰ ਤਸਵੀਰ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਅਚੇਤ ਹੀ ਉਸ ਸੰਸਾਰ ਨੂੰ ਉਹਨਾਂ ਰੂਪਾਂ ਬਾਰੇ ਵਾਪਸੀ ਤੌਰ 'ਤੇ ਦੱਸਦੇ ਹਨ ਜਿੱਥੋਂ ਉਹ ਆਏ ਸਨ। ਉਹ ਰਚੇ ਗਏ ਰੂਪ ਨਾਲ ਅਜਿਹਾ ਵਿਵਹਾਰ ਕਰਦੇ ਹਨ, ਜਿਵੇਂ ਕਿ ਰੂਪ ਦੀ ਨਕਲ ਕਰ ਰਹੇ ਹਨ, ਤਸਵੀਰ ਜਿਵੇਂ ਕਿ ਇਹ ਕੋਈ ਫੋਟੋਗ੍ਰਾਫ ਹੋਵੇ, ਕਲਾ ਦੇ ਵਹਾਓ ਨਾਲ, ਸੁਹਜਾਤਮਿਕ ਅਨੁਭਵ ਦੇ ਨਵੇਂ ਸੰਸਾਰ ਵਿਚ ਜਾਣ ਦੀ ਥਾਂ ਸਿੱਧਾ ਘਰ ਪਰਤਦੇ ਹਨ। ਉਹਨਾਂ ਲਈ ਕਿਸੇ ਕਲਾ-ਕਿਰਤ ਦਾ ਮਹੱਤਵ ਇਸ ਗੱਲ ਉੱਤੇ ਨਿਰਭਰ ਹੈ ਕਿ ਉਹ ਕੀ ਲੈ ਕੇ ਆਉਂਦੇ ਹਨ। ਉਹਨਾਂ

ਦੀਆਂ ਜ਼ਿੰਦਗੀਆਂ ਵਿਚ ਕਿਸੇ ਨਵੀਂ ਚੀਜ਼ ਦਾ ਵਾਧਾ ਨਹੀਂ ਹੁੰਦਾ, ਸਿਰਫ਼ ਪੁਰਾਣੀ ਵਸਤੂ ਹੀ ਹਿਲਾਈ-ਜੁਲਾਈ ਜਾਂਦੀ ਹੈ।

ਇਸ ਤਰ੍ਹਾਂ ਦੇ ਕਲਾ-ਰੂਪ ਦਾ ਬੁਨਿਆਦੀ ਵਿਚਾਰ ਜਿਹੜਾ ਕਿ ਅਜੰਤਾ-ਕਲਾ ਤੋਂ ਉਤਸ਼ਾਹ ਲੈਂਦਾ ਹੈ। (ਉਹ ਮਹਾਨ ਤੇ ਸਦੀਵੀਂ ਮਿਸਾਲ ਹੈ, ਸ਼ੁੱਧ ਪੇਂਟਿੰਗ ਦੀ) ਕੰਮ ਆਰੰਭ ਕਰਨ ਲਈ ਤਾਂ ਠੀਕ ਸੀ, ਕਿਉਂਕਿ ਇਸਦਾ ਆਰੰਭ, ਵਿਸ਼ੇਸ਼ ਰੂਪ ਦੇ ਮੌਲਿਕ ਮਹੱਤਵ ਦੇ ਅਸੂਲ ਉੱਤੇ ਹੋਇਆ ਸੀ। ਐਪਰ ਬਦਕਿਸਮਤੀ ਨਾਲ ਸਿਰਫ਼ ਕੁਝ ਪ੍ਰਤਿਭਾਸ਼ੀਲ ਬੰਦਿਆਂ ਨੂੰ ਛੱਡ ਕੇ, ਜਿਹਨਾਂ ਕਿ ਮਿਥਿਹਾਸਕ ਰਵਾਇਤ ਦੇ ਪੇਚਾਂ ਨਾਲ ਸਫਲਤਾ ਸਹਿਤ ਮੁਕਾਬਲਾ ਕੀਤਾ ਹੈ, ਇਸ ਤਰ੍ਹਾਂ ਦੀ ਕਲਾ ਵਿਚ ਵਿਆਖਿਆ-ਮਈ ਪ੍ਰਵਿਰਤੀ ਵਿਕਸਿਤ ਹੋ ਗਈ ਸੀ, ਜਿਸ ਨੇ ਬੁਨਿਆਦੀ ਸਿਧਾਂਤ ਨੂੰ ਨੁਕਸਾਨ ਪਹੁੰਚਾਇਆ ਹੈ ਜੋ ਇਸ ਨੂੰ ਸ਼ਕਤੀਹੀਣ ਕਰਕੇ ਇਸਦੇ ਨਿਭਾਅ ਨੂੰ ਬੋਦਾ ਕਰ ਦਿੰਦੀ ਹੈ।

ਇਸਨੇ ਕੇਵਲ ਮਾਤਰ ਮਿਥਿਹਾਸ ਦੀ ਪਰੰਪਰਾ ਤੇ ਰੋਮਾਂਸ ਤੋਂ ਖੁਰਾਕ ਲੈਣ ਦੀ ਗਲਤੀ ਕੀਤੀ ਹੈ ਤੇ ਕੋਈ ਵੀ ਕਲਾ ਲੰਮੇ ਸਮੇਂ ਤੀਕ ਨੁਕਸਾਨ ਤੋਂ ਬਚ ਨਹੀਂ ਸਕਦੀ। ਕਲਾ ਬੀਤੇ ਦਿਆਂ ਰੂਪਾਂ ਦੀ ਨਕਲ ਕਰਕੇ, ਵਰਤਮਾਨ ਵਿਚ ਹਾਜ਼ਰ ਨਹੀਂ ਹੋ ਸਕਦੀ। ਕਿਉਂਕਿ ਇੱਕ ਗੱਲ ਤੋਂ ਨਕਲ, ਨਿਤਾਣੇਪਨ ਦਾ ਹੀ ਰੂਪ ਹੁੰਦੀ ਹੈ) ਤੇ ਇਸ ਤਰ੍ਹਾਂ ਜਿਸ ਕਿਰਤ ਦੀ ਸਿਰਜਣਾ ਹੋਵੇਗੀ ਉਹ ਜ਼ਰੂਰ ਹੀ ਨਿਤਾਣੀ ਹੋਵੇਗੀ। ਇਸ ਨੂੰ ਭਵਿੱਖ ਦੇ ਰੂਪ ਸਿਰਜਣ ਲਈ, ਵਰਤਮਾਨ ਤੋਂ ਪ੍ਰੇਰਨਾ ਪ੍ਰਾਪਤ ਕਰਨੀ ਚਾਹੀਦੀ ਹੈ।

## 2. ਅਜੋਕੀ ਭਾਰਤੀ ਕਲਾ

ਜਦੋਂ ਅਸੀਂ ਅਜੋਕੀ ਭਾਰਤੀ ਕਲਾ ਦੀ ਗੱਲ ਕਰਦੇ ਹਾਂ ਤਾਂ ਸਾਡਾ ਇਸ ਤੋਂ ਅਰਥ ਭਾਰਤੀ ਪੇਂਟਿੰਗ ਤੋਂ ਹੁੰਦਾ ਹੈ। ਭਾਵੇਂ ਕਿ ਇਸ ਦੇਸ਼ ਦੀ ਭਾਰਤੀ ਬੁੱਤ-ਕਲਾ ਕਿਸੇ ਵੀ ਹੋਰ ਸੱਭਿਅਤਾ ਦੀ ਪੈਦਾ ਕੀਤੀ ਕਲਾ ਤੋਂ ਸਭ ਤੋਂ ਮਹਾਨ ਹੈ, ਪਰ ਇਹ ਗੱਲ ਅਜੀਬ ਤੇ ਨਿਰਾਸ਼ ਕਰਨ ਵਾਲੀ ਹੈ ਕਿ ਸਾਡੇ ਵੇਲੇ ਵਿਚ ਭਾਰਤੀ ਬੁੱਤ-ਕਲਾ ਦੀ ਲੱਗਭਗ ਅਣਹੋਂਦ ਹੈ। ਪੱਛਮ ਦੀ ਅਕਾਦਮਿਕ, ਯਤਨਸ਼ੀਲ ਤੇ ਫੈਸ਼ਨ ਤੋਂ ਬਾਹਰੀ ਕਲਾ ਦੀ ਨਕਲ ਮਾਰ ਕੇ ਪ੍ਰਾਪਤ ਕੀਤੇ ਤਕਨੀਕੀ ਹੁਨਰ ਦੀ ਪੱਧਰ ਨਾਲ ਉਹਨਾਂ ਦੀ ਸਫਲਤਾ ਦਾ ਮੁਕਾਬਲਾ ਕਰਦਿਆਂ, ਭਾਰਤੀ ਬੁੱਤ-ਘਾੜੇ ਆਪਣੇ ਦੇਸ਼ ਦੀ ਕਲਾ ਨੂੰ ਕੁਝ ਮੌਲਿਕ ਦੇਣ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਨ ਦੀ ਥਾਂ ਅਹਿੱਲ ਤੇ ਯਤਨਸ਼ੀਲ ਹੋਏ ਪਏ ਹਨ। ਭਾਰਤੀ ਬੁੱਤ-ਕਲਾ ਨੇ ਇਸ ਲਈ ਆਪਣਾ ਕੋਈ ਵਿਅਕਤੀਗਤ ਤੇ ਵਿਸ਼ੇਸ਼ ਰੂਪ ਵਿਕਸਿਤ ਨਹੀਂ ਕੀਤਾ। ਇਸ ਦੇ ਉਲਟ, ਇਸ ਪੱਖ ਤੋਂ ਭਾਰਤੀ ਚਿੱਤਰਕਲਾ ਨੇ ਬੰਗਾਲ ਸਕੂਲ ਦੇ ਰੂਪ ਵਿਚ ਆਪਣੇ ਚਿਤਰਮਈ ਪ੍ਰਗਟਾਵੇ ਲਈ ਇੱਕ ਪਛਾਣ ਯੋਗ ਵਿਧੀ ਲੱਭ ਲਈ ਹੈ। ਭਾਵੇਂ ਇਸ ਅੰਦੋਲਨ ਨੇ ਵਿਸ਼ੇਸ਼ ਤੌਰ ਤੇ ਭਾਰਤੀ ਕਲਾ ਤੇ ਨਾਲ ਹੀ ਆਧੁਨਿਕ ਕਲਾ ਦੀ ਸਿਰਜਣਾ ਦੇ ਮੰਤਵ ਵਿਚ ਕੋਈ ਸਫਲਤਾ ਪ੍ਰਾਪਤ ਕੀਤੀ ਹੈ ਜਾਂ ਨਹੀਂ, ਇਹ ਇੱਕ ਵੱਖਰਾ ਮਾਮਲਾ ਹੈ, ਐਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸਨੇ ਕੋਈ ਰਾਹ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਸਿੱਟੇ ਵਜੋਂ ਜਦੋਂ ਅਸੀਂ ਭਾਰਤ ਦੀ ਅਜੋਕੀ ਕਲਾ ਦੀ



ਗੱਲ ਕਰਦੇ ਹਾਂ ਤਾਂ ਸਾਨੂੰ ਜਿਹੜਾ ਪਹਿਲਾ ਗਰੁੱਪ ਚੇਤੇ ਆਉਂਦਾ ਹੈ, ਉਹ ਬੰਗਾਲ ਸਕੂਲ ਹੀ ਹੈ।

ਇਸ ਦੇਸ਼ ਵਿਚ ਬੰਗਾਲ ਅੰਦੋਲਨ, ਭਾਰਤੀ ਚਿੱਤਰਕਲਾ ਦੇ ਪੁਨਰ-ਜਨਮ ਦੀ ਅਸਲ ਵਿਚ ਪਹਿਲੀ ਕੋਸ਼ਿਸ਼ ਸੀ। (ਕਿਹਾ ਜਾਂਦਾ ਹੈ ਕਿ ਭਾਰਤੀ ਲੀਹਾਂ ਉੱਤੇ) ਐਪਰ ਸਭ ਤੋਂ ਮਹੱਤਵਪੂਰਨ ਅਤੇ ਪ੍ਰਸਿੱਧ ਗੱਲ ਜੋ ਨੋਟ ਕਰਨ ਵਾਲੀ ਹੈ, ਉਹ ਇਹ ਹੈ ਕਿ ਇਸ ਦਾ ਅਸਲੀ ਖਿਆਲ ਅਤੇ ਇਸ ਲਹਿਰ ਦੇ ਰਾਹ ਦਰਸਾਊ ਅਸੂਲ ਬਾਰੇ ਪਹਿਲੀ ਵਾਰ ਇੱਕ ਅੰਗਰੇਜ਼, ਸਵਰਗੀ ਈ. ਬੀ. ਹਵੇਲੀ ਨੂੰ ਖ਼ਿਆਲ ਆਇਆ ਸੀ ਅਤੇ ਉਸਦੀ ਉਕਸਾਹਟ ਉੱਤੇ ਹੀ ਭਾਰਤੀ ਕਲਾਕਾਰਾਂ ਅਬੈ ਨਰਿੰਦਰ ਨਾਥ ਟੈਗੋਰ, ਨੰਦ ਲਾਲ ਬੋਸ, ਜੈਮਿਨੀ ਰਾਏ, ਏ. ਕੇ. ਹਾਲਵਰ, ਸ਼ਾਰਦਾ ਉੱਕਲ ਤੇ ਹੋਰ ਦੂਸਰਿਆਂ ਨੇ ਇਸ ਅੰਦੋਲਨ ਨੂੰ ਚਿੱਤਰਮਈ ਪ੍ਰਗਟਾਵਾ ਦਿੱਤਾ ਸੀ। ਇਸ ਸਕੂਲ ਨੂੰ ਲੋਕੀਂ ਭਾਰਤੀ ਪੇਂਟਿੰਗ ਦਾ ਪੁਨਰ-ਜਾਗ੍ਰਤੀ ਨਾਂ ਨਾਲ ਯਾਦ ਕਰਦੇ ਹਨ। ਇਹ ਗੱਲ ਗੁਣਾਂ ਕਾਰਨ ਨਹੀਂ ਸਗੋਂ ਪਹਿਲ ਕਾਰਨ ਹੈ, ਕਿਉਂਕਿ ਅਜੰਤਾ ਦੀਆਂ ਉੱਘੀਆਂ ਪੂਰਵ-ਵਰਤੀ ਪ੍ਰਾਪਤੀਆਂ ਅਤੇ ਬਾਅਦ ਦੇ ਮਾਣਯੋਗ ਸਕੂਲਾਂ ਦੀ ਭਾਰਤੀ ਲਘੂ ਚਿਤਰਕਲਾ ਦੇ ਬਾਵਜੂਦ ਜਿਸ ਦੀ ਕਿ ਬੰਗਾਲ ਅੰਦੋਲਨ ਬਰਾਬਰੀ ਕਰਨ ਦੀ ਕੋਸ਼ਿਸ਼ ਕਰਦਾ ਹੈ, ਇਹ ਸਕੂਲ ਲੰਘ ਗਏ ਸਮਿਆਂ ਦੀ ਭਾਰਤੀ ਕਲਾ ਦੀ ਆਤਮਾ ਨੂੰ ਫੜਨ ਦਾ ਦਾਅਵਾ ਨਹੀਂ ਕਰ ਸਕਦਾ। ਅਸਲ ਵਿਚ ਇਸ ਨਾਲ ਉਸ ਦੀ ਏਨੀ ਕੁ ਹੀ ਸਾਂਝ ਹੈ ਜਿੰਨੀ ਕਿ ਐਡ ਮੋਡ ਡੂਲਾਕ ਵਲੋਂ ਕੀਤੀਆਂ ਉਮਰ-ਖਿਆਮ ਦੀ ਵਿਆਖਿਆ ਤਸਵੀਰਾਂ ਹਨ। ਬੰਗਾਲ ਸਕੂਲ ਦਾ ਸਾਰਾ ਕੰਮ, ਅਸਲ ਵਿਚ, ਗੁਣਾਂ ਪੱਖੋਂ ਬਿਲਕੁਲ ਹੀ ਵਿਆਖਿਆ-ਮਈ ਹੈ ਅਤੇ ਇਸਦੀ ਹਰਮਨ ਪਿਆਰਤਾ, ਇਸ ਦੀ ਤਸਵੀਰੀ ਗੁਣਾਂ ਕਾਰਨ ਨਹੀਂ ਸਗੋਂ ਇਸਦੀ ਰੋਮਾਂਟਿਕ ਅਪੀਲ ਕਾਰਨ ਹੈ।

ਤਕਨੀਕੀ ਤੌਰ ਤੇ ਬੰਗਾਲ ਸਕੂਲ ਦੇ ਕਲਾਕਾਰ, ਜਲ-ਰੰਗਾਂ ਨਾਲ ਕੰਮ ਕਰਦੇ ਹਨ ਤੇ ਧੋਣ ਲਈ ਬਹੁਤ ਹੀ ਰਵਾਇਤੀ ਢੰਗ ਵਰਤਦੇ ਹਨ, ਜਿਹਨਾਂ ਉੱਤੇ ਰੰਗਾਂ ਦੇ ਮਾਮਲੇ ਵਿਚ ਉਹ ਬੜੀ ਸਖ਼ਤੀ ਨਾਲ ਚਲਦੇ ਹਨ ਅਤੇ ਆਪਣੇ ਆਪ ਨੂੰ ਸਿਰਫ਼ ਰੰਗ ਦੇ ਖੇਤਰ ਤੀਕ ਸੀਮਤ ਕਰਦੇ ਹਨ ਤੇ ਉਹ ਫਿੱਕੇ ਰੰਗਾਂ ਦੀਆਂ ਸੁਰਾਂ ਤੀਕ ਰੋਕੀ ਰੱਖਦੇ ਹਨ। ਇਹ ਤਸਵੀਰਾਂ ਛੋਟੇ ਘੇਰੇ ਤੀਕ ਰਹਿੰਦੀਆਂ ਹਨ। ਆਪਣੀ ਸਿਖ਼ਰ ਉੱਤੇ, ਬੰਗਾਲ ਸਕੂਲ ਵਾਲੇ ਨਿੱਕੀਆਂ ਮਨਮੋਹਕ ਤਸਵੀਰਾਂ ਬਣਾਉਂਦੇ ਹਨ, ਜਿਹੜੀਆਂ ਅੱਜ ਦੇ ਘਰਾਂ ਦੇ ਅੰਦਰ-ਵਾਰ ਬਹੁਤ ਚੰਗੀ ਤਰ੍ਹਾਂ ਧੀਮੀਆਂ ਸੁਰਾਂ ਬਣ ਇਕਸੁਰ ਹੋ ਜਾਂਦੀਆਂ ਹਨ, ਸਰਲ ਵਸਤੂਆਂ ਜੋ ਦਰਸ਼ਕ ਦੇ ਮਨ ਉੱਤੇ ਕੋਈ ਸਦੀਵੀ ਪ੍ਰਭਾਵ ਨਹੀਂ ਪਾਉਂਦੀਆਂ ਅਤੇ ਨਾ ਜਜ਼ਬਿਆਂ ਤੇ ਨਾ ਸੋਚ ਉੱਤੇ ਕੋਈ ਵਿਸ਼ੇਸ਼ ਪ੍ਰਭਾਵ ਪਾਉਂਦੀਆਂ ਹਨ। ਇਸੇ ਲਈ ਇੱਕ ਭਰਮ ਬਣਿਆ ਹੋਇਆ ਹੈ ਕਿ ਉਹ ਮਨ ਨੂੰ ਸ਼ਾਂਤੀ ਦਿੰਦੀਆਂ ਹਨ ਤੇ ਬਹੁਤੇ ਕਾਰਨਾਂ ਵਿਚ ਇੱਕ ਕਾਰਨ ਇਹ ਹੈ ਕਿ ਔਸਤ ਆਦਮੀ ਲਈ ਉਹਨਾਂ ਨੂੰ ਸਮਝਣ ਤੇ ਪ੍ਰਸ਼ੰਸਾ ਕਰਨ ਵਿਚ ਏਨੀਆਂ ਆਸਾਨ ਪ੍ਰਤੀਤ ਹੁੰਦੀਆਂ ਹਨ। ਉਹ ਗਿਰਗਿਟ ਵਾਂਗ, ਸੰਕੋਚ ਨਾਲ, ਆਲੇ-ਦੁਆਲੇ ਦੇ ਨਾਲ ਘੁਲ-ਮਿਲ ਜਾਣ ਦਾ ਗੁਣ ਰੱਖਦੀਆਂ ਹਨ ਤੇ ਮਹਾਨ

ਮਹਾਦੀਪ ਕਲਾਕਾਰਾਂ ਦੇ ਤੇ ਅਜੰਤਾ ਦੇ ਕੰਧ-ਚਿਤਰਾਂ ਦੇ ਉਲਟ ਕੋਈ ਧਿਆਨ ਨਹੀਂ ਮੰਗਦੀਆਂ ਜਿਹੜੇ ਕਿ ਸਾਡੀ ਚੇਤਨਾ ਉੱਤੇ ਜ਼ੋਰ ਪਾਉਂਦੀਆਂ ਨੇ ਤੇ ਤਿੱਖੇ ਜਜ਼ਬੇ ਭੜਕਾ ਕੇ ਡੂੰਘੇ ਪ੍ਰਤੀਕਰਮਾਂ ਦਾ ਕਾਰਨ ਬਣਦੇ ਹਨ।

ਬੰਗਾਲ ਕਲਾ ਸਕੂਲ ਵਿਚ ਵੀ ਦੋ ਮੁੱਖ ਰੁਝਾਨ ਹਨ। ਦੋਵੇਂ ਹੀ ਸਹੀ ਭਾਂਤ ਭਾਰਤੀ ਹੋਣ ਨਾਲੋਂ ਬਦੇਸ਼ੀ ਹਨ - ਭਾਰਤੀ ਉਹ ਸਿਰਫ਼ ਬਹੁਤ ਹੀ ਬਾਹਰੋਂ-ਬਾਹਰੋਂ ਪੱਖ ਤੋਂ ਹਨ। ਇਸ ਅਰਥ ਵਿਚ ਕਿ ਉਹਨਾਂ ਦੇ ਵਿਸ਼ੇ-ਵਸਤੂ ਦੀ ਚੋਣ ਲੰਘ-ਗਏ ਵਕਤਾਂ ਦੇ ਭਾਰਤੀ ਕਲਾਕਾਰਾਂ ਵਰਗੇ ਹਨ। ਉਹ ਪ੍ਰਾਚੀਨਤਾ ਦੇ ਇਸ ਖ਼ਬਤ ਨੂੰ ਏਨੀ ਦੂਰ ਤੀਕ ਲੈ ਜਾਂਦੇ ਹਨ ਕਿ ਕਾਲ ਦੋਸ਼ ਦੀ ਵੀ ਪ੍ਰਵਾਹ ਨਹੀਂ ਕਰਦੇ ਤੇ ਦੂਰ ਬੀਤ ਗਏ ਯੁਗਾਂ ਦੀਆਂ ਪੁਸ਼ਾਕਾਂ, ਵਾਲਾਂ ਦੀਆਂ ਸ਼ੈਲੀਆਂ ਆਦਿ ਨੂੰ ਆਧੁਨਿਕ ਵਿਸ਼ਿਆਂ ਦੇ ਪ੍ਰਗਟਾਵੇ ਲਈ ਵਰਤਦੇ ਹਨ।

ਇੱਕ ਝੁਕਾਅ ਸਰੀਰਕ ਸ਼ੈਲੀਕਰਨ ਦੀਆਂ ਕੁਝ ਰਵਾਇਤਾਂ ਉੱਤੇ ਚੱਲਦਾ ਹੈ ਜਿਵੇਂ ਕਿ ਫੈਲਾਈਆਂ, ਉਂਘਲਾਉਂਦੀਆਂ ਅੱਖਾਂ, ਹੱਥ ਜਿਹੜੇ ਹਮੇਸ਼ਾ ਹੀ ਕਿਸੇ ਮੁਦਰਾ ਵਿਚ ਫੈਲੇ ਹੁੰਦੇ ਹਨ। ਸਰੀਰ ਦੇ ਜਟਲ ਵਲ-ਪੇਚ ਜੋ ਅਜੰਤਾ ਦੇ ਮਹਾਨ ਚਿਤਰਕਾਰਾਂ ਨੇ ਰਚੇ ਸੀ। ਫਿਰ ਵੀ, ਇਸ ਬਾਹਰਲੀ ਸਮਾਨਤਾ ਦੇ ਬਾਵਜੂਦ ਉਹ ਅਜੰਤਾ ਪੇਂਟਿੰਗ ਦੀ ਸਹੀ ਆਤਮਾ ਨੂੰ ਪਕੜਨ ਦੇ ਕਾਬਲ ਨਹੀਂ ਹੋਏ।

ਦੂਜੇ ਝੁਕਾਅ ਦੇ ਪਿਛਲੱਗ ਹੁਣ ਦੇ ਵੇਲਿਆਂ ਦੇ ਰਾਜਪੂਤ ਤੇ ਮੁਗਲ ਚਿਤਰਕਾਰਾਂ ਦੇ ਕੀਤੇ ਕੰਮ ਦੇ ਪੂਰਨਿਆਂ ਉੱਤੇ ਚੱਲਦੇ ਹਨ ਤੇ ਇਹ ਆਸ ਕਰਦੇ ਹਨ ਕਿ ਅਜਿਹਾ ਕਰਕੇ ਉਹ ਮਹਾਨ ਲਘੂ-ਚਿਤਰਕਾਰਾਂ ਤੇ ਤਸਵੀਰੀ ਸੰਕਲਪ ਨੂੰ ਖੰਡ-ਲਪੇਟ ਕੇ ਸਾਨੂੰ ਪੇਸ਼ ਕਰਦੇ ਹੋਏ ਇਸ ਨੂੰ ਹੋਰ ਬਿਹਤਰ ਬਣਾ ਲੈਣਗੇ। ਰੰਗਾਂ ਦੀ ਚਮਕ ਨਰਮ ਕਰਕੇ ਤੇ ਅਤੇ ਨਿਪੁੰਸਕ ਬਣਾ ਕੇ ਜਿਸ ਚੀਜ਼ ਨੂੰ ਵੀ ਉਹ ਛੂਹਦੇ ਹਨ, ਅਜੋਕੇ ਕਲਾਕਾਰ ਆਪਣੇ ਕੰਮ ਰਾਹੀਂ ਭਾਰਤੀ ਲਘੂ ਚਿਤਰਾਂ ਵਾਲੇ ਸਕੂਲ ਦੇ ਸਭ ਤੋਂ ਯਤਨਸ਼ੀਲ ਨਮੂਨਿਆਂ ਵਿਚਲੀ ਸਾਰੀ ਤੇਜ਼, ਤਿੱਖੀ ਚਮਕ-ਦਮਕ ਗਵਾ ਬੈਠਦੇ ਹਨ।

ਨਿਰਸੰਦੇਹ ਬੰਗਾਲ ਸਕੂਲ ਦੀ ਪੁਨਰ ਸੁਰਜੀਤੀ ਵਿਚ ਹੋਰ ਪ੍ਰਭਾਵ ਵੀ ਕੰਮ ਕਰਦੇ ਰਹੇ ਹਨ। ਜਿਵੇਂ ਜਾਪਾਨੀ, ਚੀਨੀ, ਈਰਾਨੀ ਆਦਿ। ਪਿਕਾਸੋ ਵੀ ਭਾਵੇਂ ਇਸ ਨੂੰ ਗਲਤਫਹਿਮੀ ਅਧੀਨ ਸਮਝਿਆ ਗਿਆ ਸੀ, ਦੇ ਕੰਮ ਨੇ ਵੀ ਗੋਜਿੰਦਰਾ ਨਾਥ ਟੈਗੋਰ ਦੇ ਕੰਮ ਉੱਤੇ ਪ੍ਰਭਾਵ ਅਨੁਭਵ ਕੀਤਾ ਗਿਆ ਹੈ। ਬੰਗਾਲ ਅੰਦੋਲਨ ਵਿਚ ਹੋਰ ਵੀ ਕਈ ਬਰਾਚਾਂ ਹਨ ਜੋ ਆਪਣੇ ਆਪ ਨੂੰ 'ਸਕੂਲ' ਅਖਵਾਉਂਦੀਆਂ ਹਨ ਪਰ ਉਹ ਮਹਿਜ਼ ਉਤਪੰਨ ਹੋਈਆਂ ਚੀਜ਼ਾਂ ਹਨ। ਮੈਨੂੰ ਉਹਨਾਂ ਬਾਰੇ ਵਿਚਾਰ ਕਰਨ ਦੀ ਲੋੜ ਨਹੀਂ।

ਬੰਗਾਲ-ਸੁਰਜੀਤੀ ਲਹਿਰ ਜਿਵੇਂ ਕਿ ਇਸ ਦੇ ਨਾਂ ਤੋਂ ਹੀ ਸਪੱਸ਼ਟ ਹੈ, ਦਾਅਵਾ ਕਰਦੀ ਹੈ ਕਿ ਇਸ ਨੇ ਭਾਰਤੀ ਚਿਤਰਕਾਰੀ ਵਿਚ, ਪੁਨਰ ਜਾਗ੍ਰਤੀ ਲਿਆਂਦੀ ਸੀ। ਪਰ ਇਹ ਡਰ ਹੈ ਕਿ ਆਪਣੀਆਂ ਵੱਡੀਆਂ ਤਾਘਾਂ ਨੂੰ ਪੂਰਾ ਕਰਨ ਦੀ ਥਾਂ, ਇਹ ਸਕੂਲ ਅਸਲ ਵਿਚ ਉਸ ਪਤਨ ਲਈ ਜ਼ਿੰਮੇਵਾਰ ਸੀ, ਜਿਸ ਨੂੰ ਅੱਜਕੱਲ ਭਾਰਤੀ ਪੇਂਟਿੰਗ ਦੇ



ਲੱਛਣਾਂ ਨਾਲ ਬੁਲਾਇਆ ਜਾਂਦਾ ਹੈ। ਬੰਗਾਲ ਕਲਾ ਸਕੂਲ ਦੇ ਸਿਧਾਂਤਾਂ ਨੇ ਰਚਨਾਤਮਿਕ ਆਤਮਾ ਉੱਤੇ ਰੋਕਾਂ ਲਾਉਣ ਅਤੇ ਇਸਨੂੰ ਨਿਤਾਣਾ ਕਰਨ ਵਾਲਾ ਪ੍ਰਭਾਵ ਪਾਇਆ ਹੈ।

ਇਹ ਗੱਲ ਪਹਿਲਾਂ ਹੀ ਦਿਸਦੀ ਸੀ ਕਿ ਇੰਝ ਹੋਣਾ ਹੀ ਸੀ ਕਿਉਂਕਿ ਇਸ ਦੇ ਜਨਮਦਾਤੇ ਆਪਣੀ ਪ੍ਰੇਰਨਾ ਸਿੱਧੀ ਭਾਰਤ ਦੇ ਸ਼ਾਨਦਾਰ ਕਲਾ-ਵਿਰਸੇ ਦੇ ਸ਼ਕਤੀਸ਼ਾਲੀ ਸੋਮੇ ਤੋਂ ਲੈਂਦੇ ਸੀ, ਜਦਕਿ ਬੰਗਾਲ ਕਲਾ ਸਕੂਲ ਦੇ ਪਿਛਲੱਗ, ਕਲਾਕਾਰਾਂ ਦੀ ਨੌਜਵਾਨ ਪੀੜ੍ਹੀ ਸਿਰਫ਼ ਆਪਣੇ ਵੱਡ-ਵਡੇਰਿਆਂ ਦੇ ਕੰਮ ਦੀ ਨਕਲ ਹੀ ਕਰ ਰਹੇ ਹਨ।

ਸਿਰਫ਼ ਇੱਕ ਅਰਥਾਂ ਵਿਚ ਬੰਗਾਲ ਸਕੂਲ ਦੇ ਭਾਰਤ ਦੇ ਲੋਕਾਂ ਦੀ ਇੱਕ ਪਰਤ ਨੂੰ ਇਸ ਗੱਲੋਂ ਜਾਣੂ ਕਰਵਾਇਆ ਹੈ ਕਿ ਉਨ੍ਹਾਂ ਦੇ ਦੇਸ਼ ਨੇ ਭੂਤਕਾਲ ਵਿਚ ਕਿੰਨੀ ਮਹਾਨ ਕਲਾ ਦੀ ਰਚਨਾ ਕੀਤੀ ਸੀ। ਇਸ ਨਾਲ ਇਸ ਅੰਦੋਲਨ ਦੀ ਹੋਂਦ ਸਹੀ ਸਿੱਧ ਹੁੰਦੀ ਹੈ। ਬੰਗਾਲ ਪੁਨਰ-ਸੁਰਜੀਤੀ ਦੇ ਆਗਮਨ ਤੀਕ, ਲੋਕੀਂ ਇਸ ਬਾਰੇ ਅਗਿਆਨਤਾ ਵਿਚ ਸਨ ਤੇ ਇਸੇ ਲਈ ਆਪਣੀ ਧਰਤੀ ਦੀ ਮਹਾਨ ਪ੍ਰਾਚੀਨ ਕਲਾ ਨੂੰ ਘ੍ਰਿਣਾ ਕਰਦੇ ਸਨ ਅਤੇ ਉਸ ਕੁਝ ਨੂੰ, ਬਿਨਾਂ ਝਿਜਕ ਪ੍ਰਵਾਨ ਕਰਨ ਲਈ ਪ੍ਰੇਰਤ ਸਨ, ਜੋ ਕੁਝ ਪੱਛਮੀ ਪ੍ਰਭਾਵਾਂ ਅਧੀਨ ਏਥੇ ਆ ਰਿਹਾ ਸੀ। ਬਦਕਿਸਮਤੀ ਨਾਲ ਹੋਇਆ ਇੰਝ ਕਿ ਜੋ ਖਾਸ ਭਾਂਤ ਦੀ ਕਲਾਤਮਿਕ ਕਲਚਰ ਉਸ ਵੇਲੇ ਦੇ ਭਾਰਤੀਆਂ ਦੇ ਮਨਾਂ ਉੱਤੇ ਥੋਪੀ ਜਾ ਰਹੀ ਸੀ, ਉਸ ਕਲਾ ਵਿਚ ਵਿਕਟੋਰੀਅਨ ਉਦੇਸ਼ ਦੀ ਕਲਾ ਧਾਰਨਾ ਸੀ ਅਤੇ ਇਸ ਉਦੇਸ਼ ਦੇ ਸਮੋ ਲੈਣ ਨਾਲ, ਤੀਸਰੇ ਦਰਜੇ ਦੇ ਤੇਲ ਚਿਤਰਾਂ ਪੇਟਰਾਂ ਦੀ ਉਤਪਤੀ ਹੋਈ।

ਵਿਕਟੋਰੀਅਨ ਪਰੰਪਰਾ ਨੂੰ ਜਾਰੀ ਰੱਖਣ ਵਾਲੀ ਅਤੇ ਬੰਗਾਲ ਅੰਦੋਲਨ ਦੀ ਵਿਰੋਧਤਾ ਵਜੋਂ, ਭਾਰਤ ਦੀ ਚਿਤਰਕਲਾ ਵਿਚ ਇੱਕ ਹੋਰ ਕਲਾ ਸਕੂਲ ਦੀ ਹੋਂਦ ਵੀ ਹੈ। ਇਹ ਪੱਛਮ ਦੇ ਵਧੇਰੇ ਅਕਾਦਮਿਕ ਕਲਾ ਸਕੂਲਾਂ ਦੇ ਨਮੂਨੇ ਉੱਤੇ ਚੱਲਦਾ ਹੈ ਅਤੇ ਇਹ ਐਸੇ ਚਿਤਰਕਾਰ ਅਤੇ ਬੁੱਤ ਘਾੜੇ ਪੈਦਾ ਕਰਦਾ ਰਿਹਾ ਹੈ ਤੇ ਹੁਣ ਵੀ ਪੈਦਾ ਕਰਦਾ ਹੈ ਜਿਹੜੇ ਆਪਣੀਆਂ ਸਭ ਤੋਂ ਉਚੇਰੀਆਂ ਕਲਾਤਮਿਕ ਲਾਲਸਾਵਾਂ ਦੀ ਪੂਰਤੀ, ਉਹਨਾਂ ਪੁਰਾਣੇ ਯੋਗ ਭੱਦਰ ਪੁਰਸ਼ਾਂ ਦੇ ਪਾਏ ਪੂਰਨਿਆਂ ਉੱਤੇ ਚੱਲ ਕੇ ਕੰਮ ਕਰਦੇ ਹਨ, ਜਿਹਨਾਂ ਦੀਆਂ ਕਲਾਤਮਿਕ ਕਿਰਤਾਂ ਇੰਗਲੈਂਡ ਅਤੇ ਮਹਾਦੀਪ ਦੀਆਂ ਪੱਛੜੀਆਂ ਅਕਾਡਮੀਆਂ ਅਤੇ ਕਈ ਦੀਵਾਨਖਾਨਿਆਂ ਦੀ ਸਜਾਵਟ ਬਣਦੀਆਂ ਹਨ। ਅਕਾਦਮਿਕ ਪ੍ਰਕਿਰਤੀਵਾਦ, ਜਿਵੇਂ ਕਿ ਕਲਾ ਦੀ ਇਸ ਪਤਨਸ਼ੀਲਤਾ ਦਾ ਨਾਂ ਲਿਆ ਜਾਂਦਾ ਹੈ, ਦੀ ਇਹ ਧਾਰਨਾ ਹੈ ਕਿ ਪੇਂਟਿੰਗ ਤੇ ਬੁੱਤ ਕਲਾ ਦਾ ਇੱਕੋ-ਇੱਕ ਮਨੋਰਥ ਇੱਕ ਦਿੱਤੇ ਹੋਏ ਪਦਾਰਥ ਨੂੰ ਵਫ਼ਾਦਾਰੀ ਨਾਲ ਹੂ-ਬ-ਹੂ ਪੇਸ਼ ਕਰਨ ਦਾ ਹੈ ਅਤੇ ਇਹ ਅਪਾਹਜਪੁਣਾ ਤੇ ਗੁਲਾਮੀ ਏਨੀ ਬਾਰੀਕੀ ਨਾਲ ਕੀਤੀ ਜਾਵੇ, ਜਿੰਨੀ ਕਿ ਮਨੁੱਖੀ ਤੌਰ ਤੇ ਸੰਭਵ ਹੋਵੇ, ਬਿਨਾਂ ਇਸ ਵਿਚਾਰ ਦੇ ਕਿ ਇਹ ਅਸੂਲ ਅਸਲ ਵਿਚ ਕਲਾ ਦੇ ਖੇਤਰ ਵਿਚ ਨਿਪੁੰਸਕਤਾ ਦਾ ਇਕਬਾਲ ਹੈ।

ਕਲਾ ਦਾ ਇੱਕ ਕਾਰਜ ਕਲਪਣਾ ਨੂੰ ਮੁਕਤ ਕਰਨਾ ਹੈ, ਨਾ ਕਿ ਇਸਨੂੰ ਸੀਮਤ ਕਰਨਾ ਅਤੇ ਅਕਾਦਮਿਕ ਪ੍ਰਕਿਰਤੀਵਾਦ ਇਹੀ ਕੁਝ ਕਰਦਾ ਹੈ ਅਤੇ ਇਹ ਔਸਤ

ਆਦਮੀ ਦੀ ਸੋਝੀ ਦੀਆਂ ਤੰਗ ਹੱਦਾਂ ਵਿਚ ਕੈਦ ਰੱਖਦਾ ਹੈ। ਰਾਹ-ਦਰਸਾਊ ਅਸੂਲਾਂ ਕਾਰਨ ਇਸ ਲਈ ਬੰਬਈ ਕਲਾ-ਸਕੂਲ ਦਾ ਆਮ ਪੱਧਰ ਆਮ ਕਰਕੇ ਕਾਫੀ ਨੀਵਾਂ ਹੈ, ਪਰ ਜੇ ਇੱਕ ਵਾਰ ਇਸਦੇ ਪਿਛਲੱਗ ਅਕਾਦਮਿਕ ਜ਼ੰਜੀਰਾਂ ਨੂੰ ਤਿਆਗ ਦੇਣ, ਜੋ ਇਸ ਦੀ ਪ੍ਰਤਿਭਾ ਨੂੰ ਕੜੀਆਂ ਵਿਚ ਬੰਨ੍ਹੀ ਰੱਖਦੀਆਂ ਹਨ ਤਾਂ ਸੰਭਵ ਹੈ ਕਿ ਇਹ ਕਿਸੇ ਜ਼ਿਕਰਯੋਗ ਵਾਧੇ ਨਾਲ ਭਾਰਤੀ ਕਲਾ ਦੇ ਖੇਤਰ ਵਿਚੋਂ ਪ੍ਰਗਟ ਹੋ ਸਕਦੀ ਹੈ। ਨਾਲ ਹੀ ਤੇਲ ਚਿੱਤਰਾਂ ਦੇ ਮਾਧਿਅਮ ਸਦਕਾ, ਜੋ ਬੰਬਈ ਸਕੂਲ ਨੇ ਭਾਰਤੀ ਚਿਤਰਕਾਰੀ ਵਿਚ ਚਾਲੂ ਕੀਤਾ ਹੈ, ਦੀਆਂ ਅਸੀਮ ਸੰਭਾਵਨਾਵਾਂ ਹਨ ਅਤੇ ਇਹ ਗੱਲ ਇਸ ਨੂੰ ਜਲ ਚਿਤਰਾਂ ਵਾਲੇ ਰੰਗ ਸਾਜ਼ ਬੰਗਾਲ ਨਾਲ ਬੇਹੱਦ ਤਕਨੀਕੀ ਲਾਭ ਦੇਂਦਾ ਹੈ।

ਇਹ ਗੱਲ ਬੜੀ ਨਿੰਦਣਯੋਗ ਹੈ ਕਿ ਜਦ ਪੱਛਮ ਦੀ ਪੇਂਟਿੰਗ ਤੇ ਬੁੱਤ ਕਲਾ ਦੇ ਖੇਤਰ ਵਿਚ ਏਨੇ ਮਹੱਤਵਪੂਰਨ ਅਤੇ ਸੰਭਾਵੀ ਸਕੂਲ ਦੀ ਹੋਂਦ ਹੈ, ਭਾਰਤ ਇਸ ਤੋਂ ਅਗਿਆਤ ਰਹੇ ਅਤੇ ਹੋਰ ਵੀ ਭੈੜੀ ਗੱਲ ਕਿ ਇਹ ਬੇਵਕੂਫਾਂ ਵਾਂਗ ਇਸ ਤੇ ਵਿਅੰਗ ਕਰਦੇ ਰਹੇ। ਮੈਂ ਆਧੁਨਿਕ ਸਕੂਲ ਦੀ ਗੱਲ ਕਰਦੀ ਹਾਂ। ਇਹ ਮਹੱਤਵਪੂਰਨ ਤੱਥ ਹੈ ਕਿ ਆਧੁਨਿਕ ਚਿਤਰਕਲਾ ਅਤੇ ਬੁੱਤ-ਕਲਾ ਦਾ ਪੂਰਬੀ ਕਲਾ ਦੇ ਚੰਗੇ ਸਮਿਆਂ ਨਾਲ ਅਣਗਿਣਤ ਨੁਕਤਿਆਂ ਉੱਤੇ ਸੰਪਰਕ ਹੈ। ਮਹਾਨ ਕਲਾ ਦੀਆਂ ਹਰ ਥਾਂ ਇੱਕੋ ਹੀ ਜੜ੍ਹਾਂ ਹੁੰਦੀਆਂ ਹਨ ਅਤੇ ਇੱਕ ਦਾ ਗਿਆਨ ਆਪਣੇ ਨਾਲ ਪੈੜਾਂ ਰਾਹੀਂ ਦੂਸਰੀ ਦੀ ਸੱਚੀ ਪ੍ਰਸ਼ੰਸਾ/ਪਛਾਣ ਨਾਲ ਲਿਆਉਂਦਾ ਹੈ।

ਜੇ ਸਾਡੇ ਕਲਾਕਾਰ ਆਧੁਨਿਕ ਪੱਛਮੀ ਕਲਾ ਕੋਲੋਂ ਪ੍ਰੇਰਨਾ ਲੈਣ ਜਿਵੇਂ ਕਿ ਆਧੁਨਿਕਾਂ ਨੇ ਪੂਰਬੀ ਬੁੱਤ-ਕਲਾ ਤੇ ਚਿਤਰਕਲਾ ਦੇ ਅਧਿਐਨ ਰਾਹੀਂ ਸਵੈ-ਪ੍ਰਗਟਾਵੇ ਦੇ ਨਵੇਂ ਸਾਧਨ ਤਲਾਸ਼ੇ ਹਨ। ਇਸ ਨਾਲ ਉਹ ਨਾ ਸਿਰਫ਼ ਭਾਰਤੀ ਪੇਂਟਿੰਗ ਵਿਚ ਨਵੀਂ ਰੂਹ ਫੂਕਣਗੇ, ਸਗੋਂ ਇਹ ਉਹਨਾਂ ਨੂੰ ਆਪਣੇ ਦੇਸ਼ ਦੀ ਪ੍ਰਾਚੀਨ ਕਲਾ ਦੇ ਬੁਨਿਆਦੀ ਅਸੂਲਾਂ ਨੂੰ ਸਮਝਣ ਵਿਚ ਸਹਾਈ ਹੋਣਗੇ।

ਪੇਂਟਿੰਗ ਦੀਆਂ ਬਹੁਤੀਆਂ ਲਹਿਰਾਂ ਵਿਚ ਨਵੀਂ ਰੂਹ ਫੂਕਣ ਦੀ ਲੋੜ ਅਚੇਤ ਹੀ ਅਨੁਭਵ ਕੀਤੀ ਜਾ ਰਹੀ ਹੈ ਅਤੇ ਹੁਣ ਕਈ ਅਜਿਹੇ ਕਲਾਕਾਰ ਹਨ, ਜਿਨ੍ਹਾਂ ਨੇ ਨਵੀਂ ਤਲਾਸ਼ ਆਰੰਭ ਕਰ ਦਿੱਤੀ ਹੈ। ਮਿਸਾਲ ਵਜੋਂ ਜੈਮਿਨੀ ਰਾਏ, ਬੰਗਾਲ ਦੀ ਲੋਕ-ਕਲਾ ਵਜੋਂ ਸੁਝਾਈਆਂ ਰਾਹਾਂ 'ਤੇ ਤਜਰਬੇ ਕਰ ਰਿਹਾ ਹੈ।

ਭਾਵੇਂ ਇਹ ਸ਼ਾਇਦ ਸ਼ੇਖ-ਚਿੱਲੀ ਵਾਲੀ ਹੀ ਗੱਲ ਪ੍ਰਤੀਤ ਹੋਵੇ, ਪਰ ਮੈਂ ਆਸ ਕਰਦੀ ਹਾਂ ਕਿ ਉਹ ਦਿਨ ਬਹੁਤ ਦੂਰ ਨਹੀਂ ਜਦੋਂ ਅੰਦਰਲੀ ਪ੍ਰੇਰਨਾ ਦੇ ਜ਼ੋਰ ਸਦਕਾ, ਇਸ ਪਤਨਸ਼ੀਲਤਾ ਦਾ ਅੰਤ ਹੋ ਜਾਵੇਗਾ ਅਤੇ ਨਕਲੀ ਤੌਰ 'ਤੇ ਪਾਲੀ-ਪੋਸੀ ਤੇ ਬਨਾਵਟੀ ਤੌਰ ਤੇ ਉਭਾਰੀ ਪੁਨਰ ਉਥਾਨ ਦੀ ਥਾਂ, ਇੱਕ ਨਵੀਂ ਤੇ ਜਾਨਦਾਰ ਲਹਿਰ ਹੋਂਦ ਵਿਚ ਆ ÜÀð¶Æ •

**19 ਅਗਸਤ 1941 ਨੂੰ ਲਾਹੌਰ ਰੇਡੀਓ ਤੋਂ ਦਿੱਤੀ ਟਾਕ**





# ਸੰਨ ਸੰਤਾਲੀ
## (ਹਨੇਰੀ ਤੋਂ ਪਹਿਲਾਂ)

**ਹਰਚਰਨ ਸਿੰਘ** (ਕਪੂਰਥਲਾ)

(ਹਿੰਦੋਸਤਾਨ ਦੇ ਬਟਵਾਰੇ ਤੇ ਬਹੁਤ ਕੁਝ ਲਿਖਿਆ ਜਾ ਚੁੱਕਿਆ ਹੈ ਅਤੇ ਬਹੁਤ ਕੁਝ ਹੋਰ ਲਿਖਿਆ ਜਾਣਾ ਹੈ। ਬਹੁਤੀਆਂ ਲਿਖਤਾਂ ਵੱਖਰੇ-ਵੱਖਰੇ ਵੇਰਵਿਆਂ 'ਤੇ ਨਿਰਭਰ ਹਨ। ਪ੍ਰੰਤੂ ਇਹ ਵੰਡ ਮੈਂ ਅੱਖੀਂ ਵੇਖੀ ਅਤੇ ਪਿੰਡੇ ਹੰਢਾਈ। ਇਹਦੇ ਸੱਲ ਝੱਲੇ ਹਨ। ਮਨ ਦੇ ਖੂੰਜੇ ਸਾਂਭੀਆਂ ਉਹਨਾਂ ਯਾਦਾਂ ਤੇ ਨਿਰਧਾਰਤ ਮੇਰੇ ਮਿੱਤਰ (ਹਰਭਜਨ ਸਿੰਘ ਹੁੰਦਲ) ਦੇ ਵਾਰ-ਵਾਰ ਹੱਲਾਸ਼ੇਰੀ ਦੇਣ ਨਾਲ ਹੀ ਮੈਂ ਆਪਣੀਆਂ ਕੌੜੀਆਂ ਕਸੈਲੀਆਂ ਯਾਦਾਂ ਉਸ ਫੌਜੀ ਵਾਂਗ ਤੁਹਾਡੇ ਨਾਲ ਸਾਂਝੀਆਂ ਕਰ ਰਿਹਾ ਹਾਂ, ਜਿਸ ਨੂੰ ਆਪਣੇ ਸਾਹਮਣੇ ਮੋਰਚੇ ਵਿਚ ਲੁਕੇ ਦੁਸ਼ਮਣਾਂ ਅਤੇ ਉਸ ਤੋਂ ਆਪਣਾ ਬਚਾ ਕਰਨਾ ਅਤੇ ਉਸ 'ਤੇ ਵਾਰ ਕਰਨ ਤੋਂ ਬਿਨਾਂ ਪੂਰੇ ਮੁਹਾਜ਼ 'ਤੇ ਕੀ ਵਾਪਰ ਰਿਹਾ ਹੈ, ਕੁਝ ਪਤਾ ਨਹੀਂ ਹੁੰਦਾ। ਉਮੀਦ ਹੈ ਤੁਹਾਨੂੰ ਉਹਨੀਂ ਦਿਨੀਂ ਪੈਰ-ਪੈਰ 'ਤੇ ਵਾਪਰ ਰਹੇ ਜਾਨ ਲੇਵਾ ਸਾਕਿਆਂ ਜਿਹਨਾਂ ਵਿਚ ਕਦਮ-ਕਦਮ 'ਤੇ ਮੌਤ ਤੁਹਾਨੂੰ ਉਡੀਕ ਰਹੀ ਹੋਵੇ ਤੇ ਹੌਲਨਾਕ ਵਾਤਾਵਰਨ ਦਾ ਜ਼ਰੂਰ ਕੁਝ ਗਿਆਨ ਮਿਲੇਗਾ।) ਹਰਚਰਨ ਸਿੰਘ ਫੋਨ – 01822-202217

**ਕਾਸ਼ ਕਿ ਭੂਲ ਜਾਊਂ - ਮਗਰ ਭੂਲਤਾ ਨਹੀਂ।**
**ਕਿਸ ਧੂਮ ਸੇ ਉਠਾ ਥਾ ਜਨਾਜ਼ਾ ਬਹਾਰ ਕਾ।**

ਉਥਲ-ਪੁੱਥਲ ਜਾਂ ਕੁਝ ਰਾਮ ਰੌਲਾ ਤਾਂ ਸ਼ਹਿਰੀਂ ਥਾਈਂ ਸੀ ਪਿੰਡੀਂ ਥਾਈਂ ਤੇ ਸਭ ਠੀਕ-ਠਾਕ ਉਸੇ ਤਰ੍ਹਾਂ ਹੀ ਚੱਲ ਰਿਹਾ ਸੀ। 1942 ਵਿਚ ਜਦੋਂ ਮੈਂ ਅਜੇ 9ਵਾਂ ਕੁ ਸਾਲਾਂ ਦਾ ਸੀ, ਤੇ ਅਸਾਂ ਬੱਸਾਂ, ਟਰੱਕਾਂ ਤੇ ਰੱਜ ਕੇ ਹੂਟੇ ਲਏ। ਇਹ ਚੋਣਾਂ ਦਾ ਸਮਾਂ ਸੀ। ਸਾਨੂੰ ਕੋਈ ਥਹੁ ਪਤਾ ਨਹੀਂ ਸੀ ਕਿ ਕੌਣ ਚੋਣ ਲੜ ਰਿਹਾ ਹੈ ਅਤੇ ਕੌਣ ਹਮਾਇਤ ਕਰ ਰਿਹਾ ਹੈ। ਪਿੰਡੀਂ ਥਾਈਂ ਕਿਤੇ ਕੋਈ ਇਸ਼ਤਿਹਾਰ ਜਾਂ ਪ੍ਰਚਾਰ ਨਾਂਅ ਮਾਤਰ ਵੀ ਨਹੀਂ ਸੀ। ਸਾਨੂੰ ਖੁਸ਼ੀ ਇਸ ਗੱਲ ਦੀ ਸੀ ਕਿ ਸਕੂਲੋਂ ਛੁੱਟੀਆਂ ਸਨ। ਭਾਬੀ (ਮਾਂ) ਮਾਂ (ਦਾਦੀ), ਲਾਲਾ (ਬਾਬਾ) ਸਾਰੇ ਬੰਗਲੇ ਵੋਟਾਂ ਪਾਉਣ ਗਏ ਹੋਏ ਸਨ। ਇਸ ਲਈ ਸਾਡੀਆਂ ਰਾਏ ਵਾਗਾਂ ਖੁਲ੍ਹੀਆਂ ਸਨ ਕਿਉਂ ਜੋ ਕੋਈ ਪੁੱਛਣ ਡੱਕਣ ਵਾਲਾ ਨਹੀਂ ਸੀ। ਬੱਸਾਂ, ਟਰੱਕਾਂ ਦੇ ਪਿੱਛੇ ਭੱਜਦੇ, ਸੜੇ ਪੈਟਰੋਲ ਨੂੰ ਸੁੰਘਦੇ ਜੋ ਬਹੁਤ ਚੰਗਾ ਲੱਗਦਾ ਸੀ ਅਤੇ ਬੇਲਚਾ ਪਾਰਟੀ ਜ਼ਿੰਦਾਬਾਦ, ਮੁਸਲਮ ਲੀਗ ਮੁਰਦਾਬਾਦ ਤੋਂ ਅੱਗੇ ਸਾਨੂੰ ਕੁਝ ਪਤਾ ਨਹੀਂ ਸੀ ਕਿ ਇਹ ਵੋਟ ਕਾਹਦੇ ਲਈ ਪਾਏ ਜਾ ਰਹੇ ਹਨ। ਸਾਨੂੰ ਤਾਂ ਘਰੋਂ ਬਾਹਰੋਂ ਹੋਈ ਆਜ਼ਾਦੀ ਦੀ ਖੁਸ਼ੀ ਸੀ ਜੋ ਅਸਾਂ ਸਾਰਾ ਦਿਨ ਪੂਰੇ ਜਾਹੋ-ਜਲਾਲ ਨਾਲ ਮਾਨਣੀ ਸੀ।

### ਪਹਿਲਾ ਅਹਿਸਾਸ

ਇਹ 1946 ਦੇ ਸੌਣ ਮਹੀਨੇ ਦੀ ਗੱਲ ਹੈ, ਜਦੋਂ ਸਕੂਲਾਂ ਵਿਚ ਗਰਮੀਆਂ ਦੇ ਦਿਨਾਂ ਦੀਆਂ ਦੋ ਮਹੀਨੇ ਦੀਆਂ ਛੁੱਟੀਆਂ ਵਿਚ ਮੈਂ ਅਤੇ ਮੇਰਾ ਭਾਈਆ ਜੀ (ਬਾਪ) ਆਪਣੀ

ਭੂਆ ਅਤੇ ਹੋਰ ਕੁਝ ਅੰਗਾਂ ਸਾਕਾਂ ਨੂੰ ਮਿਲਦੇ ਹੋਏ ਸੁਲਤਾਨਪੁਰ ਦੇ ਗੁਰਦਵਾਰਿਆਂ ਦੇ ਦਰਸ਼ਨ ਕਰਕੇ ਲਾਹੌਰ ਸ਼ਹੀਦ ਗੰਜ ਗੁਰਦਵਾਰੇ ਦੇ ਦਰਸ਼ਨ ਕਰਨ ਗਏ ਤੇ ਉੱਥੇ ਸਿੱਖਾਂ ਅਤੇ ਮੁਸਲਮਾਨਾਂ ਦੀ ਆਪਸੀ ਲੜਾਈ ਹੋ ਕੇ ਅਜੇ ਹਟੀ ਹੀ ਸੀ। ਸੜਕ 'ਤੇ ਇੱਟਾਂ ਰੋੜੇ ਉਸੇ ਤਰ੍ਹਾਂ ਹੀ ਖਿੰਡੇ ਪਏ ਸਨ ਅਤੇ ਗੁਰਦਵਾਰੇ ਵਿਚੋਂ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਲਗਾਏ ਜਾ ਰਹੇ ਸਨ ਅਤੇ ਗਵਾਂਢ ਵਾਲੀ ਮਸੀਤ ਵਿਚੋਂ 'ਅੱਲਾਹ ਹੂ ਅਕਬਰ' ਦੀਆਂ ਆਵਾਜ਼ਾਂ ਗੂੰਜ ਰਹੀਆਂ ਸਨ। ਪਰ ਮੇਰੀ ਜਾਣੇ ਬਲਾਅ ਕਿ ਸਭ ਕੁਝ ਅਤੇ ਇਨ੍ਹਾਂ ਇੱਟਾਂ ਵੱਟਿਆਂ ਅਤੇ ਨਾਹਰਿਆਂ ਦੇ ਕੀ ਅਰਥ ਸਨ। ਅਸਾਂ ਗੁਰਦਵਾਰੇ ਅੰਦਰ ਕਈਆਂ ਦੇ ਮੱਥੇ ਪਾਟੇ, ਲਹੂ ਵਗਦਾ ਅਤੇ ਹੋਰ ਸੱਟਾਂ ਲੱਗੀਆਂ ਵੇਖੀਆਂ। ਮੈਨੂੰ ਇਹ ਸਭ ਕੁਝ ਕੋਈ ਵਿਸ਼ੇਸ਼ ਅਚੰਭੇ ਵਾਲੀ ਗੱਲ ਜਾਪੀ। ਅਸਾਂ ਮੱਥਾ ਟੇਕਿਆ ਅਤੇ ਸ਼ਹੀਦਾਂ ਦੀਆਂ ਅਸਥੀਆਂ ਜੋ ਸ਼ੀਸ਼ੇ ਦੇ ਬਕਸਿਆਂ ਵਿਚ ਦਰਸ਼ਨਾਂ ਲਈ ਸਾਂਭੀਆਂ ਹੋਈਆਂ ਸਨ, ਦੇ ਦਰਸ਼ਨ ਕੀਤੇ। ਮੈਨੂੰ ਮੇਰੇ ਭਾਈਆ ਜੀ ਦੱਸੀ ਜਾ ਰਹੇ ਸਨ ਕਿ ਇਹ ਮੀਰ ਮਨੂੰ ਦੇ ਸਮੇਂ ਸ਼ਹੀਦ ਕੀਤੇ ਸਿੰਘਾਂ, ਸਿੰਘਣੀਆਂ ਅਤੇ ਬੱਚਿਆਂ ਦੀਆਂ ਅਸਥੀਆਂ ਹਨ। ਧਾਰਮਿਕ ਪਰਿਵਾਰ ਹੋਣ ਕਰਕੇ ਅਤੇ ਖਾਲਸਾ ਸਕੂਲ ਦਾ ਵਿਦਿਆਰਥੀ ਹੋਣ ਕਰਕੇ ਸ਼ਹੀਦੀ ਸਾਕਿਆਂ ਦੀ ਮੈਨੂੰ, ਮੇਰੀ ਵਰੇਸ ਅਨੁਸਾਰ ਜਾਣਕਾਰੀ ਸੀ। ਸਾਨੂੰ ਉੱਥੇ ਇੱਕ ਫੱਟੜ ਸਿੱਖ ਜਿਸ ਦਾ ਰੋੜਾ ਵੱਜ ਕੇ ਮੱਥਾ ਪਾਟਾ ਹੋਇਆ ਸੀ, ਨੇ ਦੱਸਿਆ ਕਿ ਅੱਜ ਕੱਲ ਮੁਸੱਲੇ ਬੜੇ ਭੂਤਰੇ ਹੋਏ ਹਨ ਅਤੇ ਅਜਿਹੀਆਂ ਝੜਪਾਂ ਹੁੰਦੀਆਂ ਹੀ ਰਹਿੰਦੀਆਂ ਹਨ।

ਸਾਡੇ ਸਟੇਸ਼ਨ (ਢਾਬਨ ਸਿੰਘ) ਜੋ ਲਾਹੌਰ ਲਾਇਲਪੁਰ ਵਾਲੀ ਲਾਇਨ 'ਤੇ ਸ਼ੇਖੂਪੁਰੇ ਤੋਂ ਲਾਇਲਪੁਰ ਵੱਲ ਸੀ, ਨੂੰ ਉਸ ਵੇਲੇ ਕੋਈ ਗੱਡੀ ਨਹੀਂ ਜਾਣੀ ਸੀ, ਇਸ ਲਈ ਅਸੀਂ ਬੱਸਾਂ ਦੇ ਅੱਡੇ ਵੱਲ ਤੁਰ ਪਏ। ਰਸਤੇ ਵਿਚ ਸਾਨੂੰ ਇੱਕ ਕਰੜ ਬਰੜੀ ਦਾੜੀ ਵਾਲਾ ਮੁਸਲਮਾਨ ਮਿਲਿਆ, ਜਿਸ ਨੇ ਮੇਰੇ ਭਾਈਆ ਜੀ ਨੂੰ ਰੋਕ ਕੇ ਚਿਤਾਵਨੀ ਦਿੱਤੀ "ਸਰਦਾਰ ਜੀ ਇਹ ਕਿਰਪਾਨ (ਲੰਮੇ ਹੱਥ ਵਾਲੀ ਜਾਪਾਨੀ ਕਿਰਪਾਨ, ਜੋ ਮੇਰਾ ਬਾਪ ਫੌਜੀ ਹੁੰਦਿਆਂ ਦੂਸਰੀ ਜੰਗ ਵਿਚ ਲੜਨ ਸਮੇਂ ਜਾਵੇ ਸਮਾਟਰੇ ਵਿਚੋਂ ਲਿਆਇਆ ਸੀ ਅਤੇ ਜੋ ਉਸ ਵੇਲੇ ਉਹਦੇ ਕੋਲ ਹੱਥ ਵਿਚ ਫੜੀ ਹੋਈ ਸੀ) ਜਿਸ ਤਰ੍ਹਾਂ ਤੁਸੀਂ ਫੜੀ ਹੋਈ ਹੈ ਤੁਹਾਡਾ ਦੋਵਾਂ ਦਾ ਹੀ ਸਿਰ ਵਢਵਾ ਦੇਵੇਗੀ।" ਕਿਉਂ ਜੋ ਕਿਰਪਾਨ ਦਾ ਮੁੱਠਾ ਪਿੱਛੇ (ਦਸਤਾ) ਨੂੰ ਸੀ। ਉਸਨੇ ਆਪਣੀ ਗੱਲ ਅੱਗੇ ਤੋਰਦਿਆਂ ਆਖਿਆ "ਸਰਦਾਰ ਜੀ ਏਥੇ ਅੱਜਕੱਲ ਮੁੰਡੀਰ ਬਹੁਤ ਭੂਤਰੀ ਫਿਰਦੀ ਹੈ। ਕਿਸੇ ਨੇ ਪਿੱਛੋਂ ਹੱਥਾ ਫੜ ਕਿਰਪਾਨ ਨੂੰ ਖਿੱਚ ਲੈਣਾ ਜੇ ਅਤੇ ਇਸ ਨਾਲ ਤੁਹਾਡਾ ਕਤਲ ਕਰ ਦੇਣਾ ਹੈ। ਤੁਹਾਡਾ ਰੱਤੀ ਭਰ ਵੀ ਮੁੱਲ ਨਹੀਂ ਪੈਣਾ। ਨਾਲੇ ਤੁਹਾਨੂੰ ਐਨੀ ਬੇਫਿਕਰੀ ਨਾਲ ਲਾਹੌਰ ਦੀਆਂ ਸੜਕਾਂ 'ਤੇ ਨਹੀਂ ਟੁਰਨਾ ਚਾਹੀਦਾ।" ਉਹ ਰੱਬ ਦਾ ਬੰਦਾ ਅੱਧੇ ਮੀਲ ਤੋਂ ਵੱਧ ਸਾਡੇ ਨਾਲ-ਨਾਲ ਸਾਡੀ ਰਾਖੀ ਲਈ ਬੱਸ ਅੱਡੇ ਤੱਕ ਛੱਡਣ ਆਇਆ। ਇਸਲਾਮਾਂ-ਲੈਕਮ ਅਤੇ ਹੁਸ਼ਿਆਰੀ ਨਾਲ ਰਹਿਣ ਦਾ ਸੁਨੇਹਾ ਦੇ ਕੇ ਵਾਪਸ ਮੁੜ ਗਿਆ।

## ਦੂਸਰਾ ਅਹਿਸਾਸ

ਰਣਜੀਤ ਨਾਂ ਦਾ ਇੱਕ ਮੁੰਡਾ ਮੇਰੀ ਜਮਾਤ ਵਿਚ ਦਾਖਲ ਹੋਣ ਲਈ ਆਇਆ।



ਇਹ 1947 ਦੀ ਜਨਵਰੀ-ਫਰਵਰੀ ਦੀ ਗੱਲ ਹੈ। ਮਾਸਟਰ ਜੀ ਨੇ ਉਸਨੂੰ ਡੈਸਕ ਤੇ ਮੇਰੇ ਨਾਲ ਬਿਠਾ ਦਿੱਤਾ। ਪਿੱਛੋਂ ਮੈਨੂੰ ਉਸਨੇ ਦੱਸਿਆ ਕਿ ਉਹ ਸਾਡੇ ਪਿੰਡ ਦੇ ਗੁਰਦਵਾਰੇ ਦੇ ਭਾਈ ਦਾ ਹੀ ਪੁੱਤਰ ਹੈ ਜੋ ਦੋ ਦਿਨ ਹੋਏ ਜ਼ਿਲ੍ਹਾ ਹਜ਼ਾਰਾ ਦੇ ਕਿਸੇ ਪਿੰਡੋਂ ਪਰਿਵਾਰ ਸਮੇਤ ਦੌੜ ਕੇ ਆਏ ਹਨ। ਉੱਥੋ ਉਹਨਾਂ ਨੂੰ ਮੁਸਲਮਾਨਾਂ ਨੇ ਨਸਾਇਆ ਸੀ। ਉਹਦੀਆਂ ਦੋ ਮੁਟਿਆਰ ਭੈਣਾਂ ਮੀਤੋ ਅਤੇ ਸਵਰਨੀ ਨੂੰ ਮੁਸਲਮਾਨ ਧੱਕੇ ਨਾਲ ਚੁੱਕ ਕੇ ਲੈ ਗਏ ਸਨ। ਭਾਈ ਦੇ ਬਹੁਤ ਤਰਲੇ ਮਿੰਨਤਾਂ ਕਰਨ ਤੇ ਉਸ ਇਲਾਕੇ ਦੇ ਨਵਾਬ ਦੇ ਦਖਲ ਦੇਣ ਨਾਲ ਉਹਨਾਂ ਨੂੰ ਮੋੜਿਆ ਗਿਆ ਸੀ। ਏਸੇ ਘਟਨਾ ਤੋਂ ਡਰਦਿਆਂ ਭਾਈ ਰਾਤ ਦੇ ਹਨ੍ਹੇਰੇ ਵਿਚ ਸਭ ਕੁਝ ਛੱਡ-ਛਡਾਅ ਪਰਿਵਾਰ ਸਮੇਤ ਸਾਡੇ ਗੁਰਦਵਾਰੇ ਆ ਗਿਆ ਸੀ। ਜਿੱਥੇ ਉਹ ਬਹੁਤ ਸਾਲ ਪਹਿਲਾਂ ਵੀ ਗੁਰਦਵਾਰੇ ਦਾ ਸੇਵਾਦਾਰ ਰਹਿ ਚੁੱਕਿਆ ਸੀ ਅਤੇ ਹੁਣ ਫਿਰ ਉਸ ਸੇਵਾ ਸੰਭਾਲ ਲਈ ਸੀ। ਕਿਉਂਜੋ ਪਹਿਲਾ ਭਾਈ ਦਿਆਲ ਸਿੰਘ ਕੁਝ ਚਿਰ ਪਹਿਲਾਂ ਮਰ ਗਿਆ ਸੀ। ਭਾਵੇਂ ਭਾਈ ਅਤੇ ਉਸਦੇ ਪਰਿਵਾਰ ਨੇ ਇਸ ਘਟਨਾ ਦਾ ਹੋਰਨਾਂ ਤੋਂ ਉਹਲਾ ਰੱਖਿਆ ਸੀ ਪਰ ਮੈਨੂੰ ਇਹ ਗੱਲ ਰਣਜੀਤ, ਜੋ ਹੁਣ ਮੇਰਾ ਦੋਸਤ ਸੀ, ਨੇ ਦੱਸ ਦਿੱਤੀ ਸੀ ਅਤੇ ਜਿਸ ਦਾ ਹੁਣ ਸਾਰੇ ਪਿੰਡ ਦੇ ਬੱਚੇ-ਬੱਚੇ ਨੂੰ ਪਤਾ ਸੀ। ਇਸ ਗੱਲ ਨੂੰ ਜੱਗ ਜ਼ਾਹਰ ਕਰਨ ਲਈ ਭਾਵੇਂ ਰਣਜੀਤ ਮੇਰੇ ਨਾਲ ਗੁੱਸੇ ਹੋ ਗਿਆ ਅਤੇ ਉਸਨੂੰ ਘਰੋਂ ਝਿੜਕਿਆ ਵੀ ਗਿਆ ਪਰ ਪਿੰਡ ਵਾਲਿਆਂ ਦੀਆਂ ਭਾਈ ਨਾਲ ਹਮਦਰਦੀਆਂ ਵਿਚ ਹੋਰ ਵੀ ਵਾਧਾ ਹੋਇਆ।

## ਤੀਸਰਾ ਅਹਿਸਾਸ

31 ਮਾਰਚ 1947 ਨੂੰ ਮੈਂ 7ਵੀਂ ਜਮਾਤ ਵਿਚੋਂ ਪਾਸ ਹੋ ਕੇ 8ਵੀਂ ਜਮਾਤ ਵਿਚ ਹੋ ਗਿਆ ਸਾਂ। ਰਣਜੀਤ ਨੂੰ ਵੀ ਪਾਸ ਕਰ ਦਿੱਤਾ ਗਿਆ ਸੀ। ਅਸੀਂ 8ਵੀਂ ਵਿਚ ਵੀ ਇਕੱਠੇ ਇੱਕੋ ਡੈਸਕ 'ਤੇ ਬੈਠਣ ਲੱਗ ਪਏ। ਅਜੇ ਤੱਕ ਕੁਝ ਵੀ ਸ਼ੱਕੀ ਜਾਂ ਸੰਦੇਹ ਵਾਲੀ ਗੱਲ ਨਹੀਂ ਸੀ ਦਿਸਦੀ। ਸਾਡੇ ਨਾਲ ਬਹੁਤ ਸਾਰੇ ਮੁਸਲਮਾਨਾਂ ਦੇ ਮੁੰਡੇ ਵੀ ਪੜ੍ਹਦੇ ਸਨ। ਮੁਹੰਮਦ ਹੁਸੈਨ ਸਾਡਾ ਮਨੀਟਰ ਜੰਡਿਆਲਾ ਸ਼ੇਰਖਾਂ (ਵਾਰਸ ਸ਼ਾਹ ਦਾ ਪਿੰਡ) ਪਿੰਡ ਤੋਂ ਸੀ। ਉਹ ਜਿੰਨਾ ਹੁਸ਼ਿਆਰ ਸੀ ਉੱਨਾ ਹੀ ਭਲਾਮਾਣਸ ਵੀ ਸੀ। ਦੋ ਮੁੰਡੇ ਹਾਮਾਂ ਤੇ ਬਸ਼ੀਰਾ ਮੈਲੀਬੁਰਜੀ ਤੋਂ ਸਨ। ਮੈਲੀਬੁਰਜੀ ਸਾਰਾ ਪਿੰਡ ਹੀ ਸ਼ੇਰਗਿੱਲਾਂ ਦਾ ਸੀ। ਉਹਨਾਂ ਮੈਨੂੰ ਅਤੇ ਮੇਰੇ ਇੱਕ ਹੋਰ ਯਾਰ ਹਰਬੰਸ (ਜੋ ਰੰਗ ਦਾ ਬਹੁਤ ਕਾਲਾ ਸੀ ਅਤੇ ਏਸੇ ਕਰਕੇ ਉਹਨੂੰ ਅਸੀਂ ਪਿਆਰ ਨਾਲ ਪਹਿਲਾਂ ਹਬਸ਼ੀ ਅਤੇ ਹੁਣ ਨੀਗਰੋ ਆਖਦੇ ਸਾਂ) ਨੂੰ ਰੋਜ਼ ਪਿਆਰ ਨਾਲ ਆਖਣਾ "ਉਹ ਕਾਫਰੋ ਰੋਟੀ ਖਾ ਲਓ" ਅਸਾਂ ਸਾਡੇ ਅੰਦਰ ਝੂਠੇ ਸੱਚੇ ਸਿੱਖੀ ਦੇ ਇਤਿਹਾਸ ਕਾਰਨ ਪੈਦਾ ਕੀਤੇ ਗਏ ਫਿਰਕੂ ਅਤੇ ਦੂਸਰੇ ਮੁਸਲਮਾਨਾਂ ਪ੍ਰਤੀ ਛੋਟੀ ਜਮਾਤ ਦਾ ਹੋਣ ਦੇ ਪਾਏ ਭੁਲੇਖਿਆਂ ਕਰਕੇ ਉਹਨਾਂ ਵਲੋਂ ਦਿੱਤੀ ਜਾਂਦੀ ਦਾਅਵਤ ਨੂੰ ਹੱਸ ਕੇ ਟਾਲ ਦੇਣਾ। ਪ੍ਰੰਤੂ ਇੱਕ ਦਿਨ ਅਸਾਂ ਦੋਵਾਂ ਨੇ ਹੌਸਲਾ ਕਰਕੇ ਉਹਨਾਂ ਦੀ ਰੋਟੀ ਵਿਚੋਂ ਇੱਕ-ਇੱਕ ਪਰੌਂਠਾ ਖਾ ਲਿਆ, ਉਹ ਪਰੌਂਠਾ ਇੱਕ ਵਿਲੱਖਣ ਸ਼ੈਅ ਸੀ। ਉਹਨਾਂ ਦੀਆਂ ਮਾਵਾਂ ਨੇ ਪਰੌਂਠੇ ਦੇ ਉਪਰਲੇ ਪਰਦੇ ਥੱਲੇ ਪੂਰਾ ਮੱਖਣ ਦਾ ਪੇੜਾ ਹੀ ਤੁੰਨਿਆ ਹੋਇਆ ਸੀ। ਫਿਰ ਕੀ ਸੀ। ਇਹ ਤਾਂ ਅਨਰਥ ਹੋ ਗਿਆ ਸੀ ਕਿਉਂ ਜੋ ਸਿੱਖਾਂ ਦੇ ਮੁੰਡੇ ਹੁੰਦਿਆਂ ਹੋਇਆ ਅਸਾਂ ਮੁਸਲਿਆਂ

ਦੀਆਂ ਰੋਟੀਆਂ ਖਾਧੀਆਂ ਸਨ। ਮੇਰੇ ਲਈ ਤਾਂ ਹੋਰ ਵੀ ਸ਼ਾਮਤ ਸੀ ਕਿਉਂ ਜੋ ਮੈਂ ਤਾਂ ਅੰਮ੍ਰਿਤ ਵੀ ਛਕਿਆ ਹੋਇਆ ਸੀ। ਸਾਡੀ ਸ਼ਿਕਾਇਤ ਰਣਜੀਤ ਨੇ ਹੀ ਸਾਡੇ ਹਿਸਾਬ ਵਾਲੇ ਮਾਸਟਰ ਵਧਾਵਾ ਸਿੰਘ, ਜੋ ਸਾਡਾ ਰਿਸ਼ਤੇਦਾਰ ਵੀ ਸੀ ਅਤੇ ਜਿਸ ਨੂੰ ਅਸੀਂ ਉਸਦੀ ਵਿਦਿਆ ਮਿਡਲ ਸਕੂਲ ਤੱਕ ਹੋਣ ਕਰਕੇ 'ਹਾਫ਼ ਐਮ. ਏ.' ਦੀ ਅੱਲ ਪਾਈ ਹੋਈ ਸੀ, ਕੋਲ ਕਰ ਦਿੱਤੀ ਅਤੇ ਉਹ ਆਪਣਾ ਬਸਤਾ ਚੁੱਕ ਕੇ ਕਿਸੇ ਹੋਰ ਡੈਸਕ ਤੇ ਜਾ ਬੈਠਾ ਕਿਉਂ ਜੋ ਮੁਸਲਮਾਨਾਂ ਦੀ ਰੋਟੀ ਖਾਣ ਕਰਕੇ ਅਸੀਂ ਦੋਵੇਂ ਭਿੱਟੇ ਗਏ ਸਾਂ। ਇਹ ਘਟਨਾ ਸਾਰੇ ਸਕੂਲ ਵਿਚ ਚਰਚਾ ਦਾ ਵਿਸ਼ਾ ਬਣ ਗਈ। ਸਾਡੀ ਦੋਵਾਂ ਦੀ ਪਹਿਲਾਂ ਮਾਸਟਰ ਵਧਾਵਾ ਸਿੰਘ ਅਤੇ ਪਿੱਛੋਂ ਘਰ ਆਇਆ ਭਾਬੀ ਨੇ ਖ਼ੂਬ ਗਿੱਦੜ ਕੁੱਟ ਕੀਤੀ। ਅਖੇ ਮਰ ਜਾਣਾ ਮੁਸਲਿਆਂ ਦੀ ਰੋਟੀ ਖਾ ਮਰ ਆਇਆ ਹੈ। ਹੁਣ ਕੀ ਬਣੂੰਗਾ। ਹਰਬੰਸ (ਨੀਗਰੋ) ਆਪਣਾ ਥੈਲਾ ਚੁੱਕ ਮੇਰੇ ਨਾਲ ਡੈਸਕ 'ਤੇ ਆ ਬੈਠਾ। ਪ੍ਰੰਤੂ ਸਕੂਲ ਵਿਚ ਜਾਂ ਜਮਾਤ ਵਿਚ ਹੋਰ ਸਾਡੇ ਯਾਰ ਬੇਲੀਆਂ ਜਾਂ ਦੂਸਰੇ ਵਿਦਿਆਰਥੀਆਂ ਦਾ ਸਾਡੇ ਨਾਲ ਬੋਲਚਾਲ ਜਾਂ ਵਿਹਾਰ ਵਿਚ ਕੋਈ ਫ਼ਰਕ ਨਾ ਪਿਆ। ਸਗੋਂ ਸਾਰੇ ਹੀ ਸਾਨੂੰ ਮਿਲਦਿਆਂ ਸਾਰ ਦੂਰੋਂ ਹੀ ਹੱਸਣ ਲੱਗ ਪੈਂਦੇ। ਇਸ ਗੱਲ ਦਾ ਤਾਂ ਮੈਨੂੰ ਚੇਤਾ ਨਹੀਂ ਕਿ ਨੀਗਰੋ ਨਾਲ ਉਸਦੇ ਘਰ ਵਾਲਿਆਂ ਨੇ ਕਿਵੇਂ ਨਜਿੱਠਿਆ ਸੀ। ਪ੍ਰੰਤੂ ਇਸ ਘਟਨਾ ਨੇ ਸਕੂਲ ਤੇ ਸਾਡੇ ਮਿੱਤਰ ਬੇਲੀਆਂ ਅਤੇ ਪਿੰਡਾਂ ਵਿਚ ਸਾਡੀ ਵਾਹਵਾ ਚੜ੍ਹਤ ਬਣਾ ਦਿੱਤੀ।

ਇਹਨਾਂ ਹੀ ਦਿਨੀਂ ਇੱਕ ਦਿਨ ਹੋਰ ਬੜੇ ਅਚੰਭੇ ਵਾਲੀ ਗੱਲ ਸਾਡੇ ਘਰ ਵਾਪਰੀ। ਮੈਂ ਸਕੂਲ ਤੋਂ ਵਾਪਸ ਘਰ ਆਇਆ ਤਾਂ ਸਾਡਾ ਬਾਹਰ ਵਿਹੜੇ ਵਾਲਾ ਬੂਹਾ ਬੰਦ ਸੀ। ਮੈਂ ਚਾਚੇ ਦਲੀਪ ਸਿੰਘ ਦੇ ਘਰੋਂ ਲੰਘ ਕੇ ਕੰਧ ਟੱਪ ਕੇ ਜਦ ਆਪਣੇ ਅੰਦਰ ਗਿਆ ਤਾਂ ਉੱਥੇ ਮੇਰੇ ਭਾਈਆ ਜੀ ਅਤੇ ਚਾਚਾ ਕਰਮਚੰਦ ( ਜੋ ਫੌਜ ਵਿਚ ਹੁਣ ਹਵਾਲਦਾਰ ਅਤੇ ਸਾਡੇ ਪਿੰਡ ਵਿਚ ਜੁਲਾਹਿਆਂ ਦਾ ਮੁੰਡਾ ਸੀ ਅਤੇ ਛੁੱਟੀ ਤੇ ਆਇਆ ਸੀ) ਦੋਵੇਂ ਇੱਕ ਰਫਲ ਲਈ ਬੈਠੇ ਸਨ ਮੈਨੂੰ ਵੇਖ ਕੇ ਉਹਨਾਂ ਰਫਲ ਲੁਕਾਉਣ ਦੀ ਕੋਸ਼ਿਸ਼ ਕੀਤੀ। ਪਰ ਮੈਂ ਐਨੀ ਤੇਜ਼ੀ ਨਾਲ ਅੰਦਰ ਵੜਿਆ ਕਿ ਉਹ ਹਥਿਆਰ ਲੁਕਾ ਨਾ ਸਕੇ। ਇਸ ਗੱਲ ਲਈ ਜਿੱਥੇ ਮੈਨੂੰ ਦਬਕੇ ਵੱਜੇ ਅਤੇ ਤਾੜਨਾ ਵੀ ਕੀਤੀ ਗਈ ਕਿ ਜੇ ਮੈਂ ਕਿਸੇ ਨਾਲ ਇਸ ਦੀ ਗੱਲ ਕੀਤੀ ਤਾਂ ਮੈਨੂੰ ਗੋਲੀ ਮਾਰ ਦਿੱਤੀ ਜਾਵੇਗੀ। ਭਾਬੀ ਨੂੰ ਵੀ ਭਾਈਆ ਜੀ ਨੇ ਮੰਦਾ ਚੰਗਾ ਬੋਲਿਆ। ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਇਹ ਹਥਿਆਰ 14 ਸੌ ਰੁਪਏ ਦਾ ਲਾਇਲਪੁਰ ਵਲੋਂ 100 ਗੋਲੀਆਂ ਸਮੇਤ ਮੰਗਵਾਇਆ ਗਿਆ ਸੀ। ਇਸਦਾ ਹਰ ਵਾਰੀ ਗੋਲੀ ਚਲਾ ਕੇ ਖੋਖਾ ਅੱਗਿਉਂ ਦੀ ਗਜ ਮਾਰਕੇ ਕੱਢਣਾ ਪੈਂਦਾ ਸੀ ਅਤੇ ਚਾਚਾ ਕਰਮਚੰਦ ਜੋ ਫੌਜ ਵਿਚ ਹਥਿਆਰਾਂ ਦਾ ਮੁਰੰਮਤ (ਆਰਮੋਰ) ਕਰਦਾ ਸੀ, ਨੂੰ ਠੀਕ ਕਰਨ ਲਈ ਦਿਖਾਇਆ ਗਿਆ ਸੀ।

ਹੁਣ, ਵਾਤਾਵਰਨ ਵਿਚ ਮਾਮੂਲੀ ਜਿਹੀ ਤਬਦੀਲੀ ਜਾਪਣ ਲੱਗ ਪਈ ਸੀ। ਸਕੂਲ ਤੋਂ ਗਰਮੀਆਂ ਦੀਆਂ ਛੁੱਟੀਆਂ ਹੋ ਗਈਆਂ ਸਨ। ਐਤਕੀਂ ਕੁਝ ਦਿਨਾਂ ਪਿਛੋਂ ਸਾਨੂੰ ਮਾਲ ਚਾਰਨ ਤੋਂ ਰੋਕ ਦਿੱਤਾ ਗਿਆ ਸੀ ਪਤਾ ਨਹੀਂ ਕਿਉਂ। ਮੈਂ ਹੁਣ ਨਹਾਉਣ ਧੋਣ ਪਿੱਛੋਂ ਰੋਟੀ ਖਾ ਕੇ ਮੰਜੀ ਅਤੇ ਬਸਤਾ ਚੁੱਕ ਕੇ ਆਪਣੇ ਮਰੱਬੇ (ਖੇਤਾਂ) 'ਤੇ ਚਲੇ ਜਾਣਾ ਜੋ ਪਿੰਡ ਦੀ



ਲਾਲ ਲਕੀਰ ਨਾਲ ਹੀ ਸੀ। ਉੱਥੇ ਵੱਗਦੇ ਖਾਲ ਉੱਤੇ ਮੰਜਾ ਡਾਹ ਸਕੂਲ ਦਾ ਮਿਲਿਆ ਕੰਮ ਕਰਦਾ ਰਹਿੰਦਾ। ਉਹਨੀਂ ਦਿਨੀਂ ਛੁੱਟੀਆਂ ਵਿਚ ਸਕੂਲ ਦਾ ਬਹੁਤ ਜ਼ਿਆਦਾ ਕੰਮ ਘਰ ਕਰਨ ਲਈ ਮਿਲਦਾ ਸੀ। ਦਰਅਸਲ ਮਾਸਟਰਾਂ ਦੀ ਉਸ ਵੇਲੇ ਇੱਕ ਸਮਝ ਬਣੀ ਹੁੰਦੀ ਸੀ, ਕਿ ਜੇ ਵਿਦਿਆਰਥੀਆਂ ਨੂੰ ਘਰੋਂ ਕੋਈ ਵੀ ਕੰਮ ਨਾ ਕਰਨ ਨੂੰ ਦਿੱਤਾ ਗਿਆ ਤਾਂ ਇਹ ਚੌੜ ਹੋ ਜਾਣਗੇ। ਇਹ ਛੁੱਟੀਆਂ ਪਿੱਛੋਂ ਸਕੂਲੇ ਪੜ੍ਹਾਈ ਵਲੋਂ ਕੋਰੇ ਕਾਗਜ਼ ਹੀ ਬਣ ਕੇ ਆਉਣਗੇ ਅਤੇ ਛੁੱਟੀਆਂ ਵਿਚ ਘਰ ਮਾਂ ਪਿਉ ਨੂੰ ਸੂਲੀ ਟੰਗਣਗੇ।

ਮੇਰੀ ਪੜ੍ਹਾਈ ਵਾਲੀ ਥਾਂ ਤੋਂ ਕੋਈ ਇੱਕ ਕਿੱਲੇ ਦੀ ਵਿੱਥ 'ਤੇ ਸ਼ਰੀਕੇ ਵਿਚੋਂ ਸਾਡੇ ਤਾਏ ਦੀ ਹਵੇਲੀ ਸੀ ਜਿੱਥੇ ਉਹ ਆਪਣਾ ਡੰਗਰ ਵੱਛਾ ਬੰਨ੍ਹਦੇ ਅਤੇ ਹੋਰ ਖੇਤੀ ਦੇ ਹਲ ਪੰਜਾਲੀ (ਖੇਤੀ ਵਿਚ ਵਰਤੇ ਜਾਣ ਵਾਲੇ ਸੰਦ) ਰੱਖਦੇ ਸਨ। ਇੱਕ ਦਿਨ ਮੇਰਾ ਇੱਕ ਮਿੱਤਰ ਮੇਰੇ ਕੋਲ ਆਇਆ ਅਤੇ ਆਖਣ ਲੱਗਾ ਕਿ ਜਥੇਦਾਰਾਂ ਦਾ ਕਿਰਪਾਲ (ਜੋ ਰਿਸ਼ਤੇ ਤੋਂ ਮੇਰਾ ਚਾਚਾ ਲੱਗਦਾ ਸੀ, ਅਤੇ ਉਸ ਵੇਲੇ ਦਸਵੀਂ ਜਮਾਤ ਵਿਚ ਪੜ੍ਹਦਾ ਸੀ) ਮੈਨੂੰ ਸੱਦਦਾ ਹੈ। ਮੈਂ ਕਿਤਾਬਾਂ ਕਾਪੀਆਂ ਸਮੇਟ ਕੇ ਉਹਦੇ ਨਾਲ ਤੁਰ ਪਿਆ। ਉਹਨੇ ਹੌਲੀ ਜਿਹੀ ਹਵੇਲੀ ਦੇ ਬੂਹੇ ਨੂੰ ਠਕੋਰਿਆ। ਬੂਹਾ ਖੁੱਲਿਆ ਮੈਂ ਵੇਖ ਕੇ ਹੈਰਾਨ ਰਹਿ ਗਿਆ ਅੰਦਰ ਡਿਊੜੀ ਵਿਚ 10-15 ਮੁੰਡੇ ਲੱਕੜ ਦੇ ਕੋਲੇ ਕੂੰਡੀ ਡੰਡੇ ਅਤੇ ਚੱਕੀਆਂ ਵਿਚ ਪੀਹ ਰਹੇ ਸਨ। ਇਸ ਤਰ੍ਹਾਂ ਲੱਗ ਰਿਹਾ ਸੀ ਕਿ ਇਹ ਚੋਖੇ ਚਿਰ ਤੋਂ ਇਸ ਕੰਮ ਵਿਚ ਲੱਗੇ ਹੋਏ ਸਨ। ਉਹਨਾਂ ਦਾ ਮੂੰਹ ਵੀ ਕੋਲੇ ਦੀ ਧੂੜ ਨਾਲ ਕਾਲਾ ਹੋਇਆ ਸੀ। ਉਹਨਾਂ ਵਿਚੋਂ ਕੁਝ ਮੇਰੇ ਜਮਾਤੀ ਅਤੇ ਕੁਝ ਨੌਵੀਂ ਦਸਵੀਂ ਦੇ ਵਿਦਿਆਰਥੀ ਸਨ। ਇੱਕ ਦੋ ਪਿੰਡ ਦੇ ਗੱਭਰੂ ਸਨ। ਪਰ ਨਾਲ ਵਾਲੇ ਅੰਦਰ ਕੁਝ ਕੜਕ-ਕੜਕ ਦੀਆਂ ਆਵਾਜ਼ਾਂ ਵੀ ਆਉਂਦੀਆਂ ਸਨ ਜਿਸ ਦਾ ਮਗਰੋਂ ਪਤਾ ਲੱਗਾ ਕਿ ਮਿਸਤਰੀ ਬਿਸ਼ਨ ਸਿੰਘ ਅਤੇ ਉਸਦਾ ਮੁੰਡਾ ਸ਼ਿੰਗਾਰਾ ਜੋ ਮੇਰੇ ਤੋਂ ਦੋ-ਤਿੰਨ ਸਾਲ ਹੀ ਵੱਡਾ ਹੋਣਾ, ਪੱਠੇ ਕੁਤਰਨ ਵਾਲੇ ਟੋਕਿਆਂ ਦੀਆਂ ਦੇਗੀ ਗਰਾਰੀਆਂ, ਸਰਕੋਟ ਅਤੇ ਚੱਕਰ ਤੋੜ ਰਹੇ ਸਨ। ਮੇਰੀ ਜਾਣੇ ਬਲਾਅ ਭਈ ਇਹ ਸਭ ਕੁਝ ਕਾਹਦੇ ਲਈ ਕੀਤਾ ਜਾ ਰਿਹਾ ਹੈ। ਕੋਲੇ, ਗੰਧਕ, ਪੋਟਾਸ਼ ਅਤੇ ਮਨਸ਼ਲ ਵਿਚ ਪਾ ਕੇ ਬਾਰੂਦ ਬਣਾਇਆ ਜਾਂਦਾ ਸੀ ਜੋ ਬਾਅਦ ਵਿਚ ਪਾਇਪਾਂ ਦੀਆਂ ਬਣਾਈਆਂ ਤੋਪਾਂ ਅਤੇ ਦੇਸੀ ਬੰਬ ਬਣਾਉਣ ਦੇ ਕੰਮ ਆਉਂਦਾ ਸੀ। ਲੌਢੇ ਵੇਲੇ ਸਾਨੂੰ ਅੰਦਰ ਨਲਕੇ ਤੋਂ ਨਹਾ ਧਵਾ ਕੇ ਬਾਹਰ ਕੱਢ ਦਿੱਤਾ। ਅਗਲੇ ਦਿਨ ਉਸੇ ਤਰ੍ਹਾਂ ਹੀ ਫਿਰ ਸੱਦਿਆ ਗਿਆ। ਪ੍ਰੰਤੂ ਕੋਲੇ ਥੋੜ੍ਹਾ ਚਿਰ ਹੀ ਪਿਸਵਾਏ ਗਏ ਅਤੇ ਦੋ ਕੁ ਘੰਟਿਆਂ ਪਿੱਛੋਂ ਮੇਰੇ ਭਾਈਆ ਜੀ ਵੀ ਉੱਥੇ ਆ ਪਹੁੰਚੇ। ਉਹਨਾਂ ਕੋਲ ਇੱਕ ਲੱਕੜ ਦੀ ਰਾਈਫਲ ਦਾ ਮੌਡਲ ਸੀ ਜੋ ਉਹ ਉੱਥੇ ਮੁੰਡਿਆਂ ਨੂੰ ਦਿਖਾਉਂਦਾ ਨਿਸ਼ਾਨਾ ਲਗਾਉਣਾ ਦੱਸਣ ਲਈ ਪਤਾ ਨਹੀਂ ਕਿੱਥੋਂ ਲੈ ਕੇ ਆਏ ਸੀ। ਮੈਨੂੰ ਵੇਖ ਕੇ ਉਹ ਕੁਝ ਪ੍ਰੇਸ਼ਾਨ ਹੋਏ ਅਤੇ ਪੈਂਦੀ ਸੱਟੇ ਹੀ ਬੜੇ ਗੁੱਸੇ ਨਾਲ ਪ੍ਰਬੰਧਕਾਂ ਨੂੰ ਪੁੱਛਣ ਲੱਗੇ ਇਸ ਜੂਠ ਨੂੰ ਏਥੇ ਕਿਉਂ ਵਾੜਿਆ ਜੇ ਇਹ ਤਾਂ ਹੁਣੇ ਪੂਰੇ ਪਿੰਡ ਵਿਚ ਰੌਲਾ ਪਾ ਦੇਵੇਗਾ। ਇਹ ਤਾਂ ਭੌਂਕਾ ਹੈ ਇਹ ਤੁਸਾਂ ਬੜਾ ਮਾੜਾ ਕੀਤਾ ਏ। ਮੈਨੂੰ ਵੀ ਅੱਖਾਂ ਨਾਲ ਘੂਰਿਆ ਅਤੇ ਆਖਿਆ "ਤੂੰ ਇੱਥੇ ਕਿਉਂ ਆਇਆ ਏਂ ਉਧਰ ਕੌਕਿਆਂ ਬੂਰਿਆਂ ਦੇ ਡੰਗਰ ਸਾਰਾ ਗਾਚਾ ਉਜਾੜ ਗਏ ਨੇ ਮੈਂ ਹੁਣੇ ਉਹਨਾਂ ਨੂੰ ਕੱਢ ਕੇ ਆਇਆ

ਹਾਂ।" ਮੈਂ ਡਰ ਦਾ ਮਾਰਾ ਸਹਿਮ ਗਿਆ। ਮੈਂ ਆਪਣੇ ਬਾਪ ਕੋਲੋਂ ਬਹੁਤ ਡਰਦਾ ਸਾਂ ਕਿਉਂਕਿ ਇੱਕ ਵਾਰ ਕਿਸੇ ਦੀ ਝੂਠੀ ਸ਼ਿਕਾਇਤ 'ਤੇ ਹੀ ਮੇਰੀ ਡਾਢੀ ਸੇਵਾ ਹੋਈ ਸੀ ਅਤੇ ਮਾਰ ਪਿੱਛੋਂ ਮੈਂ ਅੱਧੇ ਮਹੀਨੇ ਤੋਂ ਵੀ ਵੱਧ ਤਾਪ ਨਾਲ ਮੰਜਾ ਨਹੀਂ ਛੱਡਿਆ ਸੀ। ਇਸ ਪਿੱਛੋਂ ਮੈਂ ਉੱਤੋਂ ਖਿਸਕ ਗਿਆ।

ਪਿਛਲੇ ਚੌਥੇ ਸਮੇਂ ਤੋਂ ਅਸੀਂ ਤਰਕਾਲਾਂ ਵੇਲੇ ਟਿੱਬੇ (ਰੇਤਲੀ ਭੌਂ) ਤੇ ਗਤਕਾ ਖੇਡਣ ਜਾਇਆ ਕਰਦੇ ਸਾਂ ਜੋ ਪਿੰਡੋਂ ਇੱਕ ਮੁਰੱਬੇ ਦੀ ਵਿੱਥ 'ਤੇ ਸੀ। ਗਤਕਾ ਸਿਖਾਉਣ, ਚੱਕਰ ਚਲਾਉਣ ਵਾਲਾ ਇੱਕ ਨਿਹੰਗ ਸਿੰਘ ਜੀ ਜੋ ਸ਼ਾਇਦ ਇਸੇ ਹੀ ਮਿਸ਼ਨ 'ਤੇ ਸੀ ਅਤੇ ਜੋ ਹੁਣ ਸਾਡੇ ਪਿੰਡ ਹੀ ਕਿਸੇ ਦੇ ਘਰ ਰਹਿ ਰਿਹਾ ਸੀ। ਗਤਕੇ ਵਿਚ ਛੋਟੇ ਮੁੰਡਿਆਂ ਨੂੰ ਕੁਝ ਦਿਨ ਪੈਂਤੜਾ ਬੰਨ੍ਹਣਾ ਅਤੇ ਫਿਰ ਲੱਕੜ ਦੇ ਡੰਡਿਆਂ ਨਾਲ ਵਾਰ ਕਰਨਾ ਵਾਰ ਰੋਕਣਾ ਦੱਸਿਆ ਜਾਂਦਾ ਸੀ। ਵੱਡੇ ਅਤੇ ਜਵਾਨਾਂ ਨੂੰ ਪਹਿਲਾ ਪੈਂਤੜਾ ਫਿਰ ਪਤਲੀਆਂ ਪਤਲੀਆਂ ਬਾਂਸ ਦੀਆਂ ਸੋਟੀਆਂ ਅਤੇ ਇਸ ਪਿੱਛੋਂ ਨੇਜਾ, ਬਰਛਾ ਅਤੇ ਅਖੀਰ ਤੇ ਢਾਲਾਂ ਅਤੇ ਤਲਵਾਰ ਨਾਲ ਵਾਰ ਰੋਕਣਾ ਅਤੇ ਵਾਰ ਕਰਨਾ ਸਿਖਾਇਆ ਜਾਂਦਾ ਸੀ। ਸ਼ਾਮਾ ਵੇਲੇ ਟਿੱਬੇ ਉੱਤੇ ਬੜੀਆਂ ਰੌਣਕਾਂ ਹੁੰਦੀਆਂ ਸਨ। ਨਿਹੰਗ ਸਿੰਘ ਤਲਵਾਰ ਅਤੇ ਢਾਲ ਨਾਲ ਚਾਰ-ਚਾਰ ਜਵਾਨਾਂ ਨਾਲ ਇਕੱਲਿਆਂ ਹੀ ਲੜ ਲੈਂਦਾ ਸੀ ਅਤੇ ਉਸਦੇ ਇਸ ਜਾਨ ਹੂਲਵੇਂ ਕਸਬ ਨਾਲ ਸਾਨੂੰ ਸਾਰਿਆਂ ਨੂੰ ਬੜਾ ਹੌਸਲਾ ਮਿਲਦਾ ਸੀ। ਮੈਂ ਵੀ ਡਾਂਗ ਨਾਲ ਹੁਣ ਵਿਰੋਧੀ ਨੂੰ ਸੱਟ ਮਾਰਨ ਅਤੇ ਆਪ ਸੱਟ ਪੈਣ ਤੋਂ ਆਪਣਾ ਬਚਾਅ ਆਰਾਮ ਨਾਲ ਕਰਨ ਯੋਗ ਸਾਂ। ਘਰਾਂ ਵਿਚ ਵੀ ਕੁੜੀਆਂ ਨੂੰ ਗਤਕਾ ਖੇਡਣਾ ਦੱਸਿਆ ਜਾ ਰਿਹਾ ਸੀ ਤਾਂ ਜੋ ਉਹ ਵੈਰੀ ਤੋਂ ਆਪਣੀ ਰਾਖੀ ਕਰ ਸਕਣ।

### ਚੌਥਾ ਅਹਿਸਾਸ

ਰਮਜ਼ਾਨ ਅਲੀ, ਜੋ ਸਾਡੀ ਮੁੰਡਿਆਂ ਦੀ ਫੁਟਬਾਲ ਦੀ ਟੀਮ ਦਾ ਕਪਤਾਨ ਸੀ। (ਜੋ ਬਾਅਦ ਵਿਚ ਪਾਕਿਸਤਾਨ ਰੇਲਵੇ ਦੀ ਫੁਟਬਾਲ ਦੀ ਟੀਮ ਦਾ ਕੋਚ ਵੀ ਰਿਹਾ ਸੀ) ਹੁਣ ਸ਼ਾਮ ਨੂੰ ਫੁੱਟਬਾਲ ਖੇਡਣ ਘੱਟ ਵੱਧ ਹੀ ਆਉਂਦਾ ਸੀ। ਮੈਨੂੰ ਇੱਕ ਦਿਨ ਉਸ ਨੂੰ ਸੱਦਣ ਈ ਵੀ ਘੱਲਿਆ ਗਿਆ। ਮੈਂ ਉਸਦੀ ਮਾਂ, ਜਿਸਦਾ ਨਾਂ ਜੈਨਾ ਸੀ ਅਤੇ ਜਿਸ ਨੂੰ ਮੈਂ ਭੂਆ ਕਹਿੰਦਾ ਹੁੰਦਾ ਸੀ ਅਤੇ ਜੋ ਵਿਹੜੇ ਵਿਚ ਹੀ ਬੈਠੀ ਸੀ, ਨੂੰ ਪੁੱਛਿਆ ਤਾਂ ਉਸਨੇ ਆਖਿਆ ਕਿ ਉਹ ਵਾਂਢੇ ਗਿਆ ਹੋਇਆ ਹੈ। ਮੈਨੂੰ ਉਹਨਾਂ ਦੇ ਘਰੋਂ ਵਾਪਸ ਆਉਂਦਿਆਂ ਕੁੱਫੜ ਫਿਰੋਜ਼ਦੀਨ ਮਿਲਿਆ ਤੇ ਉਹਨੇ ਦੱਸਿਆ ਕਿ ਉਹ ਵੀ ਮੇਰੇ ਵਾਂਗ ਕਿਤੇ ਗਲੀਆਂ ਕੱਛਦਾ ਫਿਰਦਾ ਹੋਣਾ ਵਾਂ। ਮੈਨੂੰ ਉਹਦੇ ਘਰ ਵਾਲਿਆਂ ਦੇ ਵੱਖ-ਵੱਖ ਜਵਾਬਾਂ ਤੇ ਕੁਝ ਸੰਦੇਹ ਜਿਹਾ ਜਾਪਣ ਲੱਗਾ। ਉਹਨਾਂ ਦੇ ਗਵਾਂਢ ਮੇਰੇ ਮਿੱਤਰ ਈਬੇ (ਇਬਰਾਹੀਮ) ਘੁਮਿਆਰ ਦਾ ਘਰ ਸੀ ਅਤੇ ਜਿੱਧਰ ਮੈਂ ਹਰ ਰੋਜ਼ ਤਰਕਾਲਾਂ ਨੂੰ ਜ਼ਰੂਰ ਗੇੜਾ ਮਾਰਦਾ ਸਾਂ। ਨਾਨੀ (ਨਵਾਬ ਬੀਬੀ ਈਬੇ ਦੀ ਮਾਂ) ਨੇ ਮੈਨੂੰ ਦੱਸਿਆ ਦੋਹਤਿਆ ਜਾਨਾਂ ਤਾਂ ਘਰ ਹੀ ਹੈ। ਪਰ ਤੂੰ ਈਬੇ ਨੂੰ ਮਿਲਣ ਹਨੇਰੇ ਨਾ ਆਇਆ ਕਰ। ਏਥੇ ਲੋਕੀਂ ਚੰਦਰੇ ਹੋਏ ਜਾਪਦੇ ਨੇ। ਮੈਨੂੰ ਉਸ ਦੋ ਪਤਾਸੇ ਦਿੱਤੇ ਅਤੇ ਤਕੀਦ ਕੀਤੀ ਕਿ ਹਨ੍ਹੇਰੇ ਵਿਚ ਹੁਣ ਘਰੇ ਹੀ ਰਹਿਣਾ ਚੰਗਾ ਹੈ। ਪ੍ਰੰਤੂ ਮੈਂ ਨਾਨੀ ਦੀ ਗੱਲ ਬਿਲਕੁਲ ਨਹੀਂ ਗੌਲੀ ਅਤੇ ਆਪਣੇ ਵਿਹਾਰ ਅਤੇ ਤੌਰੇ-ਟਿੱਕੇ ਵਿਚ ਕੋਈ ਫ਼ਰਕ ਨਾ ਪਾਇਆ। •





# ਟਰਾਟਸਕੀ ਦਾ ਦੁਖਾਂਤ

('ਹੁਣ' ਪਤ੍ਰਿਕਾ ਅੰਕ ਨੰ. ਪੰਜ ਦੇ ਪ੍ਰਸੰਗ ਵਿਚ)

**ਹਰਭਜਨ ਸਿੰਘ ਹੁੰਦਲ**

ਲੀਓ ਟਰਾਟਸਕੀ (1879-1940) ਦਾ ਨਾਂ ਵਿਸ਼ਵ ਦੀ ਕਮਿਊਨਿਸਟ ਲਹਿਰ ਵਿਚ ਬੜਾ ਵਾਦ-ਵਿਵਾਦੀ ਵਿਸ਼ਾ ਰਿਹਾ ਹੈ ਤੇ ਇਹ ਵਾਦ-ਵਿਵਾਦ ਇੱਕੀਵੀਂ ਸਦੀ ਵਿਚ ਵੀ ਖ਼ਤਮ ਹੋਣ ਵਾਲਾ ਨਹੀਂ ਜਾਪਦਾ। ਟਰਾਟਸਕੀ ਨੇ ਢੇਰ ਮਾਤਰਾ ਵਿਚ ਕਿਤਾਬਾਂ ਰਾਹੀਂ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਸੀ। ਉਸਦੀਆਂ ਵਧੇਰੇ ਲਿਖਤਾਂ ਸਮਾਜਵਾਦੀ ਅੰਦੋਲਨ, ਅਕਤੂਬਰ ਕ੍ਰਾਂਤੀ, ਵਿਸ਼ਵ-ਸਮਾਜਵਾਦੀ ਅੰਦੋਲਨ ਦੀ ਯੁੱਧ-ਨੀਤੀ ਅਤੇ ਸਟਾਲਨ ਨਾਲ ਉਸਦੇ ਅੰਤਰ-ਪਾਰਟੀ ਟਕਰਾ ਤੋਂ ਇਲਾਵਾ ਉਸਦੀਆਂ ਜੀਵਨ-ਯਾਦਾਂ ਨਾਲ ਸਬੰਧਿਤ ਹਨ ਅਤੇ ਇਹ ਸਾਰੀਆਂ ਲਿਖਤਾਂ ਵਾਰ-ਵਾਰ ਛਪ ਰਹੀਆਂ ਤੇ ਲਗਾਤਾਰ ਪੜ੍ਹੀਆਂ ਜਾਂਦੀਆਂ ਹਨ। ਸਮਾਜਵਾਦੀ ਲਹਿਰ ਦੇ ਗੰਭੀਰ ਪਾਠਕਾਂ, ਹਮਦਰਦਾਂ, ਸ਼ਰਧਾਲੂਆਂ ਅਤੇ ਉਸਦੇ ਸਮਰਥਕਾਂ ਵਲੋਂ ਅਕਸਰ ਹੀ ਉਸਦੀ ਸਮੁੱਚੀ ਦੇਣ ਬਾਰੇ ਬਹਿਸਾਂ ਹੁੰਦੀਆਂ ਰਹਿੰਦੀਆਂ ਹਨ। ਪਰ ਇਹ ਵੀ ਇੱਕ ਹਕੀਕਤ ਹੈ ਕਿ ਜਥੇਬੰਦਕ ਕਮਿਊਨਿਸਟ ਅੰਦੋਲਨ ਨਾਲ ਜੁੜੀ ਵੱਡੀ ਗਿਣਤੀ ਵਿਚਲੇ ਵਰਕਰ ਅਤੇ ਆਗੂ ਉਸਦੀਆਂ ਲਿਖਤਾਂ ਪੜ੍ਹਨੀਆਂ ਤਾਂ ਦੂਰ, ਉਸਦਾ ਨਾਂ ਸੁਣਨਾ ਵੀ ਪਸੰਦ ਨਹੀਂ ਕਰਦੇ। ਆਖ਼ਰ ਇਸ ਦਾ ਕਾਰਨ ਕੀ ਹੈ?

ਇਸ ਗੱਲ ਤੋਂ ਵੀ ਇਨਕਾਰ ਕਰਨਾ ਮੂਰਖਤਾ ਹੋਵੇਗੀ ਕਿ ਟਰਾਟਸਕੀ ਨੇ ਅਕਤੂਬਰ ਕ੍ਰਾਂਤੀ ਦੀ ਸਫਲਤਾ ਵਿਚ ਅਤੇ ਗ੍ਰਹਿ-ਯੁੱਧ ਦੇ ਸਮੇਂ ਵਿਚ ਆਗੂ ਦੇ ਤੌਰ 'ਤੇ ਵਿਸ਼ੇਸ਼ ਰੋਲ ਅਦਾ ਕੀਤਾ ਸੀ। ਉਹ ਵਧੀਆ ਬੁਲਾਰਾ ਅਤੇ ਤੇਜ਼ ਬੁੱਧੀ ਵਾਲਾ ਆਗੂ ਸੀ। ਏਸੇ ਕਾਰਨ ਹੀ ਉਹ ਇਨਕਲਾਬ ਤੋਂ ਬਾਅਦ ਪੋਲਟ-ਬਿਊਰੋ ਤੇ ਸੈਂਟਰਲ ਕਮੇਟੀ ਦਾ ਮੈਂਬਰ ਸੀ। ਪਰ ਲੈਨਿਨ ਨੇ ਆਪਣੀ ਵਸੀਅਤ ਵਿਚ ਸਿਰੇ ਦੇ ਬਾਲਸ਼ਵਿਕ ਆਗੂਆਂ ਦੀ ਯੋਗਤਾ ਅਤੇ ਸੁਭਾਵਾਂ ਬਾਰੇ ਟਿੱਪਣੀਆਂ ਕਰਦੇ ਹੋਏ, ਸੁਭਾਅ ਦੀਆਂ ਕੁਝ ਘਾਟਾਂ ਦੇ ਬਾਵਜੂਦ ਉਸ ਦੀ ਥਾਂ ਸਟਾਲਿਨ ਨੂੰ ਹੀ ਪਾਰਟੀ ਦਾ ਜਨਰਲ ਸਕੱਤਰ ਬਣਾਉਣ ਦੀ ਸਿਫਾਰਸ਼ ਕੀਤੀ ਸੀ।

ਆਪਸੀ ਖਹਿਬਾਜ਼ੀ ਅਤੇ ਆਰਥਿਕ ਨੀਤੀਆਂ ਨੂੰ ਦੇਸ਼ ਵਿਚ ਲਾਗੂ ਕਰਨ ਦੇ ਕਈ ਮੁੱਦਿਆਂ ਉੱਤੇ ਵਿਰੋਧ ਦੇ ਵਧਣ ਨਾਲ ਟਰਾਟਸਕੀ ਤੇ ਸਟਾਲਿਨ ਵਿਚਾਲੇ ਮੱਤਭੇਦ ਏਨੇ ਤਿੱਖੇ ਹੋ ਗਏ ਕਿ ਬਾਕੀ ਆਗੂਆਂ ਦੀ ਸਹਿਮਤੀ ਤੇ ਸਹਾਇਤਾ ਨਾਲ ਟਰਾਟਸਕੀ ਨੂੰ ਪਹਿਲਾਂ 1926 ਵਿਚ ਪੋਲਿਟ ਬਿਊਰੋ ਤੇ ਪਿੱਛੋਂ 1927 ਵਿਚ ਪਾਰਟੀ ਵਿਚੋਂ ਵੱਖ ਕਰਕੇ 1928 ਵਿਚ ਤੁਰਕੀ ਵਿਚ ਜਲਾਵਤਨ ਕਰ ਦਿੱਤਾ ਗਿਆ। ਉਸ ਵੇਲੇ ਹੋਰ ਕੋਈ ਵੀ ਦੇਸ਼ ਉਸਨੂੰ ਰਾਜਸੀ ਸ਼ਰਨ ਦੇਣ ਨੂੰ ਤਿਆਰ ਨਹੀਂ ਸੀ।

ਤੁਰਕੀ ਵਿਚ ਰਹਿੰਦੇ ਹੋਏ ਟਰਾਟਸਕੀ ਨੇ ਬੜੀ ਤੇਜ਼ੀ ਤੇ ਤਨਦੇਹੀ ਨਾਲ ਨਿਰੰਤਰ ਤੌਰ 'ਤੇ ਲਿਖਣ ਦਾ ਬੇਬਹਾ ਕੰਮ ਕੀਤਾ। ਉਸਨੇ 'ਰੂਸੀ ਕ੍ਰਾਂਤੀ ਦਾ ਇਤਿਹਾਸ' ਵਰਗੀ ਠੋਸ ਪੁਸਤਕ ਲਿਖਣ ਦੇ ਨਾਲ-ਨਾਲ ਆਪਣੀ ਜੀਵਨੀ (My Life) ਲਿਖੀ। ਇਸ ਤੋਂ ਬਿਨਾਂ ਉਸਨੇ ਕਈ ਲੇਖ ਅਪੀਲਾਂ ਅਤੇ ਚਿੱਠੀਆਂ ਲਿਖੀਆਂ। ਇਹਨਾਂ ਪੱਤਰਕਾਰੀ ਲਿਖਤਾਂ ਅਤੇ ਕਿਤਾਬਚਿਆਂ ਰਾਹੀਂ ਉਹ ਰੂਸ ਵਿਚ ਆਪਣੇ ਸਮਰਥਕਾਂ 'ਖੱਬੀ ਐਪੋਜ਼ੀਸ਼ਨ' ਧਿਰ ਦੀ ਅਗਵਾਈ ਕਰਨ ਦਾ ਕਾਰਜ ਕਰਨ ਦੇ ਨਾਲ, ਨੀਤੀਆਂ ਦੇ ਆਪਸੀ ਵਿਰੋਧਾਂ ਦਾ ਪ੍ਰਗਟਾਵਾ ਕਰ ਰਿਹਾ ਸੀ।

ਕੁਝ ਮਹੀਨਿਆਂ ਬਾਅਦ ਉਸਨੇ ਇੱਕ ਪੱਤ੍ਰਿਕਾ (ਐਪੋਜ਼ੀਸ਼ਨ ਬੁਲੇਟਿਨ) ਛਾਪਣੀ ਤੇ ਸੰਪਾਦਿਤ ਕਰਨੀ ਆਰੰਭ ਕੀਤੀ। ਇਸਨੂੰ ਉਸਦਾ ਲੜਕਾ ਲੀਓ ਸੀਦੋਵ ਛਾਪਦਾ ਸੀ। ਪਰ ਛੇਤੀ ਹੀ ਸੋਵੀਅਤ ਰੂਸ ਦੀ ਪੁਲਸ ਦੇ ਚੁਕੰਨੇ ਹੋ ਜਾਣ ਨਾਲ ਇਸ ਪੱਤ੍ਰਿਕਾ ਦਾ ਦਾਖਲਾ ਰੂਸ ਵਿਚ ਬੰਦ ਹੋ ਗਿਆ ਅਤੇ ਨਾਲ ਹੀ ਟਰਾਟਸਕੀ ਦੇ ਰੂਸ ਵਿਚਲੇ ਆਪਣੇ ਸਮਰਥਕਾਂ ਨਾਲ ਸੰਪਰਕ ਬਣਾਈ ਰੱਖਣਾ ਅਸੰਭਵ ਹੋ ਗਿਆ। ਪਰ ਟਰਾਟਸਕੀ ਨੇ ਇਸ ਪਾਸੇ ਆਪਣੇ ਯਤਨਾਂ ਨੂੰ ਮੱਠਾ ਨਹੀਂ ਸੀ ਪੈਣ ਦਿੱਤਾ।

ਟਰਾਟਸਕੀ ਨੇ ਯੂਰਪ ਵਿਚਲੇ ਆਪਣੇ ਟਾਂਵੇ-ਟਾਂਵੇ ਸਮਰਥਕਾਂ ਤੇ ਪ੍ਰਸ਼ੰਸਕਾਂ ਦੇ ਨਾਲ-ਨਾਲ ਕਮਿਊਨਿਸਟ ਪਾਰਟੀਆਂ ਵਿਚੋਂ ਕੱਢੇ ਜਾ ਨਾਰਾਜ਼ ਹੋਏ ਵਿਅਕਤੀਆਂ ਨੂੰ ਇਕੱਠਾ ਕਰਨ ਤੇ ਜਥੇਬੰਦ ਕਰਨ ਲਈ ਹੱਥ-ਪੈਰ ਮਾਰਨੇ ਆਰੰਭ ਕਰ ਦਿੱਤੇ ਅਤੇ ਇਸ ਕਾਰਜ ਲਈ ਪਹਿਲਾਂ ਕੋਪਨਹਾਗਨ ਤੇ ਫਿਰ ਪੈਰਿਸ ਵਿਚ ਕਾਨਫਰੰਸਾਂ ਕੀਤੀਆਂ ਅਤੇ ਚੌਥੀ ਇੰਟਰਨੈਸ਼ਨਲ ਨੂੰ ਸਰਗਰਮ ਕਰਨ ਦਾ ਉਪਰਾਲਾ ਕੀਤਾ ਪਰ ਉਸਦੇ ਇਹ ਸਾਰੇ ਯਤਨ ਕੱਖੀਂ-ਪਲਾਹੀ ਹੱਥ ਮਾਰਨ ਦੇ ਸਮਾਨ ਹੀ ਸਨ।

1932 ਦੇ ਅੰਤ ਉੱਤੇ ਉਸ ਨੇ 'ਖੱਬੀ ਐਪੋਜ਼ਸ਼ੀਨ' ਪੁਨਰ ਜਥੇਬੰਦ ਕਰਨ ਲਈ ਕੁਝ ਨੁਕਤਿਆਂ ਦੀ ਨਿਸ਼ਾਨਦੇਹੀ ਕੀਤੀ ਤੇ ਆਪਣੇ ਸਮਰਥਕਾਂ ਲਈ ਕੁਝ ਸੇਧਾਂ ਨਿਸ਼ਚਿਤ ਕੀਤੀਆਂ। ਪਰੋਲਤਾਰੀ ਪਾਰਟੀ ਦੀ ਆਜ਼ਾਦ ਹਸਤੀ ਦੀ ਪ੍ਰਵਾਨਗੀ, ਕ੍ਰਾਂਤੀ ਦੇ ਸਦੀਵੀਂ ਰੂਪ ਦੀ ਪੁਨਰ-ਸਥਾਪਨਾ, ਰੂਸ ਦੀ ਕ੍ਰਾਂਤੀ ਦਾ ਅਫ਼ਸਰਸ਼ਾਹੀ ਦੇ ਹੱਥਾਂ ਵਿਚ ਚਲੇ ਜਾਣ ਦੇ ਬਾਵਜੂਦ ਕਾਮਿਆਂ ਦੀ ਰਿਆਸਤ ਪ੍ਰਵਾਨ ਕਰਨਾ, ਸਟਾਲਿਨ ਦੀਆਂ ਨੀਤੀਆਂ ਦੀ ਆਲੋਚਨਾ, ਕਮਿਊਨਿਸਟਾਂ ਦੇ ਟਰੇਡ-ਯੂਨੀਅਨਾਂ ਵਿਚ ਕੰਮ ਕਰਨ ਦੀ ਲੋੜ, ਕਿਸਾਨਾਂ ਤੇ ਮਜ਼ਦੂਰਾਂ ਦੀ ਡਿਕਟੇਟਰਸ਼ਿਪ ਦੀ ਥਾਂ ਕੇਵਲ ਮਜ਼ਦੂਰਾਂ ਦੀ ਡਿਕਟੇਟਰਸ਼ਿਪ ਉੱਤੇ ਜ਼ੋਰ, ਲਹਿਰ ਲਈ ਵਕਤੀ ਨਾਹਰਿਆਂ ਦਾ ਨਿਰਮਾਣ, ਸਾਂਝਾ ਮੋਰਚਾ ਉਸਾਰਨ ਵੇਲੇ ਮੌਕਾਪ੍ਰਸਤ ਪਹੁੰਚ ਤੋਂ ਪ੍ਰਹੇਜ਼, ਸਟਾਲਿਨ ਦੇ 'ਸੋਸ਼ਲ ਫਾਸ਼ੀਵਾਦ' ਦਾ ਖੰਡਨ ਅਤੇ ਬਾਲਸ਼ਵਿਕ ਪਾਰਟੀ ਵਿਚ ਲੋਕ-ਰਾਜੀ ਰਵਾਇਤਾਂ ਦੀ ਬਹਾਲੀ ਆਦਿ ਵਰਗੇ ਮੁੱਦਿਆਂ ਦੀ ਨਿਸ਼ਾਨਦੇਹੀ ਕੀਤੀ ਗਈ ਸੀ।



ਟਰਾਟਸਕੀ ਇਹਨਾਂ ਨੁਕਤਿਆਂ ਦੀ ਪੂਰਤੀ ਹਿੱਤ ਆਖ਼ਰੀ ਉਮਰ ਤੀਕ ਟੱਕਰਾਂ ਮਾਰਦਾ ਰਿਹਾ। ਜਲਾਵਤਨੀ ਦੇ ਸ਼ੁਰੂ ਦੇ ਸਾਲਾਂ, ਵਿਚ ਉਸਨੂੰ ਬੜੀ ਉਮੀਦ ਸੀ ਕਿ ਰੂਸ ਵਿਚ ਖੱਬੀ ਐਪੋਜ਼ੀਸ਼ਨ ਇੱਕ ਬੜੀ ਸ਼ਕਤੀਸ਼ਾਲੀ ਰਾਜਸੀ ਤਾਕਤ ਬਣਕੇ ਉੱਭਰੇਗੀ। ਉਸਨੂੰ ਇਹ ਵੀ ਆਸ ਸੀ ਕਿ ਸਟਾਲਨ ਅਫਸਰਸ਼ਾਹੀ ਛੇਤੀ ਹੀ ਬਿਖਰ ਜਾਵੇਗੀ ਅਤੇ ਰੂਸ ਦੀ ਬਾਲਸ਼ਵਿਕ ਪਾਰਟੀ ਵਿਚ ਤੇਜ਼ੀ ਨਾਲ ਨਵੀਂ ਕਤਾਰਬੰਦੀ ਹੋ ਜਾਵੇਗੀ ਅਤੇ ਤਾਕਤਾਂ ਦੇ ਇਸ ਭੇੜ ਵਿਚ ਉਸਦੀ ਮਦਦ ਦੀ ਲੋੜ ਬੜੀ ਸ਼ਿੱਦਤ ਨਾਲ ਅਨੁਭਵ ਕੀਤੀ ਜਾਵੇਗੀ, ਏਸੇ ਕਾਰਨ ਹੀ ਉਸਨੇ ਆਪਣੇ ਸਮਰਥਕਾਂ ਨੂੰ ਨਿਰੰਤਰ ਖਤਾਂ ਤੇ ਅਪੀਲਾਂ ਰਾਹੀਂ ਹੌਸਲਾ ਤੇ ਅਗਵਾਈ ਦੇਣ ਦਾ ਯਤਨ ਕੀਤਾ ਪਰ ਇਹ ਸਾਰੀ ਉਸ ਦੀ ਖਾਮ-ਖ਼ਿਆਲੀ ਹੀ ਸੀ।

ਦੂਜੇ ਪਾਸੇ ਰੂਸ ਵਿਚ ਸਟਾਲਿਨ ਦੀ ਰਾਜਸੀ ਸਥਿਤੀ ਅਤੇ ਪਾਰਟੀ ਉੱਤੇ ਉਸਦੀ ਪਕੜ ਸੀ ਅਤੇ ਉਸਨੂੰ ਟਰਾਟਸਕੀ ਦੀ ਕਿਸੇ ਤਰ੍ਹਾਂ ਦੀ ਇਮਦਾਦ ਦੀ ਲੋੜ ਨਹੀਂ ਸੀ। 'ਖੱਬੀ ਐਪੋਜ਼ੀਸ਼ਨ' ਦੀ ਸਾਰੀ ਧਿਰ ਬੁਰੀ ਤਰ੍ਹਾਂ ਕੁਚਲੀ ਤੇ ਖ਼ਤਮ ਕੀਤੀ ਜਾ ਰਹੀ ਸੀ।

ਨਿਰਸੰਦੇਹ ਯੂਰਪ ਅਤੇ ਅਮਰੀਕਾ ਦੇ ਚੋਟੀ ਦੇ ਕੁਝ ਬੁੱਧੀ-ਜੀਵੀ ਟਰਾਟਸਕੀ ਨੂੰ ਸੱਚੀ ਕ੍ਰਾਂਤੀਸ਼ੀਲ ਭਾਵਨਾ ਦਾ ਚਿੰਨ ਸਮਝਕੇ ਉਸਦਾ ਸਤਿਕਾਰ ਕਰਦੇ ਸਨ। ਉਨ੍ਹਾਂ ਵਰ੍ਹਿਆਂ ਵਿਚ ਮਾਸਕੋ ਦੀਆਂ ਗੁਪਤ-ਪੇਸ਼ੀਆਂ, ਮੁਕੱਦਮਿਆਂ ਅਤੇ ਵਿਰੋਧੀਆਂ ਦੇ ਸਫਾਏ ਦੀਆਂ ਖ਼ਬਰਾਂ ਬਾਹਰ ਆਉਣ ਲੱਗ ਪਈਆਂ ਸਨ ਪਰ ਇਹਨਾਂ ਖ਼ਬਰਾਂ ਦਾ ਅਜੇ ਕੋਈ ਠੋਸ ਆਧਾਰ ਜਾਂ ਪ੍ਰਮਾਣ ਨਹੀਂ ਸੀ ਮਿਲਦਾ। ਵਧੇਰੇ ਲੋਕ ਇਹਨਾਂ ਨੂੰ ਅਫਵਾਹਾਂ ਸਮਝ ਕੇ ਪਰੇ ਸੁੱਟ ਦਿੰਦੇ ਸਨ। ਉਹ ਅਜੇ ਵੀ ਸੋਵੀਅਤ ਰੂਸ ਨੂੰ ਆਪਣੇ ਸੁਪਨਿਆਂ ਦੀ ਧਰਤੀ ਤੇ ਆਸਾਂ-ਉਮੀਦਾਂ ਦਾ ਸੋਮਾ ਸਮਝਦੇ ਸਨ। ਏਹੋ ਕਾਰਨ ਸੀ ਕਿ ਸੋਵੀਅਤ-ਪ੍ਰਬੰਧ ਦੇ ਪ੍ਰਸੰਸਕਾਂ ਦੇ ਮਨਾਂ ਉੱਤੇ ਟਰਾਟਸਕੀ ਦੇ ਕੀਤੇ ਜਾ ਰਹੇ ਧੂੰਆਂਧਾਰ ਪ੍ਰਚਾਰ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ।

ਐਪਰ ਅੱਗੋਂ ਜਾਂ ਪਿੱਛੋਂ ਟਰਾਟਸਕੀ ਦੇ ਅਜਿਹੇ ਸ਼ਰਧਾਲੂ ਹੌਲੀ-ਹੌਲੀ ਉਸਦਾ ਸਾਥ ਛੱਡਦੇ ਗਏ। ਖ਼ਾਸ ਤੌਰ 'ਤੇ ਵਿਕਟਰ ਸਰਜ, ਈਸਟ ਮੈਨ, ਬਰਨਹਾਮ, ਤੇ ਸੰਸਾਰ ਪ੍ਰਸਿੱਧ ਮੈਕਸੀਕਨ ਚਿੱਤਰਕਾਰ ਡੀਗੋ ਰਿਵੇਰਾ ਵਰਗੇ ਬੁੱਧੀਜੀਵੀ, ਲੇਖਕ ਤੇ ਕਲਾਕਾਰ ਟਰਾਟਸਕੀ ਦੀਆਂ ਮਾਅਰਕੇਬਾਜ਼ ਨੀਤੀਆਂ ਤੋਂ ਉਪਰਾਮ ਹੋ ਕੇ ਪਾਸਾ ਵੱਟਦੇ ਗਏ। ਇਸ ਵਰਤਾਰੇ ਲਈ ਉਹ ਬੁੱਧੀਜੀਵੀ ਅਤੇ ਸਮਰਥਕ ਬਹੁਤੇ ਦੋਸ਼ੀ ਨਹੀਂ ਕਹੇ ਜਾ ਸਕਦੇ ਸਗੋਂ ਦੋਸ਼ ਖ਼ੁਦ ਟਰਾਟਸਕੀ ਦੇ ਉਸ ਵਿਹਾਰ, ਸੋਚ ਤੇ ਮਾਨਸਿਕ ਬਣਤਰ ਵਿਚੋਂ ਤਲਾਸ਼ਣਾ ਚਾਹੀਦਾ ਹੈ, ਜਿਸ ਅਨੁਸਾਰ ਉਹ ਖ਼ੁਦ ਆਪਣੇ ਨੂੰ ਸਰਬ-ਗਿਆਤਾ ਸਮਝਦਾ ਸੀ ਅਤੇ ਆਪਣੇ ਸਮਰਥਕਾਂ ਕੋਲੋਂ ਅਤਿ ਦੀ ਅਗਿਆਕਾਰੀ ਤੇ ਅਧੀਨਗੀ ਦੀ ਆਸ ਰੱਖਦਾ ਸੀ ਅਤੇ ਦੂਜਿਆਂ ਦੀਆਂ ਰਾਵਾਂ ਨੂੰ ਸੁਣਨ ਤੇ ਪ੍ਰਵਾਨ ਕਰਨ ਲਈ ਉਹ ਉਤਸਕ ਨਹੀਂ ਸੀ ਹੁੰਦਾ।

ਉਸਦੇ ਹੈਂਕੜਬਾਜ਼, ਹਠੀਲੇ ਅਤੇ ਤਾਨਾਸ਼ਾਹੀ ਵਿਹਾਰ ਨੇ ਕਈ ਸੰਵੇਦਨਸ਼ੀਲ ਚਿੰਤਕ ਅਤੇ ਬੁੱਧੀਜੀਵੀ ਉਪਰਾਮ ਅਤੇ ਨਿਰਾਸ਼ ਕਰ ਦਿੱਤੇ। ਵਿਚਾਰਾਂ ਦੀ ਅਸਪਸ਼ਟਤਾ ਅਤੇ ਨਿਰੰਤਰਤਾ ਦੀ ਘਾਟ ਕਾਰਨ, ਉਸਦੇ ਅਨੁਆਈ ਕਈ ਗਰੁੱਪਾਂ-ਦਰ-ਗਰੁੱਪਾਂ ਵਿਚ ਵੰਡਦੇ ਗਏ। ਸਿੱਟੇ ਵਜੋਂ ਉਹ ਕਦੇ ਵੀ ਤੇ ਕਿਤੇ ਵੀ ਕੋਈ ਰਾਜਸੀ ਸ਼ਕਤੀ ਨਹੀਂ ਸੀ ਬਣ ਸਕੇ। ਖ਼ੁਦ ਟਰਾਟਸਕੀ ਨੂੰ ਜਦੋਂ ਕਦੇ, ਕਿਸੇ ਹਮਦਰਦ ਵਲੋਂ ਇਹ ਸਵਾਲ ਪੁੱਛਿਆ ਜਾਂਦਾ ਤਾਂ ਉਸਦਾ ਉੱਤਰ ਹੁੰਦਾ ਸੀ -

"ਲੈਨਿਨ ਵੀ 1914 ਵਿਚ ਪਾਰਟੀ ਵਿਚ ਇਕੱਲਾ ਰਹਿ ਗਿਆ ਸੀ ਪਰ ਤਿੰਨ ਸਾਲ ਬਾਅਦ ਉਹ ਇਨਕਲਾਬ ਦਾ ਜੇਤੂ ਬਣ ਗਿਆ ਸੀ। ਜੋ ਕੁਝ ਲੈਨਿਨ ਕਰ ਸਕਦਾ ਸੀ, ਉਹ ਕਾਰਜ ਟਰਾਟਸਕੀ ਵੀ ਕਰ ਸਕਦਾ ਹੈ।" ਏਹੀ ਵਿਸ਼ਵਾਸ ਉਸਦੀ ਸਾਰੀ ਰਾਜਸੀ ਸਰਗਰਮੀ ਅਤੇ ਰਾਜਨੀਤਿਕ ਨਿਰਣਿਆਂ ਦਾ ਪ੍ਰੇਰਨਾ-ਸਰੋਤ ਸੀ ਅਤੇ ਉਸਦੀ ਆਸ ਤੇ ਸ਼ਕਤੀ ਦਾ ਸੋਮਾ ਸੀ।

2.

ਤਜਰਬੇ ਜਾਂ ਅਨੁਭਵਸ਼ੀਲਤਾ ਪੱਖੋਂ ਟਰਾਟਸਕੀ ਕਿੰਨਾ ਹਾਸੋਹੀਣੀ ਸੀ, ਉਸ ਦੀਆਂ ਇੱਕ-ਦੋ ਮਿਸਾਲਾਂ ਦੇਣੀਆਂ ਉੱਚਿਤ ਹੋਣਗੀਆਂ। ਰੂਸ ਵਿਚ ਖੱਬੇ ਪੱਖੀਆਂ ਦੀ ਜਿੱਤ ਬਾਰੇ ਉਹ ਏਨਾ ਆਸਵੰਦ ਸੀ ਕਿ ਮਾਰਕਸਵਾਦੀ ਚਿੰਤਨ ਦਾ ਵਿਸ਼ਵ ਪ੍ਰਸਿੱਧ ਇਤਿਹਾਸਕਾਰ ਕਲਾਕੋਵਸਕੀ ਦੋ ਤਿੰਨ ਮਿਸਾਲਾਂ ਦਿੰਦਾ ਹੈ-

ਇੱਕ ਜਾਂ ਦੋ ਸੋਵੀਅਤ ਰਾਜਦੂਤਾਂ ਨੇ, ਯੂਰਪ ਵਿਚ ਰਾਜਸੀ ਵਿਰੋਧਾਂ ਜਾਂ ਹੋਰਨਾਂ ਕੋਈ ਲਾਲਚਾਂ ਵੱਸ ਆਪਨੇ ਅਹੁੱਦੇ ਤਿਆਗ ਦਿੱਤੇ ਤੇ ਯੂਰਪ ਵਿਚ ਜਾ ਟਿਕੇ ਤਾਂ ਟਰਾਟਸਕੀ ਨੇ ਬਾਰ-ਬਾਰ ਉਹਨਾਂ ਦੀਆਂ ਮਿਸਾਲਾਂ ਦੇ ਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਸਟਾਲਿਨਵਾਦੀ ਪਾਰਟੀ ਟੁੱਟਣ ਕਿਨਾਰੇ ਜਾ ਪਹੁੰਚੀ ਹੈ ਤੇ ਸੱਚੇ ਬਾਲਸ਼ਵਿਕਾਂ ਦੀ ਪਾਰਟੀ ਅੰਦਰ ਜਿੱਤ ਹੋਣ ਵਾਲੀ ਹੈ।

1939 ਵਿਚ ਦੂਸਰੀ ਸੰਸਾਰ-ਜੰਗ ਦੇ ਆਰੰਭ ਸਮੇਂ, ਟਰਾਟਸਕੀ ਦੇ ਕਿਸੇ ਮਨਚਲੇ ਚੇਲੇ ਨੇ ਬਰਲਿਨ ਦੀ ਕੰਧ ਉੱਤੇ ਇਹ ਨਾਹਰਾ ਲਿਖ ਦਿੱਤਾ, "ਹਿਟਲਰ ਤੇ ਸਟਾਲਿਨ ਮੁਰਦਾਬਾਦਾ, ਟਰਾਟਸਕੀ ਜਿੰਦਾਬਾਦ" () ਇਹ ਖ਼ਬਰ ਪੜ੍ਹ ਕੇ ਉਹ ਹੌਂਸਲੇ ਨਾਲ ਲਬਰੇਜ਼ ਹੋ ਗਿਆ ਅਤੇ ਉਸਨੇ ਇਥੋਂ ਤੱਕ ਲਿਖ ਦਿੱਤਾ, ਕਿ ਜੇ ਕਦੇ ਮਾਸਕੋ ਵਿਖੇ, ਸਟਾਲਿਨ ਦੇ ਹੁੰਦੇ ਹੋਏ, ਬਲੈਕ-ਆਊਟ ਹੋ ਜਾਵੇ ਤਾਂ ਸਾਰੇ ਮਾਸਕੋ ਵਿਚ ਲੋਕ ਇਸ ਨਾਹਰੇ ਨਾਲ ਕੰਧਾਂ ਕਾਲੀਆਂ ਕਰ ਦੇਣਗੇ।" ਬਾਅਦ ਵਿਚ ਉਸਨੇ ਕਿਤੇ ਪੜ੍ਹ ਲਿਆ ਕਿ ਕਿਸੇ ਫਰਾਂਸੀਸੀ ਰਾਜਦੂਤ ਨੇ ਹਿਟਲਰ ਨੂੰ ਕਿਹਾ ਸੀ ਕਿ ਜੇ ਫਰਾਂਸ ਤੇ ਜਰਮਨੀ ਵਿਚ ਜੰਗ ਲੱਗ ਜਾਵੇ ਤਾਂ ਜੇਤੂ ਸਿਰਫ਼ ਟਰਾਟਸਕੀ ਹੋਵੇਗਾ। ਇਸ ਉੱਡਦੇ ਹਵਾੜੇ ਨੂੰ ਉਸਨੇ ਸਬੂਤ ਵਜੋਂ ਕਈ ਲੇਖਾਂ ਵਿਚ ਹਵਾਲੇ ਵਜੋਂ ਵਰਤਿਆ ਅਤੇ ਕਿਹਾ ਵੇਖੋ ਬੁਰਜੂਆਜ਼ੀ ਵੀ ਮੰਨਦੀ ਹੈ ਕਿ ਉਹ



ਕਿੰਨਾ ਦਰੁੱਸਤ ਹੈ।

ਉਸ ਨੂੰ ਇਹ ਦ੍ਰਿੜ ਵਿਸ਼ਵਾਸ ਸੀ ਕਿ ਦੂਜੀ ਵਿਸ਼ਵ-ਜੰਗ ਨਾਲ ਸੰਸਾਰ ਇਨਕਲਾਬ ਪੂਰਾ ਹੋ ਜਾਵੇਗਾ। ਜਿਸ ਵਿਚ ਟਰਾਟਸਕੀ ਦੇ ਸੱਚੇ ਬਾਲਸ਼ਵਿਕ ਜੇਤੂ ਹੋਣਗੇ। ਚੌਥੀ ਕੌਮਨਤਾਰਨ ਦੀ ਸਥਾਪਨਾ ਮੌਕੇ ਉਸਨੇ ਲਿਖਿਆ ਸੀ ਕਿ

"ਅਗਲੇ ਦਸਾਂ ਸਾਲਾਂ ਵਿਚ ਚੌਥੀ ਕੌਮਿਨਤਾਰਨ ਦਾ ਪ੍ਰੋਗਰਾਮ ਲੱਖਾਂ ਲੋਕਾਂ ਦੀ ਅਗਵਾਈ ਕਰੇਗਾ ਅਤੇ ਲੱਖਾਂ ਇਨਕਲਾਬੀ ਇਹ ਜਾਣ ਲੈਣਗੇ ਕਿ ਧਰਤੀ ਅਤੇ ਬਹਿਸ਼ਤ ਉੱਤੇ ਝੰਡੇ ਕਿਵੇਂ ਗੱਡਣੇ ਹਨ।" (ਟਰਾਟਸਕੀ ਦੀਆਂ ਸਮੁੱਚੀਆਂ ਲਿਖਤਾਂ 1974 ਪੰਨਾ 87)

3

ਬੜੀਆਂ ਲੰਮੀਆਂ ਕੋਸ਼ਿਸ਼ਾਂ ਉਪਰੰਤ 1933 ਵਿਚ ਉਸਨੂੰ ਅਖ਼ੀਰ, ਕਈ ਸ਼ਰਤਾਂ ਸਮੇਤ, ਫਰਾਂਸ ਵਿਚ ਰਹਿਣ ਦੀ ਆਗਿਆ ਮਿਲ ਗਈ। ਉਹ ਕਈ ਸਿਰਨਾਵੇਂ ਬਦਲ-ਬਦਲ ਕੇ ਦੋ ਸਾਲ ਤੀਕ ਫਰਾਂਸ ਵਿਚ ਰਿਹਾ। ਐਪਰ ਸਟਾਲਿਨ ਦੀ ਪੁਲਸ ਤੇ ਸਥਾਨਕ ਕਮਿਊਨਿਸਟਾਂ ਦੇ ਨਿਰੰਤਰ ਵਿਰੋਧ ਕਾਰਨ ਉੱਥੇ ਉਸਦਾ ਜੀਣਾ ਤੇ ਰਹਿਣਾ ਮੁਹਾਲ ਹੋ ਗਿਆ। ਰੂਸੀ ਪੁਲਸ ਦੀਆਂ ਕਾਰਵਾਈਆਂ ਵੀ ਦਿਨੋਂ ਦਿਨ ਸਖ਼ਤ ਹੁੰਦੀਆਂ ਗਈਆਂ। ਉਸਨੇ ਫਰਾਂਸ ਵਿਚੋਂ ਨਿਕਲ ਜਾਣ ਦਾ ਫੈਸਲਾ ਕਰ ਲਿਆ ਅਤੇ 1935 ਵਿਚ ਉਸਨੂੰ ਨਾਰਵੇ ਵਿਚ ਰਾਜਸੀ ਸ਼ਰਨ ਪ੍ਰਾਪਤ ਹੋ ਗਈ। ਏਥੋਂ ਦੇ ਕਿਆਮ ਦੌਰਾਨ ਉਸਨੇ ਆਪਨੀ ਪ੍ਰਸਿੱਧ ਪੁਸਤਕ 'ਕ੍ਰਾਂਤੀ ਨਾਲ ਧੋਖਾ' ਮੁਕੰਮਲ ਕੀਤੀ। ਇਸ ਪੁਸਤਕ ਵਿਚ ਉਸਨੇ ਖੁੱਲ ਕੇ ਸੋਵੀਅਤ ਰੂਸ ਦੇ ਰਾਜ-ਪ੍ਰਬੰਧ ਤੇ ਉਥੋਂ ਦੀ ਰਾਜਸੀ ਸ਼ਕਤੀ ਬਾਰੇ ਲਿਖਿਆ ਤੇ ਸੋਵੀਅਤ ਸਿਸਟਮ ਨੂੰ ਰਾਜ-ਪਲਟੇ ਰਾਹੀਂ ਬਦਲ ਦੇਣ ਦੀ ਅਪੀਲ ਜਾਰੀ ਕੀਤੀ। ਪਾਠਕ ਖ਼ੁਦ ਹੀ ਉਸਦੀ ਖਾਮ-ਖਿਆਲੀ ਬਾਰੇ ਅਨੁਮਾਨ ਲਗਾ ਸਕਦੇ ਹਨ।

1936 ਦੇ ਅਖ਼ੀਰ ਉੱਤੇ ਉਸਨੂੰ ਨਾਰਵੇ ਦੀ ਸਰਕਾਰ ਨੇ ਵੀ ਦੇਸ਼ ਵਿਚੋਂ ਨਿਕਲ ਜਾਣ ਲਈ ਕਹਿ ਦਿੱਤਾ। ਉਹ ਜਾਵੇ ਤੇ ਕਿੱਥੇ ਜਾਵੇ? ਸਾਰਾ ਯੂਰਪ ਉਸਨੂੰ ਸ਼ਰਨ ਦੇਣ ਤੋਂ ਇਨਕਾਰੀ ਸੀ। ਦਰ-ਦਰ ਦੇ ਧੱਕੇ ਖਾਂਦਾ ਤੇ ਰੂਸੀ ਖ਼ੁਫੀਆ-ਏਜੰਸੀਆਂ ਦਾ ਸਤਾਇਆ, ਅਖ਼ੀਰ ਉਹ ਮੈਕਸੀਕੋ ਪਹੁੰਚਾ ਅਤੇ ਉਸਨੇ ਸੰਸਾਰ ਪ੍ਰਸਿੱਧ ਕੰਧ ਚਿੱਤਰ ਕਲਾਕਾਰ ਡੀਗੋ ਰਿਵੇਰਾ ਨਾਲ ਸੰਪਰਕ ਕੀਤਾ। ਡੀਗੋ ਉਸ ਸਮੇਂ ਤੀਕ ਇੱਕ ਕੌਮਾਂਤਰੀ ਹਸਤੀ ਬਣ ਚੁੱਕਾ ਸੀ। ਨਾਲ ਹੀ ਉਹ ਮੈਕਸੀਕੋ ਦੀ ਕਮਿਊਨਿਸਟ ਪਾਰਟੀ ਦਾ ਸਿਰਕੱਢ ਆਗੂ ਵੀ ਸੀ। ਟਰਾਟਸਕੀ ਨੂੰ ਸ਼ਰਨ ਦਿਵਾਉਣ ਬਾਰੇ ਉਹ ਆਪਨੇ ਸਵੈ-ਜੀਵਨੀ ਵਿਚ ਲਿਖਦਾ ਹੈ।

"ਮੈਂ ਇਹ ਕੰਮ ਉਸਦੇ ਸਮਰਥਕਾਂ ਵਲੋਂ ਵਾਰ-ਵਾਰ ਬੇਨਤੀਆਂ ਕਰਨ ਉੱਤੇ ਕੀਤਾ ਸੀ ਕਿ ਮੈਨੂੰ ਆਪਨਾ ਪ੍ਰਭਾਵ ਵਰਤਣਾ ਚਾਹੀਦਾ ਹੈ। ਉਹਨਾਂ ਦੀ ਮੰਗ ਮੰਨਦਿਆਂ ਮੈਂ ਦੋ ਸੋਚਾਂ ਤੋਂ ਪ੍ਰਭਾਵਿਤ ਹੋਇਆ, ਮੇਰਾ ਵਿਸ਼ਵਾਸ ਕਿ ਇੱਕ ਆਦਮੀ ਜੋ ਰਾਜਸੀ ਕਾਰਨਾਂ

ਕਰਕੇ ਆਪਣੇ ਦੇਸ਼ ਵਿਚ ਜਬਰ ਦਾ ਸ਼ਿਕਾਰ ਹੋ ਰਿਹਾ ਸੀ। ਉਹ ਦੂਸਰੇ ਦੇਸ਼ ਵਿਚ ਸ਼ਰਨ ਲੈਣ ਦਾ ਹੱਕਦਾਰ ਸੀ। ਇਸ ਮੰਤਵ ਲਈ ਮੈਂ ਰੀਪਬਲਿਕ ਦੇ ਰਾਸ਼ਟਰਪਤੀ ਲਾਜ਼ਾਰੋ ਕਾਰਡੇਨਾਸ ਕੋਲੋਂ ਮੁਲਾਕਾਤ ਲਈ ਸਮਾਂ ਮੰਗਿਆ। ਕਾਰਡੋਨਾਸ ਨੇ ਮੇਰਾ ਪਿਆਰ ਭਰਿਆ ਸਵਾਗਤ ਕੀਤਾ, ਮੇਰੀ ਗੱਲ ਸੁਣੀ ਅਤੇ ਮੇਰੀ ਬੇਨਤੀ ਸਵੀਕਾਰ ਕਰ ਲਈ, ਇੰਝ ਟਰਾਟਸਕੀ ਨੂੰ ਉਸਦਾ ਵੀਜ਼ਾ ਮਿਲ ਗਿਆ।

ਐਪਰ ਜਦੋਂ 24 ਮਈ 1940 ਨੂੰ ਵੀਹ ਹਥਿਆਰਬੰਦ ਕਾਤਲਾਂ ਨੇ ਟਰਾਟਸਕੀ ਨੂੰ ਕਤਲ ਕਰਨ ਲਈ ਉਸਦੇ ਘਰ੍ ਉੱਤੇ ਹਮਲਾ ਕੀਤਾ ਤਾਂ ਪੁਲਸ ਨੇ ਤਫ਼ਤੀਸ਼ ਕਰਦਿਆਂ ਟਰਾਟਸਕੀ ਨੂੰ ਪੁੱਛਿਆ – ਕਿ ਤੈਨੂੰ ਕਿਸ ਉੱਤੇ ਸ਼ੱਕ ਹੈ? ਟਰਾਟਸਕੀ ਨੇ ਡੀਗੋ ਰਿਵੇਰਾ ਤੇ ਉਸਦੀ ਸਟੇਸ਼ਨ ਵੈਗਨ ਵੱਲ ਸੰਕੇਤ ਕਰ ਦਿੱਤਾ। ਪ੍ਰੇਸ਼ਾਨੀ ਤੋਂ ਬਚਣ ਲਈ ਕਈ ਦਿਨ ਡੀਗੋ ਨੂੰ ਆਪਣਾ ਸਟੂਡੀਓ ਅਤੇ ਘਰ ਛੱਡ ਕੇ ਲੁਕਣਾ ਪਿਆ।

ਇੱਕ ਹੋਰ ਮੌਕੇ ਉੱਤੇ ਟਰਾਟਸਕੀ ਨੇ ਡੀਗੋ ਨੂੰ ਗੁੱਸੇ ਵਿਚ ਆ ਕੇ ਆਪਣੇ ਘਰੋਂ ਨਿਕਲ ਜਾਣ ਲਈ ਕਹਿ ਦਿੱਤਾ ਤੇ ਉਸ ਉੱਤੇ ਸਟਾਲਿਨ ਦਾ ਏਜੰਟ ਹੋਣ ਦਾ ਦੂਸ਼ਣ ਵੀ ਲਾਇਆ। ਪਾਠਕ ਸਹਿਜੇ ਹੀ ਅਨੁਮਾਨ ਲਾ ਸਕਦੇ ਹਨ ਕਿ ਟਰਾਟਸਕੀ ਕਿਸ ਤਰ੍ਹਾਂ ਦੇ ਸੁਭਾਅ ਦਾ ਮਾਕ ਸੀ। (Great Artiss) ਅੰਕ 93 ਦਾ ਲੇਖਕ ਤਾਂ ਇਹ ਵੀ ਲਿਖਦਾ ਹੈ ਕਿ ਟਰਾਟਸਕੀ ਨੇ ਡੀਗੋ ਦੀ ਪਤਨੀ ਫਰੀਦਾ ਕਾਹਲੋਂ ਨਾਲ ਨਾਜਾਇਜ਼ ਸੰਬੰਧ ਜੋੜ ਲਏ ਸਨ ਜਿਸਨੂੰ ਵੇਖਦਿਆਂ ਡੀਗੋ ਨੇ ਕਾਹਲੋਂ ਨੂੰ ਤਲਾਕ ਦੇ ਦਿੱਤਾ ਸੀ।

ਮੈਕਸੀਕੋ ਵਿਚ ਉਹ ਸਾਢੇ ਤਿੰਨ ਸਾਲ ਜਿਊਂਦਾ ਰਿਹਾ, ਜਿੱਥੇ ਉਸ ਉੱਤੇ ਸਟਾਲਿਨ ਦੇ ਸਮਰਥਕਾਂ ਤੇ ਸੋਵੀਅਤ ਏਜੰਟਾਂ ਨੇ ਦੋ ਹਮਲੇ ਕੀਤੇ। ਪਹਿਲੇ ਹੱਲੇ ਵਿਚੋਂ ਉਹ ਮੰਜੇ ਹੇਠ ਲੁਕਣ ਕਰਕੇ ਬਚ ਗਿਆ, ਪਰ ਦੁਬਾਰਾ ਹਮਲਾ ਕਾਤਲ ਨੇ ਇੱਕ ਕੁਹਾੜੀ ਨਾਲ ਕੀਤਾ, ਜੋ ਸਿੱਧੀ ਉਸਦੇ ਸਿਰ ਵਿਚ ਮਾਰੀ ਗਈ ਸੀ। ਉਹ ਜ਼ਖ਼ਮਾਂ ਦੀ ਤਾਬ ਨਾ ਝੱਲਦਾ ਹੋਇਆ 21 ਅਗਸਤ 1940 ਨੂੰ ਮਰ ਗਿਆ।

ਮੈਕਸੀਕੋ ਕਿਆਸ ਦੇ ਸਮੇਂ ਉਸਨੇ ਰੂਸ ਵਿਚ ਚੱਲ ਰਹੇ ਮੁਕੱਦਮਿਆਂ ਬਾਰੇ ਇੱਕ ਪੜਤਾਲੀਆ ਕਮਿਸ਼ਨ ਸਥਾਪਤ ਕਰਨ ਲਈ ਉਪਰਾਲੇ ਕੀਤੇ ਤੇ ਇਹ ਸਾਬਤ ਕਰਨ ਦਾ ਯਤਨ ਕੀਤਾ ਕਿ ਇਹ ਸਾਰੇ ਮੁਕੱਦਮੇ ਝੂਠੇ ਤੇ ਮਨਘੜਤ ਸਨ।

4

ਜਲਾਵਤਨੀ ਦੇ ਆਪਣੇ 11 ਸਾਲਾਂ ਦੌਰਾਨ ਉਸਨੇ ਅਣਗਿਣਤ ਲੇਖ, ਕਿਤਾਬਚੇ, ਪੁਸਤਕਾਂ ਅਤੇ ਮਨਰੋਥ-ਪੱਤਰ ਲਿਖੇ ਅਤੇ ਹਰ ਮੋੜ ਉੱਤੇ ਹਾਲੈਂਡ, ਬਰਤਾਨੀਆ, ਚੀਨ, ਭਾਰਤ, ਜਰਮਨੀ ਤੇ ਅਮਰੀਕਾ ਦੇ ਕਾਮਿਆਂ ਨੂੰ ਹਦਾਇਤਾਂ ਤੇ ਸਲਾਹਾਂ ਦਿੱਤੀਆਂ ਸਨ। ਉਸ ਦੀਆਂ ਇਹਨਾਂ ਲਿਖਤਾਂ ਨੂੰ ਉਸਦੇ ਕੁਝ ਚੋਣਵੇਂ ਸ਼ਰਧਾਲੂ ਹੀ ਪੜ੍ਹਦੇ ਸਨ ਤੇ ਇਹਨਾਂ ਲਿਖਤਾਂ ਦਾ ਸਮਕਾਲੀ ਘਟਨਾਵਾਂ ਉੱਤੇ ਭੋਰਾ ਵੀ ਪ੍ਰਭਾਵ ਨਹੀਂ ਪਿਆ ਸੀ।



ਉਸਦੀ ਇਹ ਸਾਰੀ ਤਪੱਸਿਆ ਕਿਸੇ ਕੰਮ ਨਹੀਂ ਸੀ ਆਈ। ਸਟਾਲਿਨ ਨੇ ਸਾਰੇ ਵਿਸ਼ਵ ਦੇ ਟਰਾਟਸਕੀਆਂ ਨੂੰ ਨਿਸਫਲ ਕਰਨ ਵਿਚ ਵੱਡੀ, ਕਾਮਯਾਬੀ ਹਾਸਿਲ ਕਰ ਲਈ ਸੀ।

ਅਸਲ ਵਿਚ ਟਰਾਟਸਕੀ ਦੀ ਮੁੱਖ ਸਮੱਸਿਆ ਸਟਾਲਿਨ ਅਤੇ ਬਾਲਸ਼ਵਿਕ ਪਾਰਟੀ ਦੀ ਅਗਵਾਈ ਹੇਠ ਚਲਾਈ ਜਾ ਰਹੀ ਸਰਕਾਰ ਅਤੇ ਸਟੇਟ ਦੀ ਜਮਾਤੀ-ਬਣਤਰ ਨੂੰ ਠੀਕ ਭਾਂਤ ਪ੍ਰੀਭਾਸ਼ਤ ਕਰਨ ਦੀ ਸੀ ਅਤੇ ਫਿਰ ਇਸ ਪ੍ਰੀਭਾਸ਼ਾ ਅਨੁਸਾਰ ਇਸਦੇ ਹੱਕ ਜਾਂ ਵਿਰੋਧ ਵਿਚ, ਯੁੱਧ-ਨੀਤੀ ਘੜਨ ਦਾ ਸੀ, ਜਲਾਵਤਨੀ ਦੇ ਗਿਆਰਾਂ ਸਾਲਾਂ ਵਿਚ ਤੇ ਆਪਣੀ ਮੌਤ ਦੇ ਅੰਤ ਤੀਕ ਉਹ ਇਸ ਸਮੱਸਿਆ ਦਾ ਠੀਕ ਭਾਂਤ ਕੋਈ ਜਮਾਤੀ ਨਿਰਣਾ ਨਹੀਂ ਸੀ ਕਰ ਸਕਿਆ। ਏਸੇ ਕਾਰਨ ਉਹ ਰੂਸ ਤੋਂ ਦੇਸ਼-ਨਿਕਾਲੇ ਦੇ ਸਾਰੇ ਸਾਲਾਂ ਵਿਚ ਖ਼ੁਦ ਹੀ ਥਿੜਕਣਾ ਦਾ ਸ਼ਿਕਾਰ ਰਿਹਾ। ਇਸ ਔਖੇ ਕਾਰਜ ਨੂੰ ਨਜਿੱਠਣ ਲਈ, ਉਹ ਇਕੱਲਾ ਹੀ ਆਪਣੇ ਆਪ ਨੂੰ ਸਰਬ-ਸਮਰੱਥ ਸਮਝਦਾ ਸੀ ਅਤੇ ਸਾਂਝੀ ਕਾਰਜ-ਸ਼ੈਲੀ ਦੇ ਅਸੂਲਾਂ ਦੀ ਪਾਲਣਾ ਨਹੀਂ ਸੀ ਕਰਦਾ। ਸ਼ਾਇਦ ਇਸਦਾ ਇੱਕ ਕਾਰਨ ਇਹ ਵੀ ਸੀ ਕਿ ਉਸਦੀਆਂ ਜੀਵਨ ਹਾਲਾਤਾਂ ਹੀ ਏਨੀਆਂ ਪੇਚੀਦਾ ਸਨ ਤੇ ਸਬੰਧਿਤ ਸਰਕਾਰਾਂ ਵਲੋਂ ਉਸਦੇ ਕੰਮ-ਕਾਰ ਵਿਚ ਏਨੀਆਂ ਅੜਚਣਾਂ ਡਾਹੀਆਂ ਜਾਂਦੀਆਂ ਸਨ ਕਿ ਉਸ ਲਈ ਕੋਈ ਸਹੀ, ਵਿਗਿਆਨਕ ਨੀਤੀ ਘੜਨੀ ਸੰਭਵ ਨਹੀਂ ਸੀ। ਇੱਕ ਕਾਰਨ ਇਹ ਵੀ ਸੀ ਕਿ ਰੂਸ ਦੀਆਂ ਸੂਹੀਆਂ ਏਜੰਸੀਆਂ ਉਸਦੀ ਸੁਰੱਖਿਆ ਲਈ ਨਿਰੰਤਰ ਤੌਰ ਤੇ ਖ਼ਤਰੇ ਖੜ੍ਹੇ ਕਰੀ ਰੱਖਦੀਆਂ ਸਨ। ਉਸਨੂੰ ਹਰ ਪਲ ਆਪਣੇ ਆਪ ਨੂੰ ਬਚਾਉਣ ਦੀ ਡੂੰਘੀ ਚਿੰਤਾ ਰਹਿੰਦੀ ਸੀ। ਪਰ ਮੇਰੇ ਖ਼ਿਆਲ ਵਿਚ ਬਹੁਤ ਕੁਝ ਉਸਦੇ ਸੁਭਾਅ ਅਤੇ ਹਉਮੈ ਕਾਰਨ ਵੀ ਸੀ। ਉਸਨੂੰ ਹਮੇਸ਼ਾ ਇਹ ਭਰਮ ਰਹਿੰਦਾ ਸੀ ਕਿ ਉਹ ਲੈਨਿਨ ਨਾਲੋਂ ਘੱਟ ਨਹੀਂ ਸੀ। ਜੋ ਕੁਝ ਲੈਨਿਨ ਕਰ ਸਕਦਾ ਸੀ, ਉਹ ਕਿਉਂ ਨਹੀਂ ਸੀ ਕਰ ਸਕਦਾ।

ਆਉ ਵੇਖੀਏ ਕਿ ਉਸਨੇ ਸੋਵੀਅਤ ਸਟੇਟ ਦੇ ਖਾਸ਼ੇ ਨੂੰ ਪ੍ਰੀਭਾਸ਼ਤ ਕਰਨ ਵਿਚ ਕਿੱਥੇ-ਕਿੱਥੇ ਤੇ ਕਿਸ ਭਾਂਤ ਦੇ ਟਪਲੇ ਖਾਧੇ। ਆਪਣੀ ਜਲਾਵਤਨੀ ਦੇ ਮੁੱਢਲੇ ਸਾਲਾਂ ਵਿਚ ਟਰਾਟਸਕੀ ਦਾ ਵਿਚਾਰ ਸੀ ਕਿ ਰੂਸ ਦੀ ਰਾਜਸੀ ਸਥਿਤੀ ਵਿਚ ਸਟਾਲਿਨ ਤੇ ਉਸਦੇ ਸਹਿਯੋਗੀ ਕੇਂਦਰ ਵਿਚ ਸਨ ਤੇ ਸਮਾਜਵਾਦੀ ਪ੍ਰਬੰਧ ਨੂੰ ਖ਼ਤਰਾ ਸੱਜੇ-ਖੱਬੀਆਂ, ਅਥਵਾ ਬੁਖਾਰਿਨ ਅਤੇ ਉਸਦੇ ਸਮਰਥਕਾਂ ਤੋਂ ਸੀ, ਜਿਹੜੇ ਪੂੰਜੀਵਾਦੀ ਪ੍ਰਬੰਧ ਦੀ ਬਹਾਲੀ ਦੇ ਹਾਮੀ ਸਨ। ਇਸ ਲਈ ਟਰਾਟਸਕੀ ਨੇ ਉਲਟ ਇਨਕਲਾਬ ਤੋਂ ਬਚਣ ਲਈ ਸਟਾਲਿਨ ਦੀ ਸਹਾਇਤਾ ਦੀ ਪੇਸ਼ਕਸ਼ ਕੀਤੀ। ਉਸਦਾ ਵਿਚਾਰ ਸੀ ਕਿ ਸਟਾਲਿਨ ਨੇ ਸੱਜੇ-ਪੱਖੀਆਂ ਨੂੰ ਸਟੇਟ ਦੀ ਭਾਈਵਾਲੀ ਵਿਚ ਸਹਾਇਤਾ ਦੇ ਕੇ ਉਹਨਾਂ ਨੂੰ ਯੋਜਨਾਬੰਦੀ ਦੇ ਉੱਚੇ ਅਹੁਦਿਆਂ ਉੱਤੇ ਨਿਯੁਕਤ ਕਰ ਦਿੱਤਾ ਹੈ ਅਤੇ ਹੁਣ ਉਹ ਸਾਰੇ ਤੇਜ਼ ਰਫਤਾਰ ਸਨਅਤੀਕਰਨ ਦੇ ਰਾਹ ਵਿਚ ਰੋੜੇ ਅਟਕਾ ਰਹੇ ਹਨ। ਪਰ ਬਾਅਦ ਵਿਚ ਉਸਨੇ ਇਹ ਸਿੱਟਾ ਕੱਢਿਆ ਕਿ ਇਹ ਪੂੰਜੀਵਾਦੀ ਉਲਟ-ਇਨਕਲਾਬ ਨਹੀਂ ਸੀ, ਸਗੋਂ ਅਫਸਰਸ਼ਾਹੀ

ਨੇ ਸਟੇਟ ਉੱਤੇ ਕਬਜ਼ਾ ਕਰ ਲਿਆ ਸੀ ਤੇ ਉਹ ਪਰੋਲਤਾਰੀ ਦੇ ਮੋਹਰਲੇ ਦਸਤੇ ਅਥਵਾ ਪਾਰਟੀ ਨੂੰ ਤਬਾਹ ਕਰਨਾ ਚਾਹੁੰਦੀ ਸੀ।

ਭਾਵੇਂ ਅਜੇ ਪੈਦਾਵਾਰ ਦੇ ਸਾਧਨ ਸਟੇਟ ਦੇ ਕਬਜ਼ੇ ਅਧੀਨ ਹੀ ਸਨ, ਪਰ ਰਾਜਸੀ ਸ਼ਕਤੀ ਅਫ਼ਸਰਸ਼ਾਹੀ ਦੇ ਹੱਥ ਜਾ ਚੁੱਕੀ ਸੀ। ਬੁਰਜ਼ੂਆਜੀ ਦੇ ਉਲਟ ਇਨਕਲਾਬ ਨੂੰ ਰੋਕਿਆ ਜਾ ਸਕਦਾ ਸੀ, ਜੇ ਸਾਰੇ ਬਾਲਸ਼ਵਿਕ ਤੱਤ ਅਥਵਾ ਧਿਰਾਂ ਨੂੰ ਸਹੀ ਭਾਂਤ ਜਥੇਬੰਦ ਕੀਤਾ ਜਾਵੇ। ਸੋਵੀਅਤ ਰੂਸ ਦੀ ਅਫਸਰਸ਼ਾਹੀ ਅਜੇ ਕੋਈ ਸਮਾਜਿਕ ਸ਼੍ਰੇਣੀ ਨਹੀਂ ਸੀ ਬਣੀ, ਸਗੋਂ ਇੱਕਜੁੱਟ ਸੀ, ਜਿਸਨੇ ਪਰੋਲਤਾਰੀ ਦੇ ਹੱਕ ਖੋਹ ਲਏ ਹਨ ਅਤੇ ਨਿਰਦਈ ਤਾਨਾਸ਼ਾਹੀ ਠੋਸ ਦਿੱਤੀ ਹੈ। ਇਸ ਲਈ ਵਿਸ਼ਵ ਦੀ ਪਰਲੋਤਾਰੀ ਸ਼੍ਰੇਣੀ ਨੂੰ, ਬਿਨਾਂ ਸ਼ਰਤ ਵਿਸ਼ਵ-ਕ੍ਰਾਂਤੀ ਦੇ ਇਸ ਕਿਲ੍ਹੇ ਦੀ ਰਾਖੀ ਕਰਨੀ ਬਣਦੀ ਹੈ ਪਰ ਨਾਲ ਦੀ ਨਾਲ ਸਟਾਲਿਨਵਾਦੀ ਜਕੜ ਵਿਰੁੱਧ ਵੀ ਲੜਾਈ ਲੜਨੀ ਚਾਹੀਦੀ ਹੈ। ਪਰ ਟਰਾਟਸਕੀ ਨੇ ਆਪਣੀਆਂ ਲਿਖਤਾਂ ਰਾਹੀਂ ਇਹ ਸਪੱਸ਼ਟ ਨਹੀਂ ਸੀ ਕੀਤਾ ਕਿ ਇਹ ਦੋਵੇਂ ਮੰਤਵ ਅਮਲ ਵਿਚ ਕਿਵੇਂ ਜੋੜੇ ਜਾ ਸਕਦੇ ਹਨ।

ਐਪਰ 1936 ਵਿਚ ਟਰਾਟਸਕੀ ਇਸ ਸਿੱਟੇ ਉੱਤੇ ਪਹੁੰਚਦਾ ਹੈ ਕਿ ਸਟਾਲਿਨ ਦਾ ਰਾਜ ਸੁਧਾਰਾਂ ਜਾਂ ਅੰਦਰਲੇ ਦਬਾਵਾਂ ਨਾਲ ਬਦਲਿਆ ਨਹੀਂ ਜਾ ਸਕਦਾ, ਇਸਨੂੰ ਬਦਲਣ ਲਈ ਤਾਕਤ ਦੀ ਵਰਤੋਂ ਕਰਕੇ ਇੱਕ ਨਵੇਂ ਇਨਕਲਾਬ ਨਾਲ ਹੀ ਬਦਲਿਆ ਜਾ ਸਕਦਾ ਹੈ। ਇਸ ਇਨਕਲਾਬ ਨਾਲ ਮਾਲਕਾਂ ਦਾ, ਸਿਸਟਮ ਨਹੀਂ ਬਦਲੇਗਾ, ਸਗੋਂ ਇਹ ਇੱਕ ਰਾਜਸੀ ਇਨਕਲਾਬ ਹੋਵੇਗਾ ਪਰ ਇਸਨੂੰ ਸਿਰੇ ਕੌਣ ਚਾੜ੍ਹੇਗਾ? ਇਹ ਟਰਾਟਸਕੀ ਅਨੁਸਾਰ ਪਰਲੋਤਾਰੀ ਦਾ ਮੋਹਰਲਾ ਦਸਤਾ ਕਰੇਗਾ, ਜੋ ਬਾਲਸ਼ਵਿਕ ਵਾਦੀ ਰਵਾਇਤਾਂ ਦਾ ਰਖਵਾਲਾ ਹੋਵੇਗਾ, ਸੋ ਇਹ ਸੀ ਉਹ ਸਿੱਟਾ, ਜਿਸ ਉੱਤੇ ਟਰਾਟਸਕੀ ਪਹੁੰਚ ਚੁੱਕਾ ਸੀ।

ਇਕ ਹੋਰ ਅਹਿਮ ਮੁੱਦਾ, ਜੋ ਬਾਅਦ ਵਿਚ ਝਗੜੇ ਦਾ ਕਾਰਨ ਬਣਦਾ ਰਿਹਾ ਉਹ ਸੀ, 'ਇੱਕ ਦੇਸ਼ ਵਿਚ ਇਨਕਲਾਬ' ਅਕਤੂਬਰ ਕ੍ਰਾਂਤੀ ਵੇਲੇ ਵੀ ਬਾਲਸ਼ਵਿਕ ਲੀਡਰਸ਼ਿਪ ਦਾ ਇਹ ਖ਼ਿਆਲ ਸੀ ਕਿ ਇਹ ਇਨਕਲਾਬ ਤਾਂ ਹੀ ਬਚੇਗਾ ਜੇ ਨਾਲ ਹੀ ਯੂਰਪ ਦੇ ਹੋਰਨਾਂ ਦੇਸ਼ਾਂ ਵਿਚ ਇਨਕਲਾਬ ਹੋਵੇ, ਪਰ ਹੋਰਨਾਂ ਦੇਸ਼ਾਂ ਵਿਚ ਇਨਲਕਾਬ ਤਾਂ ਉਥੋਂ ਦੀਆਂ ਠੋਸ ਹਾਲਤਾਂ ਦੀ ਪੈਦਾਵਾਰ ਹੀ ਹੋਣਾ ਸੀ, ਨਾ ਕਿ ਕਿਸੇ ਆਗੂ ਦੀ ਅੰਤਰਮੁਖੀ ਤਾਂਘ ਕਾਰਨ।

ਇਸ ਰੌਲ-ਘਚੋਲੇ ਵਿਚੋਂ ਨਿਕਲਣ ਲਈ ਟਰਾਟਸਕੀ ਆਪਣੀਆਂ ਲਿਖਤਾਂ ਵਿਚ ਕਈ ਉਪਰਾਲੇ ਕਰਦਾ ਹੈ, ਪਰ ਉਹ ਖੁਦ ਹੀ ਡੂੰਘੇ ਵਿਚਾਰਧਾਰਕ ਜਿੱਲਣ ਵਿਚ ਖੁੱਭਦਾ ਜਾਂਦਾ ਹੈ। ਕਦੇ ਉਹ ਲਿਖਦਾ ਹੈ ਕਿ ਸੋਵੀਅਤ ਰੂਸ ਦਾ ਇਹ ਰਾਜਸੀ, ਨਿਘਾਰ ਸੰਸਾਰ-ਇਨਕਲਾਬ ਦੀ ਅਣਹੋਂਦ ਕਾਰਨ ਵਾਪਰਿਆ ਹੈ। ਪੱਛਮੀ ਯੂਰਪ ਦੀ ਪਰੋਲਤਾਰੀ ਜਮਾਤ



ਨੇ ਆਪਣਾ ਇਤਿਹਾਸਕ ਉਦੇਸ਼ ਪੂਰਾ ਨਹੀਂ ਕੀਤਾ, ਦੂਸਰੇ ਪਾਸੇ ਉਹ ਲਿਖਦਾ ਹੈ ਕਿ ਯੂਰਪ ਵਿਚ ਸੰਸਾਰ-ਇਨਕਲਾਬ ਇਸ ਕਾਰਨ ਨਹੀਂ ਆਇਆ ਕਿਉਂਕਿ ਸੋਵੀਅਤ ਅਫਸਰਸ਼ਾਹੀ ਨੇ ਇਸਨੂੰ ਢਾਹ ਲਾ ਦਿੱਤੀ ਸੀ, ਉਹ ਇਹ ਸਪੱਸ਼ਟ ਨਹੀਂ ਕਰਦਾ ਕਿ ਇਸ ਦੇ ਕਾਰਨ ਕੀ ਸੀ ਅਤੇ ਸਿੱਟਾ ਕੀ ਸੀ?

ਆਪਣੇ ਇੱਕ ਲੇਖ 'ਯੂ.ਐਸ.ਐਸ.ਆਰ. ਦੀਆਂ ਵਿਕਾਸ ਦੀਆਂ ਸਮੱਸਿਆਵਾਂ 1931' ਵਿਚ ਉਹ ਲਿਖਦਾ ਹੈ ਕਿ ਗ੍ਰਹਿ-ਯੁੱਧ ਤੋਂ ਬਾਅਦ ਰੂਸੀ ਪਰਲੋਤਾਰੀ ਥੱਕ ਚੁੱਕਾ ਸੀ ਤੇ ਇਨਕਲਾਬ ਦੇ ਦਿਨਾਂ ਦਾ ਉਤਸ਼ਾਹ ਭਰਮਾਂ ਦੇ ਟੁੱਟਣ ਨਾਲ, ਮੱਠਾ ਪੈ ਗਿਆ ਸੀ। ਇੱਕ ਹੋਰ ਲੇਖ ਵਿਚ ਉਹ ਲਿਖਦਾ ਹੈ ਕਿ ਜੰਗ ਤੋਂ ਥੱਕੀ ਮਜ਼ਦੂਰ ਜਮਾਤ ਨੇ ਮੁੜ-ਉਸਾਰੀ ਤੇ ਅਮਨ-ਕਾਨੂੰਨ ਕਾਇਮ ਕਰਨ ਹਿੱਤ, ਇਹ ਕਾਰਜ਼ ਖ਼ੁਦ ਹੀ ਅਫਸਰਸ਼ਾਹੀ ਨੂੰ ਸੌਂਪ ਦਿੱਤਾ ਸੀ। ਪਰ ਉਹ ਨਹੀਂ ਦੱਸਦਾ ਕਿ ਉਹ ਉਕਤ ਕਾਰਜ ਬਾਲਸ਼ਵਿਕ ਪਾਰਟੀ ਨੇ ਕਿਉਂ ਨਾ ਸਿਰੇ ਚਾੜ੍ਹੇ।

5

ਟਰਾਟਸਕੀ ਦੀ ਜਲਾਵਤਨੀ ਦੇ ਸਾਲਾਂ ਵਿਚ ਹਿਟਲਰ ਦੀ ਜਰਮਣ ਵਿਚਲੀ ਚੜ੍ਹਤ ਕਾਰਨ ਯੂਰਪ ਵਿਚ ਜੰਗ ਛਿੜ ਜਾਣ ਦਾ ਖ਼ਤਰਾ ਵੱਧ ਰਿਹਾ ਸੀ। ਇਸ ਸਥਿਤੀ ਬਾਰੇ ਟਰਾਟਸਕੀ ਨੇ ਬਾਰ-ਬਾਰ ਲਿਖਿਆ ਹੈ, ਪਰ ਉਸ ਦੀਆਂ ਧਾਰਨਾਵਾਂ ਤੇ ਭਵਿੱਖ-ਬਾਣੀਆਂ ਏਨੀਆਂ ਅਲੋਕਾਰ ਅਤੇ ਅਪ੍ਰਸੰਗਿਕ ਹਨ ਕਿ ਅੱਜ ਉਹਨਾਂ ਨੂੰ ਪੜ੍ਹਦਿਆਂ ਹੈਰਾਨੀ ਹੁੰਦੀ ਹੈ।

ਜੰਗ ਛਿੜਨ ਤੋਂ ਕੁਝ ਦਿਨ ਪਹਿਲਾਂ ਬਾਰੇ ਉਹ ਲਿਖਦਾ ਹੈ – "ਮੈਂ ਵਿਸ਼ਵ ਜੰਗ ਬਾਰੇ ਉਹਨਾਂ ਅਸੂਲਾਂ ਨੂੰ ਬਦਲਣ ਦੀ ਮਾਸਾ ਵੀ ਲੋੜ ਨਹੀਂ ਸਮਝਦਾ, ਜਿਹੜੇ ਕਿ ਲੈਨਿਨ ਦੀ ਅਗਵਾਈ ਹੇਠ ਮਜ਼ਦੂਰ ਸ਼੍ਰੇਣੀ ਦੇ ਸਭ ਤੋਂ ਵਧੀਆ ਪ੍ਰਤੀਨਿਧਾਂ ਨੇ 1914 ਤੋਂ 1917 ਦਰਮਿਆਨ ਬਣਾਏ ਸਨ। ਹੁਣ ਦੀ ਜੰਗ ਦੇ ਦੋਹੀਂ ਪਾਸੀਂ ਪਿਛਾਂਹਖਿਚੂ ਖਾਸਾ ਹੈ, ਜਿਹੜਾ ਵੀ ਕੈਂਪ (ਧਿਰ) ਜਿੱਤੇਗਾ, ਮਨੁੱਖਤਾ ਬਹੁਤ ਪਿਛਾਂਹ ਸੁੱਟ ਦਿੱਤੀ ਜਾਵੇਗੀ।" (ਸਮੁੱਚੀਆਂ ਲਿਖਤਾਂ 1939-40)

ਇਸ ਤੋਂ ਅੱਗੇ ਉਹ ਜੁਲਾਈ 1934 ਵਿਚ ਲਿਖਦਾ ਹੈ, "ਕ੍ਰਾਂਤੀਕਾਰੀ ਮੋਹਰੀ ਦਸਤਾ ਮਜ਼ਦੂਰ ਜਮਾਤ ਦੀਆਂ ਜਥੇਬੰਦੀਆਂ ਨਾਲ ਸਾਂਝੇ ਮੋਰਚੇ ਲਈ ਕੋਸ਼ਿਸ਼ ਕਰੇਗਾ। ਆਪਣੀ ਹੀ ਜਮਹੂਰੀ ਸਰਕਾਰ ਦੇ ਵਿਰੁੱਧ ਐਪਰ ਦੁਸ਼ਮਣ ਦੇਸ਼ ਦੇ ਵਿਰੁੱਧ ਕਿਸੇ ਵੀ ਹਾਲਤ ਵਿਚ ਆਪਣੀ ਸਰਕਾਰ ਨਾਲ ਏਕਤਾ ਨਹੀਂ ਕਰੇਗਾ।" (ਚੋਣਵੀਆਂ ਲਿਖਤਾਂ 1933-34 ਪੰਨਾ 306)

ਜੁਲਾਈ 1939 ਦੇ ਆਪਣੇ ਇੱਕ ਖ਼ਤ ਵਿਚ ਉਹ ਲਿਖਦਾ ਹੈ, "ਆਉਣ ਵਾਲੀ ਜੰਗ ਵਿਚ ਚੌਥੀ ਇੰਟਰਨੈਸ਼ਨਲ ਉਹੀ ਹਿੱਸਾ ਪਾਵੇਗੀ, ਜੋ ਬਾਲਸ਼ਵਿਕਾਂ ਨੇ 1917 ਵਿਚ

ਪਾਇਆ ਸੀ, ਐਪਰ ਇਸ ਪੂੰਜੀਵਾਦ ਦਾ ਪਤਨ ਮੁਕੰਮਲ ਤੇ ਅੰਤਮ ਹੋਵੇਗਾ। ਹਾਂ ਮੈਂ ਰਤਾ ਵੀ ਸ਼ੱਕ ਨਹੀਂ ਕਰਦਾ ਕਿ ਨਵੀਂ ਸੰਸਾਰ ਜੰਗ ਅੱਟਲ ਤੌਰ ਉੱਤੇ ਵਿਸ਼ਵ ਇਨਕਲਾਬ ਪੈਦਾ ਕਰੇਗੀ ਅਤੇ ਪੂੰਜੀਵਾਦੀ ਪ੍ਰਬੰਧ ਦਾ ਖ਼ਾਤਮਾ ਕਰ ਦੇਵੇਗੀ।" (ਪੰਨਾ 232)

ਉਸਦੇ ਕੱਢੇ ਸਿੱਟੇ ਏਨੇ ਸਪੱਸ਼ਟ ਅਤੇ ਵਿਸ਼ਵਾਸ ਭਰੇ ਸਨ ਕਿ ਲੱਗਦਾ ਹੈ ਕਿ ਜਿਵੇਂ ਕੋਈ ਪੈਗੰਬਰ ਭਵਿੱਖਬਾਣੀ ਕਰ ਰਿਹਾ ਹੈ। ਸਾਰ ਰੂਪ ਵਿਚ ਉਸਦਾ ਮੱਤ ਸੀ ਕਿ ਜੰਗ ਸ਼ੁਰੂ ਹੋ ਜਾਣ ਨਾਲ ਵਿਸ਼ਵ-ਇਨਕਲਾਬ ਫੁੱਟ ਨਿਕਲੇਗਾ। 'ਚੌਥੀ ਕੌਮਾਂਤਰੀ' ਕਾਮਿਆਂ ਦੇ ਮਨਾਂ ਵਿਚ ਚੜ੍ਹਤ ਧਾਰਨ ਕਰ ਲਵੇਗੀ। ਸਟਾਲਿਨ ਅਤੇ ਸਟਾਲਿਨਵਾਦ ਹੂੰਝੇ ਜਾਣਗੇ।" ਵਿਕਟਰ ਸਰਜ ਵਰਗੇ ਆਪਣੇ ਪ੍ਰਸ਼ੰਸਕਾਂ ਦੇ ਕਿੰਤੂਆਂ ਦਾ ਉੱਤਰ ਦਿੰਦੇ ਉਹ ਦ੍ਰਿੜ ਭਰੋਸੇ ਨਾਲ ਲਿਖਦਾ ਹੈ,

"ਪੂੰਜੀਵਾਦੀ ਸਮਾਜ ਦੀਆਂ ਸਾਰੀਆਂ ਪਾਰਟੀਆਂ ਸਾਰੇ ਹੀ ਸਦਾਚਾਰੀ ਅਤੇ ਇਸਦੇ ਸਾਰੇ ਕੜਛੀ-ਚੱਟ ਆਉਣ ਵਾਲੇ ਘੱਲੂਘਾਰੇ ਦੇ ਮਲਬੇ ਹੇਠ ਤਬਾਹ ਹੋ ਜਾਣਗੇ। ਨਾਲ ਹੀ ਉਹ ਇਹ ਲਿਖਦਾ ਹੈ ਕਿ ਜੇ ਮੇਰੀਆਂ ਪੇਸ਼ੀਨਗੋਈਆਂ ਅਥਵਾ ਭਵਿੱਖ-ਬਾਣੀਆਂ ਸਹੀ ਸਿੱਧ ਨਾ ਹੋਈਆਂ ਤਾਂ ਉਸ ਦਾ ਅਰਥ ਹੋਵੇਗਾ ਕਿ ਮਾਰਕਸਵਾਦੀ ਅਪਰਸੰਗਤਾ" ਉਸਦੇ ਅਸਲ ਸ਼ਬਦ ਇਹ ਹਨ,

0000 ਜੇ ਵਿਸ਼ਵ ਦੀ ਪਰੋਲਤਾਰੀ ਜਮਾਤ, ਆਪਣੇ ਮਿਸ਼ਨ ਦੀ ਪੂਰਤੀ, ਅਰਥਾਤ ਵਿਕਾਸ ਦੇ ਮਾਰਗ ਉੱਤੇ ਤੁਰਨ ਦੇ ਆਪਣੇ ਉਦੇਸ਼ ਵਿਚ ਅਸਮਰੱਥ ਰਹਿੰਦੀ ਹੈ ਤਾਂ ਫਿਰ ਕੁਝ ਵੀ ਬਾਕੀ ਬਚਿਆ ਨਹੀਂ ਰਹਿ ਜਾਵੇਗਾ। ਸਿਵਾਏ ਇਸ ਸਮਝ ਦੇ ਕਿ ਪੂੰਜੀਵਾਦੀ ਸਮਾਜ ਦੀਆਂ ਅੰਤਰਮੁਖੀ ਵਿਰੋਧਤਾਈਆਂ ਉੱਤੇ ਅਧਾਰਿਤ ਸਮਾਜਵਾਦੀ ਪ੍ਰੋਗਰਾਮ ਇੱਕ ਸ਼ੇਖ਼-ਚਿੱਲੀ ਦਾ ਸੁਪਨਾ ਹੀ ਸਿੱਧ ਹੋਵੇਗਾ।" (ਮਾਰਕਸਵਾਦ ਦੀ ਰਾਖੀ ਹਿੱਤ ਪੰਨਾ 8-9)

ਟਰਾਟਸਕੀ ਇਹ ਮੰਨਣ ਨੂੰ ਤਿਆਰ ਨਹੀਂ ਸੀ ਕਿ ਪੂੰਜੀਵਾਦੀ ਪ੍ਰਬੰਧ, ਨਵੀਂ ਤਕਨਾਲੋਜੀ ਦੇ ਵਿਕਸਿਤ ਹੋਣ ਨਾਲ ਆਪਣੇ ਆਪ ਵਿਚ ਸੁਧਾਰ ਕਰ ਸਕਦਾ ਹੈ, ਉਹਨਾਂ ਦਿਨਾਂ ਵਿਚ ਉਹ ਅਮਰੀਕਾ ਰਾਸ਼ਟਰਪਤੀ ਦੇ (New Deal) ਪ੍ਰੋਗਰਾਮ ਨੂੰ ਇੱਕ ਆਖ਼ਰੀ ਤੇ ਪਿਛਾਂਹ ਖਿੱਚੂ ਕੋਸ਼ਿਸ਼ ਸਮਝਦਾ ਸੀ, ਜਿਹੜੀ ਕਿ ਅਵੱਸ਼ ਹੀ ਅਸਫਲ ਹੋਣੀ ਸੀ। ਉਹ ਸਮਝਦਾ ਸੀ ਕਿ ਯੂਨਾਈਟਿਡ ਸਟੇਟਸ, ਆਪਣੇ ਤਕਨੀਕੀ ਵਿਕਾਸ ਦੇ ਸਿਖ਼ਰ ਤੀਕ, ਪਹੁੰਚ ਚੁੱਕਾ ਹੈ, ਤੇ ਹੁਣ ਇਹ ਕਮਿਊਨਿਜ਼ਮ ਲਈ ਪੱਕ ਚੁੱਕਾ ਹੈ।

1935 ਦੇ ਆਪਣੇ ਇੱਕ ਲੇਖ ਵਿਚ ਉਹ ਅਮਰੀਕਣਾਂ ਨੂੰ ਭਰੋਸਾ ਦਿਵਾਉਂਦਾ ਸੀ ਕਿ "ਜੇ ਉਹ ਕਮਿਊਨਿਸਟ ਵਿਕਾਸ-ਮਾਰਗ ਦੇ ਰਾਹ ਤੇ ਤੁਰ ਪੈਣ ਤਾਂ ਉਹਨਾਂ ਦਾ ਉਤਪਾਦਨ ਖਰਚਾ ਅੱਸੀ ਫੀਸਦੀ ਘੱਟ ਜਾਵੇਗਾ।" ਇੰਝ ਆਪਣੀ ਇੱਕ ਹੋਰ ਲਿਖਤ "ਜੰਗ ਸਮੇਂ ਯੂ. ਐਸ. ਐਸ. ਆਰ" ਵਿਚ ਲਿਖਦਾ ਹੈ ਕਿ ਯੋਜਨਾਬੱਧ ਆਰਥਿਕਤਾ ਸਦਕਾ ਉਹ (ਰੂਸ) ਆਪਣੀ ਕੌਮੀ ਆਮਦਨ ਨੂੰ 200 ਬਿਲੀਅਨ ਡਾਲਰ ਸਾਲ ਦੀ ਵਧਾ



ਕੇ ਹਰ ਇੱਕ ਲਈ ਖ਼ੁਸ਼ਹਾਲੀ ਯਕੀਨੀ ਬਣਾ ਸਕਦੇ ਹਨ।"

ਪਰ ਅਫ਼ਸੋਸ ਕਿ ਟਰਾਟਸਕੀ ਦੂਸਰੇ ਸੰਸਾਰ ਜੰਗ ਦੇ ਖ਼ਾਤਮੇ ਤੋਂ ਪਹਿਲਾਂ ਹੀ ਮਾਰ ਦਿੱਤਾ ਗਿਆ। ਕਾਸ਼ ਉਹ ਦੂਸਰੀ ਸੰਸਾਰ ਜੰਗ ਵਿਚ ਸੋਵੀਅਤ ਲੋਕਾਂ ਦੀ ਬਹਾਦਰੀ ਅਤੇ ਅੰਤਮ ਜਿੱਤ ਦੇ ਨਾਲ ਫਾਸਿਜ਼ਮ ਦੀ ਹਾਰ ਦੇ ਤੇ ਇਸ ਕਾਰਜ ਵਿਚ ਸਟਾਲਿਨ ਦੀ ਅਗਵਾਈ ਹੇਠ ਸੋਵੀਅਤ ਲੋਕਾਂ ਦੀ ਕੁਰਬਾਨੀ ਅਤੇ ਸੂਰਮਗਤੀ ਨੂੰ ਵੇਖ ਸਕਦਾ। ਪਰ ਉਸਦੀ ਮਾਨਸਿਕ ਬਣਤਰ ਅਤੇ ਸਟਾਲਿਨ ਪ੍ਰਤੀ ਉਸਦੀ ਅਖੁੱਟ ਘ੍ਰਿਣਾ ਦੇ ਸਨਮੁੱਖ, ਮੇਰੀ ਕਲਪਣਾ ਹੈ ਕਿ ਉਸਨੇ ਇਸ ਮਹਾਨ ਜਿੱਤ ਨੂੰ ਵੀ ਜਾਂ ਅਣਡਿੱਠ ਕਰਨਾ ਸੀ ਤੇ ਜਾਂ ਫਿਰ ਘਟਾ ਕੇ ਵੇਖਣਾ ਸੀ। ਅੰਨ੍ਹੀ ਸਟਾਲਿਨ-ਦੁਸ਼ਮਣੀ ਉਸਨੂੰ ਚੰਗੀ ਜਾਂ ਨਰੋਈ ਗੱਲ ਨੂੰ ਵੀ ਦੇਖਣ ਤੋਂ ਵਿਰਵਾ ਕਰ ਦਿੰਦੀ ਹੈ।

6

ਅਜੋਕੇ ਪ੍ਰਸੰਗ ਵਿਚ ਵੇਖਿਆਂ ਟਰਾਟਸਕੀ ਦੀਆਂ ਰਾਜਸੀ ਤੇ ਪੱਤਰਕਾਰਕ ਲਿਖਤਾਂ ਖ਼ੁਸ਼-ਫਹਿਮੀ ਦੀਆਂ ਪ੍ਰਤੀਕ ਨਜ਼ਰ ਆਉਂਦੀਆਂ ਹਨ। ਇਹ ਅਧੂਰੀਆਂ ਅਥਵਾ ਅਪੂਰਨ ਭਵਿੱਖਬਾਣੀਆਂ, ਹਾਸੋਹੀਣੇ ਨੁਸਖਿਆਂ ਤੇ ਬੇ-ਬੁਨਿਆਦ ਉਮੀਦਾਂ ਦਾ ਗਤਾਵਾ ਜਾਪਦੀਆਂ ਹਨ। ਕਿਹਾ ਜਾ ਸਕਦਾ ਹੈ ਕਿ ਭਵਿੱਖ ਬਾਰੇ ਲਏ ਉਸਦੇ ਅਨੁਮਾਨਾਂ ਵਿਚੋਂ ਬਹੁਤੇ ਗਲਤ ਨਿਕਲੇ ਹਨ ਤੇ ਇੰਝ ਹੋਣਾ ਕੋਈ ਅਸਧਾਰਨ ਗੱਲ ਨਹੀਂ ਹੈ। ਉਸਨੇ ਇਹ ਸਾਰੇ ਕਿਆਸ ਆਪਣੀ ਅਦਭੁੱਤ ਤੌਰ ਤੇ ਤੇਜ਼ ਬੁੱਧੀ ਰਾਹੀਂ, ਮਾਰਕਸਵਾਦੀ ਦਵੰਦਵਾਦੀ ਸਮਝ ਅਨੁਸਾਰ ਹੀ ਲਏ ਸਨ। ਉਸਨੂੰ ਪੱਕਾ ਵਿਸ਼ਵਾਸ ਸੀ ਕਿ ਉਸ ਦੀਆਂ ਲਾਈਆਂ ਕਿਆਸ-ਆਰਾਈਆਂ ਤੇ ਭਵਿੱਖੀ ਕਥਨਾਂ ਨੂੰ ਭਵਿੱਖ ਦਾ ਇਤਿਹਾਸ ਸਹੀ ਸਿੱਧ ਕਰ ਦੇਵੇਗਾ। ਸ਼ਾਇਦ ਏਸੇ ਕਾਰਨ ਹੀ 'ਆਈਸਕ ਡਾਸਚਰ' ਉਸਨੂੰ ਪੈਗੰਬਰ ਦਾ ਦਰਜਾ ਦਿੰਦਾ ਹੈ। ਪਰ ਇਸ ਪੈਗੰਬਰ ਦੇ ਸਾਰੇ ਹੀ ਕਿਆਸ ਕਲਪਣਾ ਦੇ ਮਹੱਲ ਸਾਬਤ ਹੋਏ ਤੇ ਦੂਸਰੀ ਸੰਸਾਰ ਜੰਗ ਦੇ ਸਿੱਟੇ ਵੱਖਰੀ ਤਰ੍ਹਾਂ ਦੇ ਨਿਕਲੇ। ਨਾ ਸਟਾਲਿਨ ਅਤੇ ਨਾ ਹੀ ਉਸਦੀ ਅਫ਼ਸਰਸ਼ਾਹੀ ਹੀ ਖ਼ਤਮ ਹੋਈਆਂ ਤੇ ਨਾ ਹੀ ਟਰਾਟਸਕੀ ਦੇ ਸੁਪਨਿਆਂ ਦਾ ਵਿਸ਼ਵ-ਇਨਕਲਾਬ ਹੀ ਵਾਪਰਿਆ। ਅਸਲ ਵਿਚ ਇਤਿਹਾਸ ਕਿਸੇ ਇੱਕ ਇੱਕਲੇ-ਕਾਰੇ ਪੈਗੰਬਰ ਦੇ ਪ੍ਰਵਚਨਾਂ, ਹੁਕਮਾਂ ਜਾਂ ਅਟਕਲਾਂ ਦੇ ਆਸਰੇ ਕਿਸੇ ਨਿਸ਼ਚਿਤ ਪਗਡੰਡੀ ਉੱਤੇ ਨੱਕ ਦੀ ਸੇਧੇ ਨਹੀਂ ਤੁਰਦਾ। ਇਸਦੀ ਤੋਰ ਤੇ ਵਿਕਾਸ ਵਿਚ ਮਨ-ਇੱਛਤ ਤੱਤਾਂ ਤੋਂ ਇਲਾਵਾ ਹੋਰ ਵੀ ਕਈ ਪ੍ਰਗਟ ਤੇ ਅਪ੍ਰਗਟ ਕਾਰਕ ਹੁੰਦੇ ਹਨ, ਜੋ ਇਤਿਹਾਸ ਦੇ ਕਿਸੇ ਮੋੜ ਜਾਂ ਪੜਾਅ ਉੱਤੇ ਅਸਰਦਾਇਕ ਹੁੰਦੇ ਹਨ। ਇਹ ਕੁਝ ਹੋਰਨਾਂ ਕਈ ਵਿਚਾਰਵਾਨਾਂ, ਵਲੀਆਂ, ਪੈਗੰਬਰਾਂ ਤੇ ਚਿੰਤਕਾਂ ਦੀ ਸੋਚ, ਸਿੱਖਿਆ ਤੇ ਭਵਿੱਖੀ-ਕਥਨਾਂ ਨਾਲ ਵਾਪਰ ਚੁੱਕਾ ਹੈ।

ਰੂਸ ਉੱਤੇ ਹਿਟਲਰ ਦੇ ਹਮਲੇ ਨਾਲ ਜੰਗ ਦਾ ਖਾਸਾ ਇਕ-ਦਮ ਬਦਲ ਗਿਆ ਸੀ।

ਏਸ ਇਕ ਹੀ ਘਟਨਾ ਸਦਕਾ ਸਾਰੀ ਕੌਮਾਂਤਰੀ ਸਥਿਤੀ ਬਦਲ ਚੁੱਕੀ ਸੀ। ਟਰਾਟਸਕੀ ਦੀ ਮੌਤ ਅਗਸਤ 1940 ਵਿਚ ਹੋਈ, ਪਰ ਸੋਵੀਅਤ ਰੂਟ ਉੱਤੇ ਹਿਟਲਰ ਦਾ ਹਮਲਾ 22 ਜੂਨ 1941 ਨੂੰ ਹੋਇਆ ਸੀ। ਸਪੱਸ਼ਟ ਹੈ ਕਿ ਘਟਨਾਵਾਂ ਵਿਚ ਵੱਡਾ ਮੋੜ ਉਸ ਦੀ ਮੌਤ ਤੋਂ ਬਾਅਦ ਵਾਪਰਿਆ ਤੇ ਟਰਾਟਸਕੀ ਇਸ ਘਟਨਾ-ਕ੍ਰਮ ਨੂੰ ਨਾ ਵੇਖ ਸਕਿਆ।

ਪਰ 11 ਸਾਲਾਂ ਦੀ ਜਲਾਵਤਨੀ ਸਮੇਂ ਉਸ ਦੀ ਮਾਨਸਿਕ ਬਣਤਰ ਅਜਿਹੀ ਭਾਂਤ ਦੀ ਬਣ ਚੁੱਕੀ ਸੀ ਕਿ ਜੇ ਸੰਸਾਰ ਦੇ ਕਿਸੇ ਹੀ ਹਿੱਸੇ ਵਿਚ ਕਮਿਊਨਿਸਟ ਅੰਦੋਲਨ ਵਿਚ ਕੋਈ ਹਾਂ-ਪੱਖੀ ਘਟਨਾ ਵਾਪਰਦੀ ਸੀ ਤਾਂ ਉਹ ਸਮਝਦਾ ਸੀ ਕਿ ਇਹ ਬਾਵਜੂਦ ਸਟਾਲਿਨ ਦੇ ਸਿਰਫ਼ ਮੇਰੇ ਸਿੱਟਿਆਂ ਕਰਕੇ ਵਾਪਰੀ ਹੈ ਤੇ ਜੇ ਕਿਤੇ ਇਸ ਸੰਸਾਰ- ਅੰਦੋਲਨ ਵਿਚ ਲਹਿਰ ਨੂੰ ਪਛਾੜਾਂ, ਵੱਜਦੀਆਂ ਸਨ ਤਾਂ ਉਹ ਇਹ ਕਹਿ ਦਿੰਦਾ ਸੀ ਕਿ ਇਹ ਸਾਰਾ ਕੁਝ ਸਟਾਲਿਨ ਦੇ ਰੂਸੀ ਅਫਸਰਸ਼ਾਹੀ ਦੀਆਂ ਗਲਤ ਨੀਤੀਆਂ ਕਾਰਨ ਵਾਪਰੀਆਂ ਹਨ। ਇੰਝ ਹੀ ਸੋਵੀਅਤ ਰੂਸ ਵਿਚ ਜੇ ਕਿਸੇ ਖੇਤਰ ਵਿਚ ਹਾਂ-ਪੱਖੀ ਤਬਦੀਲੀ ਵਾਪਰਦੀ ਸੀ ਤਾਂ ਉਸਦਾ ਸਾਰਾ ਮਾਣ ਉਹ ਆਪਣੇ ਨਾਂ ਗੁਰਦਾਵਰੀ ਕਰ ਲੈਂਦਾ ਸੀ ਤੇ ਜੇ ਕਿਤੇ ਖੇਤਰ ਵਿਚ ਵਿਗਾੜ ਪੈਦਾ ਹੁੰਦਾ ਤਾਂ ਉਹ ਸਟਾਲਿਨ ਤੇ ਉਸਦੀ ਜੁੰਡਲੀ ਦੇ ਨਾਂ ਮੜ੍ਹ ਦਿੱਤਾ ਜਾਂਦਾ ਸੀ।

ਟਰਾਟਸਕੀ ਸੰਸਾਰ ਅਤੇ ਰੂਸ ਵਿਚ ਵਾਪਰ ਰਹੀ ਹਰ ਨਿੱਕੀ ਤੇ ਵੱਡੀ ਘਟਨਾ ਦੀ ਖੁੜਕ ਰੱਖਦਾ ਸੀ ਅਤੇ ਰੂਸ ਵਿਚਲੀਆਂ ਵਾਪਰ ਰਹੀਆਂ ਘਟਨਾਵਾਂ ਉੱਤੇ ਕੰਨ ਧਰਦਾ ਸੀ। ਪਰ ਵੀਹਵੀਂ ਸਦੀ ਦੇ ਚੌਥੇ ਦਹਾਕੇ ਵਿਚ ਸੂਚਨਾ ਇਕੱਤਰ ਕਰਨ ਦੇ, ਸਾਧਨ ਅੱਜ ਵਾਂਗ ਏਨੇ ਵਿਕਸਿਤ ਨਹੀਂ ਸੀ ਹੋਏ। ਸਿੱਟੇ ਵਜੋਂ ਉਸਦੇ ਕੱਢੇ ਸਿੱਟੇ ਅਕਸਰ ਹੀ ਗਲਤ ਨਿਕਲਦੇ ਸਨ। ਇਹ ਗੱਲ ਵੀ ਧਿਆਨ-ਗੋਚਰੇ ਰੱਖਣੀ ਚਾਹੀਦੀ ਹੈ ਕਿ ਜੋ ਕੁਝ ਚੰਗਾ ਜਾਂ ਮਾੜਾ ਰੂਸ ਵਿਚ ਹੋ ਰਿਹਾ ਸੀ, ਉਸ ਦੀ ਨੀਂਹ ਰੱਖਣ ਵਿਚ 1926 ਤੀਕ ਟਰਾਟਸਕੀ ਵੀ ਬਰਾਬਰ ਦਾ ਜ਼ਿੰਮੇਵਾਰ ਸੀ।

ਰਾਜਨੀਤਿਕ ਲਿਖਤਾਂ ਤੋਂ ਇਲਾਵਾ ਟਰਾਟਸਕੀ ਨੇ ਮਾਰਕਸਵਾਦੀ ਸਿਧਾਂਤਾਂ ਨੂੰ ਵਿਕਸਿਤ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ। ਉਹ ਤਾਂ ਇਹਨਾਂ ਸਿਧਾਂਤਾਂ ਨੂੰ ਤੇਜ਼ੀ ਨਾਲ ਬਦਲਦੇ ਪ੍ਰਸੰਗਾਂ ਵਿਚ ਲਾਗੂ ਕਰਨ ਦਾ ਯਤਨ ਕਰਦਾ ਰਿਹਾ, ਭਾਵੇਂ ਕਿ ਇੰਝ ਕਰਦਿਆਂ ਉਸ ਦੇ ਕੱਢੇ ਸਿੱਟੇ ਅਕਸਰ ਹੀ ਗਲਤ ਹੁੰਦੇ ਸਨ। 'ਕਲਾਕੋਵਸਕੀ' ਅਨੁਸਾਰ ਉਸਨੇ ਇਸ ਖੇਤਰ ਵਿਚ ਆਪਣੀ ਉਮਰ ਦੇ ਅੰਤਮ ਵਰ੍ਹਿਆਂ ਵਿਚ ਯਤਨ ਕੀਤਾ ਸੀ, ਪਰ ਉਸਨੂੰ ਕੋਈ ਸਫਲਤਾ ਨਾ ਮਿਲੀ। ਡਾਇਲੈਕਟਸ ਦੀ ਉਸਦੀ ਪਕੜ ਬੜੀ ਕਮਜ਼ੋਰ ਸੀ। ਏਸੇ ਕਾਰਨ ਉਸਦੇ ਸਮਰਥਕ ਬਰਨਹਾਮ ਨੇ, ਉਸਨੂੰ ਇਸ ਖੇਤਰ ਵਿਚ ਟੱਕਰਾਂ ਮਾਰਨ ਤੋਂ ਵਰਜ ਦਿੱਤਾ ਸੀ।

7

ਸਾਨੂੰ ਇਸ ਹਕੀਕਤ ਤੋਂ ਵੀ ਅੱਖਾਂ ਨਹੀਂ ਮੀਟਣੀਆਂ ਚਾਹੀਦੀਆਂ ਕਿ ਟਰਾਟਸਕੀ



ਅਦਭੁੱਤ ਦਿਮਾਗੀ ਸ਼ਕਤੀ ਅਤੇ ਅਤਿ ਦੇ ਦ੍ਰਿੜ੍ਹ ਇਰਾਦੇ ਦਾ ਮਾਲਕ ਵਿਅਕਤੀ ਸੀ। ਧੜੇਬੰਦਕ ਲੜਾਈ ਵਿਚ ਉਹ ਸਟਾਲਿਨ ਵਰਗੇ ਸਾਧਾਰਨ ਬੁੱਧੀ ਵਾਲੇ ਵਿਅਕਤੀ ਪਰ ਨਿਪੁੰਨ ਜਥੇਬੰਦਕ ਆਗੂ ਕੋਲੋਂ ਮਾਤ ਖਾ ਗਿਆ ਸੀ। ਸਟਾਲਿਨ ਇੱਕ ਸ਼ਰਾਬੀ ਮੋਚੀ ਦਾ ਪੁੱਤਰ ਤੇ ਰੰਚਕ ਮਾਤਰ ਵੀ ਬੁੱਧੀਮਾਨ ਨਹੀਂ ਸੀ। ਉਸਨੇ ਆਪਣੀ ਉਮਰ ਦੇ ਆਖ਼ਰੀ 11 ਸਾਲਾਂ ਵਿਚ ਜਲਾਵਤਨੀ ਦੀਆਂ ਤੰਗੀਆਂ, ਖ਼ਵਾਰੀਆਂ ਤੇ ਪ੍ਰੇਸ਼ਾਨੀਆਂ ਝੱਲੀਆਂ, ਪਰ ਸੀ ਤੀਕ ਨਹੀਂ ਕੀਤੀ। ਉਸਦਾ ਸਾਰਾ ਪਰਿਵਾਰ ਹੀ ਖ਼ਤਮ ਕਰ ਦਿੱਤਾ ਗਿਆ ਤੇ ਖ਼ੁਦ ਉਸਨੂੰ ਦੇਸ਼-ਦੇਸ਼ ਵਿਚ ਸ਼ਰਨ ਲੈਣ ਲਈ ਮਜਬੂਰ ਕੀਤਾ ਗਿਆ, ਪਰ ਉਸ ਅੰਦਰਲਾ ਜਜ਼ਬਾ ਅੰਤਮ ਸਾਹਾਂ ਤੀਕ ਕਾਇਮ ਰਿਹਾ।

ਸਟਾਲਿਨ ਦੇ ਵਿਅਕਤੀ ਪੂਜਾ ਦੇ ਸਾਲਾਂ ਵਿਚ ਪਾਰਟੀ ਵਿਚ ਅਤੇ ਬਾਹਰ ਉੱਘੇ ਪਾਰਟੀ ਆਗੂਆਂ, ਆਮ ਵਰਕਰਾਂ ਤੇ ਸਾਧਾਰਨ ਲੋਕਾਂ ਉੱਤੇ ਜੋ ਜ਼ਿਆਦਤੀਆਂ ਇਸ ਦੌਰ ਵਿਚ ਕੀਤੀਆਂ ਗਈਆਂ ਤੇ ਜਿਸਦੇ ਸਿੱਟੇ ਵਜੋਂ ਲੱਖਾਂ ਲੋਕ ਬੰਦੀ ਕੈਂਪਾਂ ਦੇ ਦੁੱਖ ਝੱਲਦੇ ਮਾਰੇ ਗਏ ਜਾਂ ਅਪਮਾਨਿਤ ਕੀਤੇ ਗਏ, ਉਸ ਸਾਰੇ ਦਰਦਨਾਕ ਵਰਤਾਰੇ ਬਾਰੇ ਵੱਖਰੇ ਅਧਿਐਨ ਦੀ ਲੋੜ ਹੈ। ਤੇ ਇਸ ਲੇਖ ਵਿਚ ਉਸਨੂੰ ਸਮੇਟਣਾ ਨਾ ਸੰਭਵ ਹੈ ਤੇ ਨਾ ਹੀ ਮੇਰਾ ਇਹ ਨਿਸ਼ਾਨਾ ਸੀ।

ਟਰਾਟਸਕੀ ਦਾ ਦੁਖਾਂਤ ਏਨਾ ਪਰਿਵਾਰਕ, ਜਿਸਮਾਨੀ ਜਾਂ ਨਿਜੀ ਨਹੀਂ ਸੀ ਜਿੰਨਾ ਵਿਚਾਰਧਾਰਕ ਸੀ। ਹਕੀਕਤ ਵਿਚ ਉਹ ਪੈਂਤੜੇ ਤੋਂ ਉੱਖੜ ਚੁੱਕਾ ਵੱਡਾ ਆਗੂ ਤੇ ਚਿੰਤਕ ਸੀ ਪਰ ਉਸਦੀ ਸੋਚ ਤੇ ਜੀਵਨ ਦਾ ਦੁਖਾਂਤ ਗਰੀਕ ਟਰੈਜਿਡੀ ਵਰਗਾ ਪ੍ਰਤੀਤ ਹੁੰਦਾ ਹੈ। ਟਰਾਟਸਕੀ ਬਾਰੇ ਜੇ ਪੰਜਾਬੀ ਅਖਾਉਤਾਂ ਦੀ ਭਾਸ਼ਾ ਵਿਚ ਸਾਰੀ ਗੱਲ ਨੂੰ ਸੰਖੇਪ ਵਿਚ ਸਮੇਟਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ :-

ਤਾਲੋਂ ਘੁੱਥੀ ਡੂੰਮਣੀ, ਗਾਵੇ ਆਲ ਬੇਤਾਲ॥

ਸਹਾਇਕ ਪੁਸਤਕਾਂ

1. Main Currents of Marxism III Volume by Leszed Kolankowski, Oxford University Press - 1978
2. Stalin & His Hangmen by Donald Rayfuild Penguin Books, 2005
3. Trotskyism the enemy of Revolution by S. I. Sobolev, Progress Publishers Mascow -1 974
4. My Art, My Life, Diago Rivera Gladys March, Dover Publications Inc. (New York 1991)
5. Lenin & Trostsky by Alon Woods and Ted grant. Aakar India - 2007 •

# ਦੋਸਤੀਨਾਮਾ

**ਡਾ. ਬਲਜਿੰਦਰ ਪਾਲ**

ਹਰਭਜਨ ਸਿੰਘ ਹੁੰਦਲ ਦਾ ਪੰਜਾਬੀ ਸਾਹਿਤ ਖੇਤਰ ਵਿਚ ਨਿਵੇਕਲਾ ਸਥਾਨ ਹੈ। ਹੁੰਦਲ ਨੇ ਕਵੀ ਹੋਣ ਦੇ ਨਾਲ-ਨਾਲ ਜੀਵਨੀ, ਸਫ਼ਰਨਾਮਾ, ਅਨੁਵਾਦਕ ਅਤੇ ਆਲੋਚਨਾ ਤੇ ਵੀ ਹੱਥ ਅਜ਼ਮਾਈ ਕੀਤੀ। ਇਸ ਵਿਚ ਉਸਨੂੰ ਭਰਪੂਰ ਸਫਲਤਾ ਵੀ ਪ੍ਰਾਪਤ ਹੋਈ। 'ਦੋਸਤੀਨਾਮਾ' ਹੁੰਦਲ ਦੀ ਬੈਂਤ ਛੰਦ ਵਿਚ ਲਿਖੀ ਇੱਕ ਲੰਮੀ ਕਵਿਤਾ ਹੈ। ਇਸ ਵਿਚ ਗੱਲ ਭਾਵੇਂ ਨਿਜੀ ਦੋਸਤੀ ਤੋਂ ਸ਼ੁਰੂ ਹੁੰਦੀ ਹੈ ਪਰ ਇਹ ਬਹੁਤ ਸਾਰੇ ਉਪ-ਵਿਸ਼ਿਆਂ ਨੂੰ ਸਮੇਟਦੀ ਹੋਈ ਦੋਸਤੀ ਦੇ ਮਹੱਤਵ ਤੇ ਚਾਨਣਾ ਪਾਉਂਦੀ ਹੈ।

'ਦੋਸਤੀਨਾਮਾ' ਵਿਚ ਹੁੰਦਲ ਆਪਣੇ ਪੁਰਾਣੇ ਦੋਸਤਾਂ ਨੂੰ ਸੰਬੋਧਿਤ ਹੁੰਦਾ ਹੈ। ਹੁੰਦਲ, ਰਘਬੀਰ ਅਤੇ ਸੁਰਿੰਦਰ ਜੋ ਕਿ ਤਿੰਨੇ ਇੱਕੋ ਹੀ ਵਿਚਾਰਧਾਰਾ ਨਾਲ ਸੰਬੰਧਿਤ ਹਨ, ਮਾਰਕਸਵਾਦੀ ਵਿਚਾਰਧਾਰਾ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਦਾ ਦਾਅਵਾ ਕਰਦੇ ਹਨ। ਪਰ ਕਈ ਥਾਂ ਉਨ੍ਹਾਂ ਦਾ ਅਹੰਮ ਟਕਰਾਉਂਦਾ ਨਜ਼ਰ ਆਉਂਦਾ ਹੈ। ਦਿਲ ਦੇ ਕਿਸੇ ਨਾ ਕਿਸੇ ਕੋਨੇ ਵਿਚੋਂ ਜਲਣ ਦੀ ਬੋ ਆਉਂਦੀ ਹੈ। ਹੁੰਦਲ ਦੇ ਜ਼ਿਆਦਾਤਰ ਦੋਸਤ ਖੱਬੀ ਧਿਰ ਨਾਲ ਸੰਬੰਧਿਤ ਰਹੇ ਹਨ, ਪਰ ਸਮੇਂ ਦੀਆਂ ਤਬਦੀਲੀਆਂ ਕਾਰਨ ਅਤੇ ਖੱਬੇ ਪੱਖੀਆਂ ਵਿਚ ਚਲਦੇ ਟਕਰਾਵਾਂ ਨੇ ਕਈ ਗੂੜ੍ਹੇ ਮਿੱਤਰਾਂ ਦੇ ਮਨਾਂ ਵਿਚ ਵੀ ਤ੍ਰੇੜਾਂ ਪਾ ਦਿੱਤੀਆਂ ਹਨ। ਹੁੰਦਲ ਦੇ ਕਈ ਮਿੱਤਰ ਸੁਹੇਲ ਸਿੰਘ ਵਰਗੇ ਇਸ ਦੁਨੀਆਂ ਨੂੰ ਬੇਵਕਤੀ ਮੌਤ ਕਾਰਨ ਅਲਵਿਦਾ ਕਹਿ ਗਏ ਸਨ। ਇਸ ਲਈ ਉਸ ਦੀ ਜੋ ਵੀ ਮਿੱਤਰ ਮੰਡਲੀ ਸੀ, ਉਹ ਪੂਰੀ ਤਰ੍ਹਾਂ ਬਿਖਰ ਚੁੱਕੀ ਹੈ। ਇਸ ਤੋਂ ਇਲਾਵਾ ਉਸਨੂੰ ਜਿੱਥੇ ਸਰਕਾਰਾਂ-ਦਰਬਾਰਾਂ ਨਾਲ ਸੰਘਰਸ਼ ਕਰਨਾ ਪਿਆ, ਉਥੇ ਉਸ ਨੂੰ ਪਾਰਟੀ ਦੇ ਅੰਦਰ ਵੀ ਬਹੁਤ ਗੰਭੀਰ ਮਸਲਿਆਂ ਤੇ ਲੜਾਈ ਲੜਨੀ ਪਈ। ਜਿਸ ਕਾਰਨ ਕੁਝ ਸਮੇਂ ਲਈ ਹੁੰਦਲ ਪ੍ਰੇਸ਼ਾਨ ਵੀ ਰਿਹਾ। 'ਮੁਖਬਰੀ ਕਰਦੇ ਦਿਨ' ਕਵਿਤਾ ਦੀ ਪੁਸਤਕ ਇਸੇ ਸੰਘਰਸ਼ ਦਾ ਸਿੱਟਾ ਸੀ।

ਹਰਭਜਨ ਸਿੰਘ ਹੁੰਦਲ ਅਤੇ ਉਸਦੇ ਮਿੱਤਰਾਂ ਦੀ ਸ਼ਬਦੀ ਜੰਗ ਵੀ ਖੱਬੇ ਪੱਖੀਆਂ ਵਿਚ ਆਈਆਂ ਤ੍ਰੇੜਾਂ ਦਾ ਨਤੀਜਾ ਜਾਪਦੀ ਹੈ। ਜਿਸ ਕਾਰਨ ਉਸ ਦੇ ਇਨ੍ਹਾਂ ਮਿੱਤਰਾਂ ਦੀਆਂ ਕਵਿਤਾਵਾਂ ਦਾ ਇੱਕ ਨੁਕਾਤੀ ਪ੍ਰੋਗਰਾਮ ਹੁੰਦਲ ਦੀ ਖਿਲਾਫਤ ਰਿਹਾ ਅਤੇ ਇਹ ਕਵਿਤਾਵਾਂ 'ਸਿਰਜਣਾ' ਸਮੇਤ ਕਈ ਪੱਤਰਕਾਵਾਂ ਵਿਚ ਪ੍ਰਕਾਸ਼ਿਤ ਹੁੰਦੀਆਂ ਰਹੀਆਂ। ਹੁੰਦਲ ਜੋ ਕਿ ਇੱਕ ਸੰਜੀਦਾ ਕਿਸਮ ਦਾ ਇਨਸਾਨ ਹੋਣ ਕਾਰਨ ਕੁਝ ਸਮੇਂ ਲਈ ਇਸ ਮਿੱਤਰ ਮੰਡਲੀ ਦੀ ਖਿਲਾਫਤ ਨੂੰ ਨਜ਼ਰਅੰਦਾਜ਼ ਕਰਦਾ ਰਿਹਾ। ਆਖ਼ਰ ਕਿਸੇ ਚੀਜ਼ ਦੀ ਹੱਦ ਹੁੰਦੀ ਹੈ, ਇਸੇ ਕਾਰਨ ਹੁੰਦਲ ਨੇ ਉਨ੍ਹਾਂ ਦੀ ਤੰਗਦਿਲੀ ਦਾ ਜਵਾਬ ਵੀ ਕਵਿਤਾ ਦੇ ਰੂਪ ਵਿਚ ਹੀ ਦਿੱਤਾ ਜਿਸ ਦਾ ਨਾਂ ਰੱਖਿਆ ਗਿਆ 'ਦੋਸਤੀਨਾਮਾ'।

ਇਸ ਕਾਵਿ ਰਚਨਾ ਬਾਰੇ ਹੁੰਦਲ ਖ਼ੁਦ ਲਿਖਦਾ ਹੈ, "ਆਪਣੇ 45 ਸਾਲ ਪੁਰਾਣੇ ਦੋਸਤ ਵਲੋਂ ਕੀਤੇ ਜਾਂਦੇ ਹਸਦ ਭਰੇ ਹਮਲਿਆਂ ਦੇ ਦਰਦ ਨੂੰ ਡੂੰਘੀ ਤਰ੍ਹਾਂ ਅਨੁਭਵ ਕਰਦੀ ਤੇ ਇਸ ਦਾ ਪ੍ਰਗਟਾਵਾ ਕਰਦੀ ਇਹ ਲੰਮੇਰੀ ਕਾਵਿ ਰਚਨਾ ਮੇਰੀ ਉਸ ਡੂੰਘੀ ਪੀੜ ਦੀ



ਸਾਹਿਤਕ ਦਸਤਾਵੇਜ਼ ਹੈ ਜੋ ਕਿ ਮੈਂ ਕਈ ਸਾਲ ਆਪਣੇ ਅੰਦਰ ਦਬਾਈ ਫਿਰਦਾ ਰਿਹਾ ਸੀ, ਆਖਰ ਇਸ ਡੂੰਘੇ ਦਰਦ ਨੂੰ ਕਵਿਤਾ ਰਾਹੀਂ ਪ੍ਰਗਟ ਹੋਣ ਦਾ ਰਾਹ ਲੱਭ ਹੀ ਲਿਆ।" ਉਹ ਕੂੜ ਪ੍ਰਚਾਰ ਦੇ ਜਵਾਬ ਵਿਚ ਸ਼ੁਰੂ ਵਿਚ ਹੀ ਲਿਖਦਾ ਹੈ :-

ਤੇਰੀ ਕਲਮ ਨੇ ਬੁਰਜ ਨਹੀਂ ਕੋਈ ਢਾਹੇ,
ਘੱਟਾ ਜ਼ਰਾ ਉਡਾਇਆ, ਤਾਂ ਕੀ ਹੋਇਆ।
ਫੋਕੇ ਫਾਇਰ ਵਿਗਾੜਦੇ ਦੱਸ ਕੀਹਦਾ,
ਪੰਛੀ ਸੁੱਤਾ ਜਗਾਇਆ, ਤਾਂ ਕੀ ਹੋਇਆ।

ਕਹਿੰਦੇ ਹਨ ਦੋਸਤਾਂ ਦੇ ਤੀਰ ਦੁਸ਼ਮਣਾਂ ਤੋਂ ਵੀ ਡੂੰਘੇ ਉਤਰ ਜਾਂਦੇ ਹਨ। ਫਿਰ ਉਸਦਾ ਜਵਾਬ ਵੀ ਤਿੱਖਾ ਦੇਣਾ ਪੈਂਦਾ ਹੈ। ਸ਼ਾਇਦ ਇਸੇ ਕਾਰਨ 'ਦੋਸਤੀਨਾਮਾ' ਵਿਚ ਹੁੰਦਲ ਦੀ ਸੁਰ ਵੀ ਕਾਫ਼ੀ ਤਿੱਖੀ ਹੈ। ਪਰ ਉਹ ਤਿੱਖੀ ਨਸ਼ਤਰ ਲਾਉਣ ਤੋਂ ਬਾਅਦ ਅਗਲੇ ਹੀ ਪਲ ਮਲ੍ਹਮ ਪੱਟੀ ਵੀ ਕਰਦਾ ਹੈ ਤਾਂ ਕਿ ਮਿੱਤਰਾਂ ਦੇ ਜ਼ਿਆਦਾ ਦਰਦ ਨਾ ਹੋਵੇ। ਆਖ਼ਰ ਮਿੱਤਰ ਤਾਂ ਮਿੱਤਰ ਹੀ ਹੁੰਦੇ ਹਨ ਭਾਵੇਂ ਦੁਸ਼ਮਣਾਂ ਵਰਗੇ ਹੀ ਕਿਉਂ ਨਾ ਹੋਣ। ਪਰ ਜਦੋਂ ਹੁੰਦਲ ਨੂੰ ਗੁੱਸਾ ਆਉਂਦਾ ਹੈ ਤਾਂ ਫਿਰ ਉਸਦੇ ਸ਼ਬਦ ਜ਼ਿਆਦਾ ਹੀ ਖ਼ਤਰਨਾਕ ਰੂਪ ਧਾਰਨ ਕਰ ਜਾਂਦੇ ਹਨ ਤੇ ਸਾਹਮਣੇ ਵਾਲੇ ਨੂੰ ਭੱਜਦਿਆਂ ਰਾਹ ਨਹੀਂ ਲੱਭਦਾ ਅਤੇ ਵਿਅੰਗ ਬੜਾ ਹੀ ਤੇਜ਼ਧਾਰ ਹੁੰਦਾ ਹੈ।

ਦੋਸਤੀਨਾਮਾ ਭਾਵੇਂ ਕਿ ਦੋਸਤੀ ਬਾਰੇ ਅਤੇ ਦੋਸਤਾਂ ਨਾਲ ਨਰਾਜ਼ਗੀ ਵਾਲਾ ਕਾਵਿ ਹੈ ਪਰ ਹੁੰਦਲ ਤੈਸ਼ ਵਿਚ ਆ ਕੇ ਸਿਰਫ਼ ਤੁਕਬੰਦੀ ਨਹੀਂ ਕਰਦਾ ਉਹ ਕਵਿਤਾ ਦੇ ਨਿਯਮਾਂ ਦਾ ਪੂਰਾ ਖ਼ਿਆਲ ਰੱਖਦਾ ਹੈ। ਉਸਨੇ ਇਸ ਕਾਵਿ-ਰਚਨਾ ਵਿਚ ਬੜੇ ਹੀ ਕਮਾਲ ਦੇ ਬਿੰਬਾਂ ਦੀ ਵਰਤੋਂ ਕੀਤੀ ਹੈ ; ਜਿਵੇਂ ਕਿ :-

ਜੇ ਤੂੰ ਜ਼ਹਿਰ ਹੀ ਫੱਕਣਾ ਸਿੱਖਿਆ ਹੈ,
ਅਸੀਂ ਸ਼ਹਿਦ ਨਹੀਂ ਘੋਲ ਪਿਆ ਸਕਦੇ।

'ਦੋਸਤੀਨਾਮਾ' ਜੋ ਕਿ ਬੈਂਤ ਛੰਦ ਵਿਚ ਲਿਖੀ ਲੰਮੀ ਰਚਨਾ ਹੈ। ਇਸ ਛੰਦ ਦੀ ਖ਼ਾਸੀਅਤ ਇਹ ਹੈ ਕਿ ਇਸ ਦੀਆਂ ਬਹੁਤ ਸਾਰੀਆਂ ਤੁਕਾਂ ਅਖਾਣਾਂ ਬਣ ਜਾਂਦੀਆਂ ਹਨ। ਇਸ ਲਈ ਬੈਂਤ ਛੰਦ ਵਿਚ ਲਿਖੀ ਕਵਿਤਾ ਵਿਚ ਅਖਾਣਾਂ ਦੀ ਭਰਮਾਰ ਹੁੰਦੀ ਹੈ। ਇਸ ਸੰਗ੍ਰਹਿ ਵਿਚ ਵੀ ਬਹੁਤ ਸਾਰੇ ਅਖਾਣ ਪ੍ਰਯੋਗ ਕੀਤੇ ਗਏ ਹਨ ; ਜਿਵੇਂ :-

ਮੈਂ ਨਹੀਂ ਲਿਖੇ ਕਸੀਦੇ, ਨਾ ਗਾਏ ਸੁਹਲੇ,
ਮੈਨੂੰ ਝੱਲਿਆ ਕੀ ਸਮਝਾਏਗਾ ਤੂੰ,
ਚਾਰ ਘਰਾਂ ਨੂੰ ਡਾਇਣ ਵੀ ਛੱਡ ਲੈਂਦੀ,
ਦੇਰ ਤੀਕ ਹੁਣ ਰੋਏ ਕੁਰਲਾਏਂਗਾ ਤੂੰ।

ਹਰਭਜਨ ਸਿੰਘ ਹੁੰਦਲ ਜੋ ਕਿ ਇਕ ਪ੍ਰਗਤੀਵਾਦੀ ਕਵੀ ਹੈ। ਪ੍ਰਗਤੀਵਾਦੀ ਹਮੇਸ਼ਾ ਹੀ ਇਨਕਲਾਬ, ਸਮਾਜਵਾਦ ਅਤੇ ਕ੍ਰਾਂਤੀ ਦੀ ਗੱਲ ਕਰਦੇ ਹਨ। ਉਹ ਹਮੇਸ਼ਾਂ ਲੋਕਾਂ ਨੂੰ ਸੰਘਰਸ਼ ਕਰਨ ਦੀ ਪ੍ਰੇਰਨਾ ਦਿੰਦੇ ਹਨ। ਹੁੰਦਲ ਖ਼ੁਦ ਮੁਲਾਜ਼ਮ ਲਹਿਰ ਨਾਲ ਜੁੜਿਆ ਰਿਹਾ ਹੈ। ਅੱਜ ਵੀ ਮਜ਼ਦੂਰਾਂ, ਕਿਸਾਨਾਂ ਦੇ ਹੱਕਾਂ ਲਈ ਸੰਘਰਸ਼ਸ਼ੀਲ ਹੈ। ਇਸ ਲਈ ਉਹ ਆਪਣੇ ਕਾਵਿ ਸੰਗ੍ਰਹਿ 'ਦੋਸਤੀਨਾਮਾ' ਵਿਚ ਵੀ ਸੰਘਰਸ਼ ਦੀ ਗੱਲ ਕਰਨੋ ਨਹੀਂ ਚੁੱਕਦਾ।

ਜਿਵੇਂ ਕਿ :-

ਯਾਰਾਂ ਬਿਨਾਂ ਸੰਗਰਾਮ ਨਾ ਜਿੱਤ ਹੁੰਦੇ,
ਫੌਜਾਂ ਜਿੱਤੀਆਂ ਵੀ ਅੰਤ ਨੂੰ ਹਾਰੀਆਂ ਜੀ।

ਹੁੰਦਲ ਇਸ ਕਾਵਿ ਵਿਚ ਸੱਚੇ ਮਿੱਤਰਾਂ ਦੀ ਮਹੱਤਤਾ ਨੂੰ ਬੜੇ ਹੀ ਚੰਗੇ ਢੰਗ ਨਾਲ ਪੇਸ਼ ਕਰਦਾ ਹੈ। ਮੌਸਮੀ ਮਿੱਤਰ ਕਦੇ ਵੀ ਅੱਧ ਵਿਚਕਾਰ ਡੋਬ ਸਕਦੇ ਹਨ। ਵਿਅਕਤੀ ਦੀਆਂ ਕਈ ਲੋੜਾਂ ਘਰ ਪਰਿਵਾਰ ਪੂਰੀਆਂ ਨਹੀਂ ਕਰ ਸਕਦਾ। ਉਹ ਸਿਰਫ਼ ਸੱਚੇ ਮਿੱਤਰ ਹੀ ਪੂਰੀਆਂ ਕਰ ਸਕਦੇ ਹਨ। ਇੱਥੇ ਹੁੰਦਲ ਦੀ ਇੱਕ ਵਿਸ਼ੇਸ਼ਤਾ ਇਹ ਵੀ ਹੈ ਕਿ ਉਹ ਜਿਸ ਰਿਸ਼ਤੇ ਦਾ ਮਹੱਤਵ ਪੇਸ਼ ਕਰਦਾ ਹੈ, ਇੰਨੇ ਚੰਗੇ ਢੰਗ ਨਾਲ ਪੇਸ਼ ਕਰਦਾ ਹੈ ਕਿ ਉਹ ਪਾਠਕ ਦੇ ਦਿਲ ਵਿਚ ਡੂੰਘੇ ਉਤਰ ਜਾਂਦਾ ਹੈ। ਜਿਵੇਂ ਕਿ ਉਹ 'ਕਵਿਤਾ ਦੀ ਤਲਾਸ਼' ਕਾਵਿ ਸੰਗ੍ਰਹਿ ਵਿਚ ਭਰਾਵਾਂ ਦੇ ਮਹੱਤਵ ਬਾਰੇ ਲਿਖਦਾ ਹੈ :-

ਤੀਰਾਂ ਤੇ ਤਲਵਾਰਾਂ ਉਪਰ ਮਾਣ ਬੜਾ ਸੀ ਕਰਦਾ
ਐਪਰ ਜਿਸ ਦਿਨ ਮਰਿਆ ਮਿਰਜਾ, ਮਰਿਆ ਬਾਂਝ ਭਰਾਵਾਂ।

ਇਸੇ ਤਰ੍ਹਾਂ 'ਦੋਸਤੀਨਾਮਾ' ਵਿਚ ਦੋਸਤੀ ਦਾ ਮਹੱਤਵ ਦੱਸਦਾ ਲਿਖਦਾ ਹੈ :-

ਯਾਰਾਂ ਬਾਝ ਨਾ ਜ਼ਿੰਦਗੀ ਸ਼ੋਭਦੀ ਹੈ,
ਯਾਰਾਂ ਬਿਨ੍ਹਾਂ ਨਾ ਬਾਗ ਬਹਾਰ ਹੁੰਦੀ।
ਲੱਖ ਵਾਰ ਆਖੋ ਨਹੀਂ ਲੋੜ ਕੋਈ,
ਬੇੜੀ ਚੱਪੂਆਂ ਬਾਝ ਨਾ ਪਾਰ ਹੁੰਦੀ।

'ਦੋਸਤੀਨਾਮਾ' ਵਿਚ ਹੁੰਦਲ ਕਲਾ ਅਤੇ ਕਲਾਕਾਰ ਨੂੰ ਵੀ ਨਸੀਹਤ ਦਿੰਦਾ ਹੈ। ਉਸ ਅਨੁਸਾਰ ਕਲਾਕਾਰ ਨੂੰ ਅਸਮਾਨ ਵਿਚ ਉਡਾਰੀਆਂ ਲਾਉਣ ਦੀ ਬਜਾਏ ਜ਼ਮੀਨ ਨਾਲ ਜ਼ਿਆਦਾ ਜੁੜੇ ਰਹਿਣਾ ਚਾਹੀਦਾ ਹੈ। ਉਸਨੂੰ ਲੋਕਾਂ ਦੀ ਗੱਲ ਕਰਨੀ ਚਾਹੀਦੀ ਹੈ ਨਾ ਕਿ ਸਰਕਾਰੀ ਸਰਪ੍ਰਸਤੀ ਲਈ ਕੋਸ਼ਿਸ਼ਾਂ। ਉਸ ਅਨੁਸਾਰ ਹਰ ਕਲਾਕਾਰ ਦੀ ਆਪਣੀ ਸ਼ੈਲੀ, ਆਪਣਾ ਢੰਗ ਹੁੰਦਾ ਹੈ। ਉਸਨੂੰ ਬੰਧਨਾਂ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਕਵਿਤਾ ਸਿਰਫ਼ ਤੁੱਕਬੰਦੀ ਨਹੀਂ ਹੈ, ਕਵੀ ਬਣਨ ਲਈ ਕਾਫ਼ੀ ਮੰਜ਼ਿਲਾਂ ਤਹਿ ਕਰਨੀਆਂ ਪੈਂਦੀਆਂ ਹਨ। ਜਿਵੇਂ ਕਿ ਉਹ ਲਿਖਦਾ ਹੈ :-

ਤੇਰੇ ਨਾਲ ਕਾਹਦਾ ਸਾਡਾ ਟਾਕਰਾ ਹੈ,
ਹਰ ਕਵੀ ਦਾ ਆਪਣਾ ਰੰਗ ਹੁੰਦਾ।
ਕਲਾ ਕਿਸੇ ਨੂੰ ਢੂੰਡਿਆਂ ਨਹੀਂ ਮਿਲਦੀ
ਗੁੱਝੀ ਮਸ਼ਕਰੀ, ਕਦੇ ਵਿਅੰਗ ਹੁੰਦਾ।
ਉਹੀ ਕਵੀ ਹੈ ਅੰਤ ਪ੍ਰਵਾਨ ਚੜ੍ਹਦਾ,
ਔਖੀ ਘੜੀ ਜੋ ਲੋਕਾਂ ਦੇ ਸੰਗ ਹੁੰਦਾ।

ਕਲਪਨਾ ਕਵਿਤਾ ਦਾ ਇੱਕ ਮਹੱਤਵਪੂਰਨ ਤੱਤ ਹੈ। ਇਸ ਤੋਂ ਬਿਨਾਂ ਕਵਿਤਾ ਨੂੰ ਅਧੂਰਾ ਮੰਨਿਆ ਜਾਂਦਾ ਹੈ। ਹੁੰਦਲ ਇਸ ਗੱਲੋਂ ਪਰਪੱਕ ਕਵੀ ਹੈ, ਉਸਦਾ ਵਿਸ਼ਾ ਭਾਵੇਂ ਕੋਈ ਵੀ ਹੋਵੇ ਉਹ ਕਵਿਤਾ ਦੇ ਤੱਤਾਂ ਤੋਂ ਬਾਹਰ ਜਾਣਾ ਪਸੰਦ ਨਹੀਂ ਕਰਦਾ। ਉਸਨੇ



'ਦੋਸਤੀਨਾਮਾ' ਵਿਚ ਵੀ ਕਲਪਨਾ ਦੀ ਉਡਾਰੀ ਭਰੀ ਹੈ। ਜਿਵੇਂ ਕਿ ਹੇਠ ਲਿਖੀਆਂ ਸਤਰਾਂ ਹਨ :-

ਮੈਨੂੰ ਪਤਾ ਹੈ ਅੰਤ ਤੂੰ ਬਹਿ ਰੋਣਾ, ਚੰਡੀਗੜ੍ਹ ਫਿਰ ਫੋਨ ਖੜਕਾਏਂਗਾ ਤੂੰ,
ਰੋਣਾ ਰੋਂਦਿਆਂ ਬਣੇਗਾ ਆਪ ਸੱਚਾ, ਲਿਖ-ਲਿਖ ਚਿੱਠੀਆਂ ਲੰਮੀਆਂ ਪਾਏਂਗਾ ਤੂੰ।
ਨਜ਼ਮਾਂ ਲਿਖ ਕੇ ਪੱਤ੍ਰਿਕਾ ਵਿਚ ਨਵੀਆਂ, ਅੱਗ ਹਸਦ ਦੀ ਹੋਰ ਭੜਕਾਏਂਗਾ ਤੂੰ।

ਹੁੰਦਲ ਆਪਣੇ ਬਦਲ ਗਏ ਮਿੱਤਰਾਂ ਤੇ ਕਰੜਾ ਵਿਅੰਗ ਕਰਦਾ ਹੈ। ਉਸ ਅਨੁਸਾਰ ਪੈਸੇ ਦਾ ਸੁਆਦ ਚੱਖ ਕੇ ਉਨ੍ਹਾਂ ਦੇ ਸੁਆਦ ਵੀ ਬਦਲ ਚੁੱਕੇ ਹਨ। ਅੱਜ ਸਰਕਾਰੀ ਦਰਬਾਰਾਂ 'ਚ ਉਨ੍ਹਾਂ ਦੀ ਬੜੀ ਪਹੁੰਚ ਹੈ।

ਮਾਰਕਸਵਾਦ ਅਨੁਸਾਰ ਸਮਾਜ ਵਿਚ ਦੋ ਹੀ ਵਰਗ ਹਨ, ਲੁੱਟਣ ਵਾਲੇ ਤੇ ਲੁੱਟੇ ਜਾਣ ਵਾਲੇ। ਅੱਜ ਉਹ ਮਿੱਤਰ ਲੋਕ ਹਿਤੈਸ਼ੀ ਹੋਣ ਦੀ ਥਾਂ ਲੋਕ ਵਿਰੋਧੀ ਜੁੰਡਲੀ ਦੀ ਪਾਲ ਵਿਚ ਖੜ੍ਹੇ ਹਨ। ਉਹ ਇਨ੍ਹਾਂ ਮਿੱਤਰਾਂ ਤੇ ਵਿਅੰਗ ਕਰਦਾ ਲਿਖਦਾ ਹੈ :-

ਨਾਲ ਅਫ਼ਸਰਾਂ ਯਾਰੀਆਂ ਗੰਢ ਲਈਆਂ,
ਸੋਫ਼ੇ ਨਵੇਂ ਮੰਗਵਾਏ ਤੇ ਮਜ਼ਾ ਆਇਆ।
ਨਵੀਆਂ ਸੋਹਣੀਆਂ ਕੋਠੀਆਂ ਪਾ ਲਈਆਂ,
ਰੰਗ ਨਵੇਂ ਕਰਾਏ ਤੇ ਮਜ਼ਾ ਆਇਆ।

ਹੁੰਦਲ ਨੇ ਜਦੋਂ ਸਾਹਿਤਕ ਮੈਗਜ਼ੀਨ 'ਚਿਰਾਗ਼' ਸ਼ੁਰੂ ਕੀਤਾ ਸੀ ਤਾਂ ਅਗਾਂਹਵਧੂ ਲੋਕਾਂ ਨੇ ਤੇ ਸਾਹਿਤਕ ਹਲਕਿਆਂ ਨੇ ਇਸਦਾ ਭਰਪੂਰ ਸਵਾਗਤ ਕੀਤਾ। ਪਰ ਉਸਦੇ ਇਨ੍ਹਾਂ ਮਿੱਤਰਾਂ ਰਘਬੀਰ 'ਸਿਰਜਣਾ' ਤੇ ਸੁਰਿੰਦਰ ਗਿੱਲ ਨੂੰ ਜ਼ਿਆਦਾ ਖ਼ੁਸ਼ੀ ਨਾ ਹੋਈ। ਸ਼ਾਇਦ ਇਹ ਹੁੰਦਲ ਦੀ ਵੱਧ ਰਹੀ ਲੋਕਪ੍ਰਿਯਤਾ ਤੋਂ ਅੰਦਰੋਂ-ਅੰਦਰੀ ਖਾਰ ਖਾ ਰਹੇ ਸਨ। ਇਨ੍ਹਾਂ ਨੇ 'ਸਿਰਜਣਾ' ਰਾਹੀਂ ਹੁੰਦਲ-ਵਿਰੋਧ ਦਾ ਮੋਰਚਾ ਖੋਲ੍ਹ ਦਿੱਤਾ। ਸੁਰਿੰਦਰ ਨੇ ਲਿਖਿਆ ਤੇ ਰਘੁਬੀਰ ਨੇ ਛਾਪਿਆ। ਇਹ ਪ੍ਰਚਾਰ ਸਾਹਿਤਕ ਹਲਕਿਆਂ ਵਿਚ ਹੁੰਦਲ ਨੂੰ ਬਦਨਾਮ ਕਰਨ ਦੀ ਚਾਲ ਸੀ ਜੋ ਕਿ ਸਫ਼ਲ ਨਾ ਹੋ ਸਕੀ। ਪਰ ਹੁੰਦਲ ਦੇ ਕਵੀ ਮਨ ਨੂੰ ਠੇਸ ਜ਼ਰੂਰ ਪਹੁੰਚੀ। ਉਹ ਦੋਸਤੀਨਾਮਾ ਵਿਚ ਇਨ੍ਹਾਂ ਬਾਰੇ ਲਿਖਦਾ ਹੈ :-

ਰੁੱਸੀ 'ਸਿਰਜਣਾ', ਜਦੋਂ ਚਿਰਾਗ਼ ਜਗਿਆ, ਸਿੱਧੇ ਮੂੰਹ ਬੋਲੀ ਫਿਰ ਨਾ ਬਾਅਦ ਮੀਆਂ।

'ਦੋਸਤੀਨਾਮਾ' ਵਿਚ ਹੁੰਦਲ ਵਿਛੜ ਚੁੱਕੇ ਯਾਰਾਂ ਨੂੰ ਯਾਦ ਕਰਕੇ ਭਾਵੁਕ ਹੋ ਜਾਂਦਾ ਹੈ ਕਿਉਂਕਿ ਸੱਚੇ ਮਿੱਤਰਾਂ ਦੀ ਕਮੀ ਕਦੇ ਵੀ ਪੂਰੀ ਨਹੀਂ ਹੋ ਸਕਦੀ। ਸੁਹੇਲ ਸਿੰਘ ਜੋ ਕਿ ਹੁੰਦਲ ਦੇ ਗੂੜ੍ਹੇ ਮਿੱਤਰ ਸਨ, ਉਹ ਵਿਚਾਰਧਾਰਕ ਤੌਰ 'ਤੇ ਹੁੰਦਲ ਦਾ ਰਾਹ ਰੁਸ਼ਨਾਉਂਦੇ ਸਨ, ਉਹ ਜ਼ਿੰਦਗੀ ਦਾ ਪੈਂਡਾ ਅੱਧ ਵਿਚਕਾਰ ਛੱਡ ਕੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ ਸਨ। ਸੁਹੇਲ ਸਿੰਘ ਹੋਰਾਂ ਦੀ ਮਾਰਕਸਵਾਦ ਤੇ ਕਮਾਲ ਦੀ ਪਕੜ ਸੀ, ਉਨ੍ਹਾਂ ਦੇ ਜਾਣ ਨਾਲ ਜਿੱਥੇ ਹੁੰਦਲ ਨੂੰ ਨਿੱਜੀ ਤੌਰ 'ਤੇ ਘਾਟਾ ਪਿਆ ਉੱਥੇ ਅਗਾਂਹਵਧੂ ਲੋਕਾਂ ਲਈ ਵੀ ਕਦੇ ਨਾ ਪੂਰਾ ਹੋਣ ਵਾਲਾ ਖਲਾਅ ਪੈਦਾ ਹੋਇਆ। ਹੁੰਦਲ ਦੋਸਤੀਨਾਮਾ ਵਿਚ ਸੁਹੇਲ ਬਾਰੇ ਲਿਖਦਾ ਹੈ :-

ਸਾਡਾ ਯਾਰ ਸੁਹੇਲ ਵੀ ਤੁਰ ਗਿਆ ਏ,

ਆਉਂਦੀ ਨਿੱਤ ਉਹਦੀ ਮਿੱਠੀ ਯਾਦ ਬੇਲੀ।
'ਨੇਤਾ ਜੀ' ਨਾ ਦੱਸ ਕੇ ਗਏ ਸਾਨੂੰ,
ਕਿਹਦੇ ਕੋਲ ਕੋਈ ਕਰੇ ਫਰਿਆਦ ਬੇਲੀ।

ਹਰਭਜਨ ਸਿੰਘ ਹੁੰਦਲ ਭਾਵੇਂ ਕਿ ਇਕ ਪਰਪੱਕ ਕਵੀ ਹੈ, ਪਰ ਕਈ ਥਾਂ ਉਸ ਅੰਦਰ ਅਹੰਮ ਵੀ ਬੋਲਦਾ ਹੈ। ਉਹ ਨੱਕ ਤੇ ਮੱਖੀ ਨਹੀਂ ਬੈਠਣ ਦਿੰਦਾ।

ਹੁੰਦਲ ਦਾ ਅਹੰਮ 'ਦੋਸਤੀਨਾਮਾ' ਵਿਚ ਹੇਠ ਲਿਖੀਆਂ ਸਤਰਾਂ ਤੋਂ ਝਲਕਦਾ ਹੈ :-

ਬੜਾ ਮਾਣ ਤੈਨੂੰ ਆਪਣੀ ਕਲਮ ਉੱਤੇ,
ਪਰ ਨਾ ਵਾਲ ਵਿੰਗਾ ਮੇਰਾ ਕਰਨ ਜੋਗੀ,
ਇਹਨੇ ਵੇਖੀਆਂ ਨਾ ਜੇਲ੍ਹਾਂ, ਹੱਥਕੜੀਆਂ,
ਕਿੱਥੋਂ ਜਬਰ ਦਾ ਡੰਗ ਹੈ ਜਰਨ ਜੋਗੀ।
ਫੁੱਲਾਂ ਨਾਲ ਪਿਆਰ ਦੀ ਖੇਡ ਖੇਡੇ,
ਪੈਰ ਕੱਚ ਤੇ ਨਹੀਂ ਇਹ ਧਰਨ ਜੋਗੀ,
ਐਵੇਂ ਸਿੰਗ ਫਸਾਏਂ ਤੇ ਲਏ ਪੰਗੇ,
ਇਹ ਨਾ ਲੜਦਿਆਂ ਲੜਦਿਆਂ ਮਰਨ ਜੋਗੀ।

ਕਈ ਥਾਂ ਹੁੰਦਲ ਆਪਣੇ ਮੂੰਹ ਮੀਆਂ ਮਿੱਠੂ ਵੀ ਬਣਦਾ ਹੈ ਆਪਣੀ ਤਾਰੀਫ਼ ਦੂਜੇ ਤੋਂ ਸੁਣਨ ਦੀ ਬਜਾਏ ਖ਼ੁਦ ਹੀ ਕਰਨ ਲੱਗਦਾ ਹੈ ; ਜਿਵੇਂ ਕਿ :-

ਪੋਚੇ ਪਾਉਣ ਦਾ ਨਹੀਂ ਅਭਿਆਸ ਕੋਈ,
ਗੱਲਾਂ ਕੋਰੀਆਂ ਕਰਨੀਆਂ ਜਾਣਦੇ ਹਾਂ।
ਸਾਡਾ ਕਪਟ ਦੇ ਨਾਲ ਹੈ ਵੈਰ ਮੁੱਢੋਂ,
ਮੂੰਹ ਤੇ ਕਹਿਣੀਆਂ, ਜਰਨੀਆਂ ਜਾਣਦੇ ਹਾਂ।

'ਦੋਸਤੀਨਾਮਾ' ਵਿਚ ਹੁੰਦਲ ਆਤਮਵਿਸ਼ਲੇਸ਼ਣ ਵੀ ਕਰਦਾ ਹੈ ਕਿਉਂ ਕਿ ਉਸਦੇ ਦੋਸਤ ਉਸਤੋਂ ਦੂਰ ਚਲੇ ਗਏ। ਉਹ ਮਿੱਤਰਾਂ ਦੇ ਦੂਰ ਜਾਣ ਦਾ ਗ਼ਮ ਅੱਜ ਵੀ ਸੀਨੇ ਵਿਚ ਸਮੋਈ ਬੈਠਾ ਹੈ।

ਹੁੰਦਲ ਦਾ ਦੋਸਤੀਨਾਮਾ ਜੋ ਕਿ ਉਸਦੀ ਨਿੱਜੀ ਦੋਸਤਾਂ ਬਾਰੇ ਲੰਮੀ ਕਵਿਤਾ ਹੈ। ਫਿਰ ਵੀ ਉਸਨੇ ਇੱਕ ਪ੍ਰਗਤੀਵਾਦੀ ਕਵੀ ਦੇ ਨਾਤੇ ਇਸ ਸੰਗ੍ਰਹਿ ਵਿਚ ਸਮਾਜਵਾਦ, ਇਨਕਲਾਬ ਅਤੇ ਫਿਰਕਾਪ੍ਰਸਤੀ ਨਾਲ ਸੰਬੰਧਿਤ ਵਿਸ਼ੇ ਛੋਹੇ ਹਨ। ਇਸ ਤੋਂ ਇਲਾਵਾ ਭਾਰਤ-ਪਾਕ ਦੋਸਤੀ ਦੀਆਂ ਚੱਲ ਰਹੀਆਂ ਕੋਸ਼ਿਸ਼ਾਂ ਦਾ ਭਰਪੂਰ ਸਵਾਗਤ ਕੀਤਾ ਹੈ। ਹਿੰਦੋਸਤਾਨ ਵਿਚ ਪਿਛਲੇ ਸਮੇਂ ਦੌਰਾਨ ਜਿਸ ਹਿਸਾਬ ਨਾਲ ਫਿਰਕਾਪ੍ਰਸਤੀ ਨੇ ਆਮ ਨਾਗਰਿਕਾਂ ਨੂੰ ਲੜਾ ਕੇ ਖ਼ੂਨ ਦੀ ਹੋਲੀ ਖੇਡੀ ਹੈ, ਉਸਦਾ ਜ਼ਿਕਰ ਵੀ ਹੁੰਦਲ ਕਰਦਾ ਹੈ। ਜਿਵੇਂ ਕਿ ਉਹ ਲਿਖਦਾ ਹੈ :-

ਚੜ੍ਹੀਆਂ ਆਉਣ ਹਨ੍ਹੇਰੀਆਂ ਕਾਲੀਆਂ ਜੋ,
ਇਨ੍ਹਾਂ ਸਾਡੇ ਹੀ ਖੇਤ ਉਜਾੜਨੇ ਨੇ।
ਪਾ ਕੇ ਵੰਡੀਆਂ ਧਰਮ ਤੇ ਜ਼ਾਤ ਦੀਆਂ,



ਪਿੰਡ-ਪਿੰਡ ਇਨ੍ਹਾਂ ਲੋਕੀਂ ਪਾੜਨੇ ਨੇ।
ਛੁਰੇ ਕੱਢ ਨਿਰਦੋਸ਼ ਨੇ ਕਤਲ ਕਰਨੇ,
ਘੁੱਗ ਵੱਸਦੇ ਹੋਏ ਘਰ ਸਾੜਨੇ ਨੇ।

ਹੁੰਦਲ ਭਾਰਤ-ਪਾਕਿ ਦੋਸਤੀ ਦਾ ਸਵਾਗਤ ਕਰਦਾ ਲਿਖਦਾ ਹੈ :-

ਜਦੋਂ ਜਗੇ ਚਿਰਾਗ਼ ਕੁਝ ਲੋਅ ਹੋਈ,
ਚਿਹਰੇ ਧੁੰਦਲੇ ਫਿਰ ਮੁਸਕਾਉਣ ਲੱਗੇ।
ਵਾਹਗੇ-ਪਾਰ ਤੋਂ ਮਿੱਤਰਾਂ ਯਾਦ ਕੀਤਾ,
ਸਾਨੂੰ ਖ਼ਤ ਮੁਹੱਬਤੀ ਆਉਣ ਲੱਗੇ।

'ਦੋਸਤੀਨਾਮਾ' ਵਿਚ ਉਹ ਮਾਂ ਬੋਲੀ ਪੰਜਾਬੀ ਦੀ ਵੀ ਗੱਲ ਕਰਦਾ ਹੈ ਕਿਉਂਕਿ ਸਾਡੀ ਮਿੱਠੀ ਮਾਂ ਬੋਲੀ ਭਾਈਚਾਰਾ, ਸਾਂਝੀਵਾਲਤਾ ਅਤੇ ਮਿਲਕੇ ਰਹਿਣ ਦਾ ਸੰਦੇਸ਼ ਦਿੰਦੀ ਹੈ। ਇਸ ਲਈ ਮਾਂ ਬੋਲੀ ਦੀ ਗੱਲ ਕੀਤੇ ਬਿਨਾਂ ਦੋਸਤੀ ਦੀ ਗੱਲ ਕਰਨਾ ਨਾ-ਮੁਮਕਿਨ ਹੈ। ਇਹ ਕਾਵਿ-ਸੰਗ੍ਰਹਿ ਦਾ ਮੁੱਖ ਛੰਦ ਬੈਂਤ ਹੈ। ਉਹੀ ਬੈਂਤ ਜਿਸ ਵਿਚ ਵਾਰਿਸ ਸ਼ਾਹ ਨੇ ਹੀਰ ਦੀ ਰਚਨਾ ਕੀਤੀ ਹੈ। ਜਿਵੇਂ ਹੀਰ ਵਿਚ ਵਾਰਿਸ ਸ਼ਾਹ ਕਈ ਤੁਕਾਂ ਵਿਚ ਆਪਣੇ ਆਪ ਨੂੰ ਸੰਬੋਧਨ ਹੁੰਦਾ ਹੈ 'ਵਾਰਿਸ ਸ਼ਾਹ ਮੀਆਂ' ਠੀਕ ਉਸੇ ਤਰ੍ਹਾਂ ਹੁੰਦਲ ਵੀ 'ਹਰਭਜਨ ਸਿੰਘਾ' ਨਾਂ ਨਾਲ ਸੰਬੋਧਿਤ ਹੁੰਦਾ ਹੈ। ਉਹ ਦੋਸਤੀਨਾਮਾ ਨੂੰ ਵੀ 'ਕਿੱਸਾ ਦੋਸਤੀ' ਕਹਿੰਦਾ ਹੈ, ਇਸ ਰਚਨਾ ਦੇ ਲਿਖਣ ਆਦਿ ਦਾ ਸਮਾਂ ਵੀ ਦੱਸਦਾ ਹੈ :-

ਸਦੀ ਇੱਕੀਵੀ ਅਤੇ ਚੜ੍ਹਿਆ ਸਾਲ ਦੂਜਾ,
ਕਿੱਸਾ ਦੋਸਤੀ ਦਾ ਜਦੋਂ ਜੋੜਿਆ ਈ।

ਆਖ਼ਰ ਵਿਚ ਕਿਹਾ ਜਾ ਸਕਦਾ ਹੈ ਕਿ ਹੁੰਦਲ ਦਾ ਕਾਵਿ ਸੰਗ੍ਰਹਿ 'ਦੋਸਤੀਨਾਮਾ' ਇੱਕ ਸਫ਼ਲ ਕਾਵਿ-ਸੰਗ੍ਰਹਿ ਹੈ ਭਾਵੇਂ ਕਿ ਇਸਨੂੰ ਲਿਖਣ ਦਾ ਮਕਸਦ ਨਿੱਜੀ ਹੋ ਸਕਦਾ ਹੈ, ਜੋ ਕਿ ਅਖੌਤੀ ਮਿੱਤਰਾਂ ਦੇ ਕੂੜ ਪ੍ਰਚਾਰ ਦਾ ਜਵਾਬ ਦੇਣ ਲਈ ਲਿਖਿਆ ਗਿਆ ਹੋਵੇ। ਪਰ ਹੁੰਦਲ ਨੇ ਜਿਸ ਸੁਚੱਜੇ ਢੰਗ ਨਾਲ ਇਸਨੂੰ ਕਲਮਬੰਦ ਕੀਤਾ ਹੈ,ਇਹ ਇੱਕ ਉੱਤਮ ਸ਼ਾਹਕਾਰ ਨਜ਼ਰ ਆਉਂਦਾ ਹੈ। 'ਦੋਸਤੀਨਾਮਾ' ਨੂੰ ਲਿਖਣ ਵੇਲੇ ਹੁੰਦਲ ਨੇ ਕਵਿਤਾ ਲਿਖਣ ਦੇ ਉਦੇਸ਼ ਅਤੇ ਨਿਯਮਾਂ ਨੂੰ ਜ਼ਿਹਨ ਵਿਚ ਰੱਖਿਆ ਹੈ। ਇਸ ਵਿਚ ਪਾਠਕਾਂ ਨੂੰ ਸੰਦੇਸ਼ ਦੇਣਾ ਵੀ ਨਹੀਂ ਭੁੱਲਿਆ। ਕਈ ਥਾਂ ਉਹ ਭਾਵੁਕ ਵੀ ਹੁੰਦਾ ਹੈ ਜੋ ਕਿ ਵਿਸ਼ੇ ਦੇ ਅਨੁਕੂਲ ਹੈ। ਉਸਨੇ ਕਵਿਤਾ ਦੇ ਸਾਰੇ ਤੱਤਾਂ ਨੂੰ ਛੋਹਿਆ ਹੈ। ਆਪਣੀ ਪ੍ਰਗਤੀਵਾਦੀ ਧਾਰਾ ਦੇ ਸੁਭਾਅ ਅਨੁਸਾਰ ਸੰਘਰਸ਼ਾਂ ਦੀ ਗੱਲ ਵੀ 'ਦੋਸਤੀਨਾਮਾ' ਵਿਚ ਕੀਤੀ ਹੈ। ਇਸ ਤਰ੍ਹਾਂ ਨਾਲ ਹੁੰਦਲ ਦਾ ਦੋਸਤੀਨਾਮਾ ਇੱਕ ਚੰਗੀ ਕਾਵਿ ਕ੍ਰਿਤ ਹੋ ਕੇ ਨਿਬੜੀ ਹੈ।

(ਨੋਟ -ਡਾ. ਬਲਜਿੰਦਰ ਪਾਲ, ਮਾਨਸਾ ਜਿਲੇ ਦੇ ਉੱਘੇ ਟੀਚਰ ਆਗੂ ਸ੍ਰੀ ਛੱਜੂ ਰਾਮ ਰਿਸ਼ੀ ਦੇ ਹੋਣਹਾਰ ਸੁਪੱਤਰ ਸਨ, ਜਿਨ੍ਹਾਂ ਨੇ ਡਾ. ਕਰਮਜੀਤ ਸਿੰਘ ਕੁਰੂਕਸ਼ੇਤਰ ਦੀ ਅਗਵਾਈ ਅਧੀਨ, ਹਾਲ ਹੀ ਵਿਚ ਪੀ. ਐਚ. ਡੀ. ਕੀਤੀ ਸੀ, ਪਰ ਅਫ਼ਸੋਸ! ਉਸ ਦੀ ਅਚਾਨਕ ਮੌਤ ਨੇ ਸਾਥੋਂ ਇੱਕ ਹੋਣਹਾਰ ਆਲੋਚਕ ਖੋਹ ਲਿਆ ਹੈ।) •

# ਵਿਸ਼ਵ ਦੇ ਮਹਾਂਕਵੀਆਂ ਦਾ ਪੜ੍ਹਨਯੋਗ ਅਨੁਵਾਦ

ਡਾ. ਕਰਮਜੀਤ ਸਿੰਘ

ਅਵਤਾਰ ਜੰਡਿਆਲਵੀ ਮੂਲ ਰੂਪ ਵਿਚ ਕਵੀ ਹੈ। ਭਾਵੇਂ ਉਸਨੇ ਸਫ਼ਰਨਾਮਾ ਤੇ ਮੁਲਾਕਾਤਾਂ ਦੀ ਇੱਕ ਪੁਸਤਕ 'ਸੁਖ਼ਨ ਸੁਹੇਲੇ' ਵੀ ਪ੍ਰਕਾਸ਼ਿਤ ਕਰਵਾਈ ਹੈ। ਵਿਸ਼ਵ ਦੇ ਮਹਾਂ ਕਵੀਆਂ ਨੂੰ ਪੰਜਾਬੀ ਵਿਚ ਅਨੁਵਾਦਿਤ ਕਰਨ ਦਾ ਉਸਦਾ ਯਤਨ ਸਲਾਹੁਣਯੋਗ ਹੈ। ਇਸ ਪੁਸਤਕ ਵਿਚ ਉਸਨੇ ਆਰਥਰ ਰਿੰਬੋ (ਫਰਾਂਸ), ਸੇਸਾਰ ਵਾਯੇਖੋ (ਪੀਰੂ), ਨਾਜ਼ਿਮ ਹਿਕਮਤ ਅਤੇ ਔਕਤਾਈ ਰਿਫ਼ਤ (ਤੁਰਕੀਸਤਾਨ), ਉਕਤਾਵੀਓ ਪਾਜ (ਮੈਕਸੀਕੋ), ਫਰੈਡਰਿਕੋ ਗਾਰਸੀਆ ਲੋਰਕਾ (ਸਪੇਨ), ਬਰਤੋਲਤ ਬਰੈਖ਼ਤ (ਜਰਮਨੀ), ਪਾਬਲੋ ਨੇਰੂਦਾ (ਚਿੱਲੀ), ਯਾਨਿਸ਼ ਰਿਤਸੋਸ (ਯੂਨਾਨ) ਅਤੇ ਚੈਸਵਾਫ਼ ਮੀਵਸੋ (ਪੋਲੈਂਡ) ਦਸ ਮਹੱਤਵਪੂਰਨ ਕਵੀ ਸ਼ਾਮਿਲ ਹਨ।

ਕਵਿਤਾ ਦੇ ਅਨੁਵਾਦ ਸੰਬੰਧੀ ਲਗਾਤਾਰ ਵਾਦ-ਵਿਵਾਦ ਰਿਹਾ ਹੈ। ਸਹੀ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਕਵਿਤਾ ਦਾ ਅਨੁਵਾਦ ਹੋਣਾ ਸੰਭਵ ਨਹੀਂ ਕਿਉਂਕਿ ਜੇਕਰ ਕਵੀ ਆਪਣੀ ਭਾਸ਼ਾ ਵਿਚ ਆਪਣੇ ਭਾਵਾਂ ਨੂੰ ਪੂਰੀ ਤਰ੍ਹਾਂ ਪ੍ਰਗਟਾਉਣ ਦੇ ਸਮਰੱਥ ਨਹੀਂ ਹੁੰਦਾ ਤਾਂ ਦੂਸਰੀ ਭਾਸ਼ਾ ਵਿਚ ਇਸਨੂੰ ਉਲਥਾਉਣਾ ਬਿਲਕੁਲ ਸੰਭਵ ਨਹੀਂ ਹੁੰਦਾ। ਪੰਜਾਬੀ ਵਿਚ ਅਨੁਵਾਦ ਕਰਨ ਦੀ ਹੋਰ ਵੀ ਵੱਡੀ ਸਮੱਸਿਆ ਇਹ ਹੈ ਕਿ ਅੰਗਰੇਜ਼ੀ ਅਨੁਵਾਦ ਨੂੰ ਪੰਜਾਬੀ ਵਿਚ ਢਾਲਿਆ ਜਾਂਦਾ ਹੈ। ਇਸ ਤਰ੍ਹਾਂ ਇਹ ਅਨੁਵਾਦ ਨਾ ਹੋ ਕੇ ਅਨੁਵਾਦ ਦਾ ਅਨੁਵਾਦ ਹੁੰਦਾ ਹੈ। ਤੀਜੇ ਥਾਂ ਤੇ ਜਾ ਕੇ ਇਹ ਮੂਲ ਕਵਿਤਾ ਨਾਲੋਂ ਬਹੁਤ ਦੂਰ ਤੱਕ ਚਲਾ ਜਾਂਦਾ ਹੈ। ਇਸੇ ਲਈ ਪਾਠਕ ਇਸ ਵਿਚ ਬਹੁਤੀ ਦਿਲਚਸਪੀ ਨਹੀਂ ਲੈਂਦਾ। ਇਸਦਾ ਕਾਰਣ ਇਹ ਵੀ ਹੈ ਕਿ ਅਨੁਵਾਦ ਦੀ ਪੜ੍ਹਨ ਯੋਗਤਾ ਨਾ ਹੋਵੇ ਤਾਂ ਪਾਠਕ ਪੈਦਾ ਨਹੀਂ ਹੋ ਸਕਦਾ। ਹੁਣ ਤੱਕ ਪੰਜਾਬੀ ਵਿਚ ਕਵੀਆਂ ਨੂੰ ਅਨੁਵਾਦਿਤ ਕਰਨ ਦਾ ਸਭ ਤੋਂ ਮਹੱਤਵਪੂਰਨ ਕੰਮ ਹਰਭਜਨ ਸਿੰਘ ਹੁੰਦਲ ਨੇ ਕੀਤਾ ਹੈ। ਉਸਨੇ ਉਪਰੋਕਤ ਦਸ ਕਵੀਆਂ ਵਿਚੋਂ ਪਾਬਲੋ ਨੇਰੂਦਾ ਤੇ ਨਾਜ਼ਿਮ ਹਿਕਮਤ ਉੱਪਰ ਪੂਰੀਆਂ ਦੀਆਂ ਪੂਰੀਆਂ ਪੁਸਤਕਾਂ ਲਿਖੀਆਂ ਹਨ। ਉਨ੍ਹਾਂ ਦੀ ਸਵੈ-ਜੀਵਨੀਆਂ ਅਤੇ ਜੀਵਨੀਆਂ ਨੂੰ ਅਨੁਵਾਦਿਤ ਰੂਪ ਵਿਚ ਸਾਡੇ ਸਾਹਮਣੇ ਲਿਆਂਦਾ ਹੈ। ਇਸਤੋਂ ਇਲਾਵਾ ਹਰਭਜਨ ਸਿੰਘ ਹੁੰਦਲ ਨੇ ਮਾਇਕੋਵਸਕੀ ਅਤੇ ਮਹਿਮੂਦ ਦਰਵੇਸ਼ ਦਾ ਅਨੁਵਾਦ ਵੀ ਪੰਜਾਬੀ ਵਿਚ ਕੀਤਾ ਹੈ। ਹਰਭਜਨ ਸਿੰਘ ਹੁੰਦਲ ਤੋਂ ਬਾਅਦ ਅਵਤਾਰ ਜੰਡਿਆਲਵੀ ਵਲੋਂ ਕੀਤਾ ਗਿਆ ਅਨੁਵਾਦ ਪੜ੍ਹਨਯੋਗ ਹੈ। ਭਾਵੇਂ ਇਹ ਅਨੁਵਾਦ ਦਾ ਅੱਗਿਉਂ ਅਨੁਵਾਦ ਹੈ ਤੇ ਕਿਧਰੇ-ਕਿਧਰੇ ਉਨ੍ਹਾਂ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ ਜੋ ਕਾਵਿਕ ਅੰਦਾਜ਼ ਵਿਚ ਰੋੜਿਆਂ ਵਾਂਗ ਰੜਕਦੇ ਹਨ। ਪ੍ਰੰਤੂ ਇਹ ਸਾਰੀ ਪੁਸਤਕ ਨੂੰ ਪਾਠਕ ਬਿਨਾਂ ਕਿਸੇ ਰੁਕਾਵਟ ਪੜ੍ਹ ਜਾਂਦਾ ਹੈ। ਉਦਾਹਰਣ ਲਈ ਦੇਖੋ :-



ਦੁਨੀਆਂ ਨੂੰ ਸਰਕਾਰਾਂ ਤੇ ਪੈਸਾ ਹੀ ਨਹੀਂ ਚਲਾਉਂਦਾ
ਲੋਕ ਵੀ ਚਲਾਉਂਦੇ ਹਨ ਤੇ ਚਲਾਉਣਗੇ
ਅੱਜ ਤੋਂ ਸੌ ਸਾਲ ਬਾਅਦ ਸ਼ਾਇਦ ਪਰ
ਚਲਾਉਣਗੇ ਜ਼ਰੂਰ (ਪੰਨਾ -32)

ਅਵਤਾਰ ਜੰਡਿਆਲਵੀ ਕਾਵਿ-ਅਨੁਵਾਦ ਦੀਆਂ ਮੁਸ਼ਕਿਲਾਂ ਤੋਂ ਵਾਕਿਫ਼ ਹੈ, ਜਿਸ ਬਾਰੇ ਉਸ ਵਲੋਂ ਲਿਖੀ ਗਈ ਭੂਮਿਕਾ ਵਿਚ ਸਪੱਸ਼ਟੀਕਰਨ ਦਿੱਤਾ ਗਿਆ ਹੈ। ਉਹ ਲਿਖਦਾ ਹੈ ਕਿ ਅਨੁਵਾਦ ਕਰਨ ਸਮੇਂ, "ਅਸਲ ਵਿਚ ਪਹਿਲੀ ਕਵਿਤਾ ਨੂੰ ਢਾਹ ਕੇ ਉਸ ਦੀਆਂ ਨੀਹਾਂ ਤੇ ਨਵੀਂ ਰਚਨਾ ਦਾ ਉਸਾਰ ਕਰਨਾ ਹੁੰਦਾ ਹੈ। ਜਿਸ ਵਿਚ ਅਨੁਵਾਦਕ ਦਾ ਆਪ ਸਿਰਜਣਹਾਰ ਹੋਣਾ ਲਾਜ਼ਮੀ ਹੈ।" (ਪੰਨਾ-7) ਸੰਤੋਖ ਦੀ ਗੱਲ ਹੈ ਕਿ ਉਪਰੋਕਤ ਦੋਨੋ ਅਨੁਵਾਦਕ ਹੀ ਕਵੀ ਵੀ ਹਨ।

ਇਹ ਕਥਨ ਅਨੁਵਾਦ ਕਰਨ ਸਮੇਂ ਆਉਂਦੀਆਂ ਮੁਸ਼ਕਿਲਾਂ ਦਾ ਹੀ ਸਪੱਸ਼ਟੀਕਰਨ ਹੈ। ਇਸਤੋਂ ਵੀ ਅਗਾਂਹ ਜਾ ਕੇ ਜੰਡਿਆਲਵੀ ਅਨੁਵਾਦਿਕ ਸਾਹਮਣੇ ਇੱਕ ਹੋਰ ਦਰਪੇਸ਼ ਚੁਣੌਤੀ ਦਾ ਵਿਸਤ੍ਰਿਤ ਚਰਚਾ ਕਰਦਾ ਹੋਇਆ ਲਿਖਦਾ ਹੈ, "ਜਦੋਂ ਕੋਈ ਅਨੁਵਾਦਕ ਦੂਜੇ ਦੇਸ਼ਾਂ ਤੋਂ ਦੂਜੀਆਂ ਬੋਲੀਆਂ ਦੇ ਲੇਖਕਾਂ ਦੇ ਸਨਮੁੱਖ ਹੁੰਦਾ ਹੈ ਤਾਂ ਉਸ ਦਾ ਵਾਹ ਵੱਖਰੇ ਸਮਾਜ ਪ੍ਰਬੰਧ ਤੇ ਨਵੇਂ ਸਭਿਆਚਾਰ ਨਾਲ ਪੈਂਦਾ ਹੈ। ਇਨ੍ਹਾਂ ਪਿੱਛੇ ਇਤਿਹਾਸਕ ਘਟਨਾਵਾਂ ਵੀ ਵੱਖਰੀਆਂ ਹੁੰਦੀਆਂ ਤੇ ਮਿਥਿਹਾਸਕ ਵੇਰਵੇ ਵੀ। ਅਨੁਵਾਦ ਕਰਦਿਆਂ ਇਹ ਇੰਨ-ਬਿੰਨ ਅਨੁਵਾਦਿਤ ਰਚਨ ਵਿਚ ਸਮਾਏ ਨਹੀਂ ਜਾ ਸਕਦੇ। ਪਾਠਕਾਂ ਨੂੰ ਵੀ ਸਮਝਣੇ ਅਤਿਅੰਤ ਮੁਸ਼ਕਿਲ ਹੁੰਦੇ ਹਨ। ਰਸਤਾ ਇਕ ਹੀ ਬਚਦਾ ਹੈ ਕਿ ਜਾਂ ਇਨ੍ਹਾਂ ਵੇਰਵਿਆਂ ਵਾਲੀਆਂ ਰਚਨਾਵਾਂ ਤੋਂ ਪਾਸਾ ਵੱਟ ਲਿਆ ਜਾਵੇ ਜਾਂ ਬੋਝਲ ਕਿਸਮ ਦੇ ਫੁੱਟ ਨੋਟ ਦਿੱਤੇ ਜਾਣ।" (ਪੰਨਾ-8) ਮਸਲਾ ਕੇਵਲ ਰਚਨਾਵਾਂ ਦੀ ਚੋਣ ਦਾ ਹੀ ਨਹੀਂ ਹੁੰਦਾ ਸਗੋਂ ਅਨੁਵਾਦਕ ਦੀ ਮਿਹਨਤ ਦਾ ਵੀ ਹੈ ਜਿਸਨੂੰ ਕਿਸੇ ਵੀ ਕਵੀ ਦਾ ਜਾਂ ਸੰਗੀਤਕਾਰ ਦਾ ਅਨੁਵਾਦ ਕਰਨ ਸਮੇਂ ਉਸ ਦੇ ਸਮੁੱਚੇ ਸਮਾਜਕ ਸਭਿਆਚਾਰਕ ਪਿਛੋਕੜ ਨੂੰ ਸਮਝਣ ਦੀ ਲੋੜ ਹੁੰਦੀ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿਚ ਰਚਨਾ ਦੀ ਚੋਣ ਤਾਂ ਪ੍ਰਭਾਵਿਤ ਹੋਵੇਗੀ ਹੀ, ਨਾਲ ਹੀ ਅਨੁਵਾਦ ਵੀ ਪੇਤਲਾ ਹੋ ਜਾਵੇਗਾ।

ਅਸੀਂ ਕਵੀਆਂ ਜਾਂ ਸਾਹਿਤਕਾਰਾਂ ਬਾਰੇ ਬਹੁਤ ਕੁਝ ਜਾਣਦੇ ਹਾਂ ਕਿਉਂਕਿ ਉਹ ਉਨ੍ਹਾਂ ਦੇ ਸਮੁੱਚੇ ਜੀਵਨ ਦੇ ਵੇਰਵੇ ਵਾਰਤਕ ਵਿਚ ਸਾਨੂੰ ਉਪਲਬਧ ਹੁੰਦੇ ਹਨ ਪ੍ਰੰਤੂ ਸਮੁੱਚੀ ਰਚਨਾ ਅਨੁਵਾਦਿਤ ਰੂਪ ਵਿਚ ਸਾਡੇ ਕੋਲ ਉਪਲਬਧ ਨਹੀਂ ਹੁੰਦੀ ਇਸ ਲਈ ਪ੍ਰਤੀਨਿਧ ਕਵਿਤਾ ਜਾਂ ਰਚਨਾ ਦੀ ਚੋਣ ਸੰਭਵ ਨਹੀਂ ਰਹਿੰਦੀ। ਇਹੀ ਕਾਰਣ ਹੈ ਕਿ ਵਿਸ਼ਵ ਦੇ ਮਹਾਂ ਕਵੀ ਪੁਸਤਕ ਵਿਚ ਵੀ ਕਵੀ ਬਾਰੇ ਦਿੱਤੀ ਜਾਣਕਾਰੀ ਅਤੇ ਉਸ ਦੀਆਂ ਕਵਿਤਾਵਾਂ ਦੀ ਚੋਣ ਵਿਚ ਇੱਕ ਪਾੜਾ ਦਿਖਾਈ ਦਿੰਦਾ ਹੈ। ਕਵੀ ਦਾ ਜੀਵਨ ਤਾਂ ਵਧੇਰੇ ਪ੍ਰਭਾਵਸ਼ਾਲੀ ਦਿਖਾਈ ਦਿੰਦਾ ਹੈ ਪ੍ਰੰਤੂ ਉਨ੍ਹਾਂ ਦੀ ਰਚਨਾ ਉਸਦੇ ਜੀਵਨ ਦੇ

ਮੇਚ ਦੀ ਦਿਖਾਈ ਨਹੀਂ ਦਿੰਦੀ। ਇਸ ਪੁਸਤਕ ਵਿਚ ਨਾਜ਼ਿਮ ਹਿਕਮਤ, ਪਾਬਲੋ ਨੇਰੂਦਾ ਇੱਕ ਅੱਧ ਹੋਰ ਕਵੀ ਦੀ ਜੀਵਨੀ ਤੇ ਕਵਿਤਾ ਵਿਚ ਇਕਸਾਰਤਾ ਵਿਖਾਈ ਦਿੰਦੀ ਹੈ। ਇਸਦਾ ਕਾਰਣ ਅਸਲ ਵਿਚ ਇਹ ਹੈ ਕਿ ਇਨ੍ਹਾਂ ਉਪਰੋਕਤ ਕਵੀਆਂ ਦੀਆਂ ਕਵਿਤਾਵਾਂ ਦਾ ਅਨੁਵਾਦ ਬਹੁਗਿਣਤੀ ਵਿਚ ਉਪਲਬਧ ਹੈ ਤੇ ਇਉਂ ਉਨ੍ਹਾਂ ਦੀਆਂ ਕਵਿਤਾਵਾਂ ਵਿਚੋਂ ਕੀਤੀ ਗਈ ਚੋਣ ਵਧੇਰੇ ਪ੍ਰਤੀਨਿਧ ਵਿਖਾਈ ਦਿੰਦੀ ਹੈ। ਫਿਰ ਵੀ ਕਵੀਆਂ ਦੇ ਜੀਵਨ ਪਰਿਚੈ ਵਿਚ ਬਹੁਤ ਸਾਰੀਆਂ ਮਹੱਤਵਪੂਰਨ ਗੱਲਾਂ ਰੇਖਾਂਕਿਤ ਕਰਨ ਵਾਲੀਆਂ ਹਨ। ਆਰਥਰ ਰਿੰਬੋ ਦਾ ਇਹ ਕਥਨ ਮਹੱਤਵਪੂਰਨ ਹੈ ਕਿ :-

'ਜੋ ਵੀ ਕਵੀ ਬਣਨਾ ਚਾਹੁੰਦਾ ਹੈ, ਉਹਦੇ ਲਈ ਪਹਿਲਾ ਕੰਮ ਆਪਣੇ ਆਪ ਨੂੰ ਜਾਨਣਾ ਹੁੰਦਾ ਹੈ।'

ਇਸੇ ਤਰ੍ਹਾਂ ਚੈਸਵਾਫ਼ ਮੀਵੋਸ਼ ਦੇ ਕਵਿਤਾ ਸੰਬੰਧੀ ਵਿਚਾਰ ਉਤੇਜਿਤ ਕਰਨ ਵਾਲੇ ਹਨ। ਜਿਵੇਂ ਉਹ ਕਹਿੰਦਾ ਹੈ - "ਉਸ ਕਵਿਤਾ ਦਾ ਕੋਈ ਅਰਥ ਨਹੀਂ ਹੈ ਜੋ ਆਪਣੇ ਦੇਸ਼ ਅਤੇ ਕੌਮ ਦਾ ਬਚਾਅ ਨਾ ਕਰ ਸਕੇ।" (ਪੰਨਾ-100) ਜਾਂ "ਜਿਥੇ ਕਿਤੇ ਸਭ ਜਣਿਆਂ ਨੇ ਚੁੱਪ ਦੀ ਸਾਜ਼ਿਸ਼ ਰਚੀ ਹੋਈ ਹੋਵੇ, ਉੱਥੇ ਸੱਚ ਦਾ ਇੱਕ ਸ਼ਬਦ ਵੀ ਪਿਸਤੌਲ ਦੀ ਗੋਲੀ ਵਾਂਗ ਚੱਲਦਾ ਹੈ।"

ਵੈਸੇ ਤਾਂ ਅਨੁਵਾਦਿਤ ਸਾਰੇ ਲੇਖਕ ਹੀ ਮਹੱਤਵਪੂਰਣ ਹਨ ਪ੍ਰੰਤੂ ਜਿਵੇਂ ਕਿ ਅਸੀਂ ਉੱਪਰ ਕਿਹਾ ਹੈ ਨਾਜ਼ਮ ਹਿਕਮਤ, ਬਰੈਖ਼ਤ ਅਤੇ ਪਾਬਲੋ ਨੇਰੂਦਾ ਦੀਆਂ ਕਵਿਤਾਵਾਂ ਵਧੇਰੇ ਦਮਦਾਰ ਹਨ। ਨਾਜ਼ਮ ਹਿਕਮਤ ਦੀ ਕਵਿਤਾ 'ਸਵਾਗਤ' ਅਸਿੱਧੇ ਢੰਗ ਨਾਲ ਸਮਾਜਿਕ ਯਥਾਰਥ ਅਤੇ ਸਮਾਜ ਵਿਚ ਫੈਲੇ ਅਨਾਚਾਰ ਦੀ ਗੱਲ ਅਜਿਹੇ ਵਿਅੰਗ ਨਾਲ ਕਹਿੰਦੀ ਹੈ ਕਿ ਪਾਠਕ ਸੋਚਣ ਲਈ ਮਜਬੂਰ ਹੁੰਦਾ ਹੈ।

ਸਵਾਗਤ ਹੈ ਬੱਚੇ ਸਵਾਗਤ
ਹੁਣ ਤੇਰੀ ਵਾਰੀ ਹੈ ਜੀਣ ਦੀ।
ਉਹ ਤੇਰੇ ਲਈ ਖੜੀ ਕਰ ਰਹੇ ਹਨ ਬੀਮਾਰੀਆਂ ਦੀ ਫੌਜ
ਛੋਟੀ ਮਾਤਾ, ਕਾਲੀ ਖੰਘ, ਚੇਚਕ
ਮਲੇਰੀਆ, ਟੀ.ਬੀ., ਦਿਲ ਦਾ ਰੋਗ, ਕੈਂਸਰ ਤੇ ਕਈ ਕੁਝ।
ਬੇਰੁਜ਼ਗਾਰੀ, ਭੁੱਖ ਤੇ ਏਸੇ ਤਰ੍ਹਾਂ ਦਾ ਹੋਰ ਬਹੁਤ ਨਿੱਕ-ਸੁੱਕ। (ਪੰਨਾ - 29)

'ਦਿਲ ਦਾ ਦਰਦ' ਕਵਿਤਾ ਕਵੀ ਦੀ ਮਾਨਵੀ ਸੰਵੇਦਨਾ ਦੀ ਗਹਿਰਾਈ ਦਾ ਪਤਾ ਦਿੰਦੀ ਹੈ। ਕਿਉਂਕਿ ਨਾਜ਼ਮ ਹਿਕਮਤ ਅਨੁਸਾਰ ਕਵੀ ਚੀਨ ਵਿਚ ਹੋ ਰਹੇ ਪਰਿਵਰਤਨਾਂ ਦੇ ਨਾਲ ਹੈ, ਉਸ ਨੂੰ ਯੂਨਾਨੀ ਤਾਨਾਸ਼ਾਹੀ ਵਲੋਂ ਦਾਗੀ ਗਈ ਗੋਲੀ ਆਪਣੇ ਉਪਰ ਵਰ੍ਹਦੀ ਮਹਿਸੂਸ ਹੁੰਦੀ ਹੈ। ਕਵੀ ਦਾ ਦਿਲ ਜੰਗ ਵਿਚ ਜਾਂ ਫੌਜੀ ਰਾਜ ਵਿਚ ਉਜਾੜੇ ਗਏ ਲੋਕਾਂ ਕੋਲ ਪਹੁੰਚਦਾ ਹੈ। ਇਸ ਸਾਰੇ ਵਰਤਾਰੇ ਦੇ ਹੁੰਦਿਆਂ ਹੋਇਆਂ ਵੀ ਨਾਜ਼ਮ ਹਿਕਮਤ ਦਾ ਆਸ਼ਾਵਾਦ ਕਿਧਰੇ ਵੀ ਘੱਟ ਨਹੀਂ ਹੁੰਦਾ। ਆਸ਼ਾਵਾਦ ਅਤੇ ਆਸ਼ਾਵਾਦੀ ਨਾਂ ਦੀਆਂ ਦੋ ਕਵਿਤਾਵਾਂ ਇਸ ਦੀਆਂ ਉਦਾਹਰਣਾਂ ਹਨ।



ਪਾਬਲੋ ਨੇਰੂਦਾ ਦੀਆਂ ਕਵਿਤਾਵਾਂ ਵਿਚੋਂ 'ਜਿੱਤ' ਅਤੇ 'ਲੋਕ' ਬਹੁਤ ਮਹੱਤਵਪੂਰਣ ਅਤੇ ਦੇਰ ਤੱਕ ਯਾਦ ਰਹਿਣ ਵਾਲੀਆਂ ਕਵਿਤਾਵਾਂ ਹਨ। ਜਿੱਤ ਕਵਿਤਾ ਵਿਚ ਉਹ ਲਿਖਦਾ ਹੈ,

ਮੈਂ ਦਿਲੋਂ ਨਾਲ ਹਾਂ ਲੋਕਾਂ ਦੇ ਜਿਨ੍ਹਾਂ ਦੀ ਜਿੱਤ ਹੋਵੇਗੀ
ਹਰ ਕਿਸੇ ਦੀ ਜਿੱਤ ਹੋਵੇਗੀ ਵਾਰੀ ਵਾਰੀ
ਉਦਾਸੀਆਂ ਭਿੱਜੇ ਰੁਮਾਲਾਂ ਵਾਂਗ ਨਿਚੋੜ ਦਿੱਤੇ ਜਾਣਗੇ
ਉਹ ਸਾਰੇ ਹੰਝੂ ਤੇ ਕਬਰਾਂ, ਰੇਗਿਸਤਾਨਾਂ, ਬਰਾਂਡਿਆਂ
ਸ਼ਹਾਦਤਾਂ ਵਿਚ ਡੋਲ੍ਹੇ ਗਏ ਸੁਕਾ ਦਿੱਤੇ ਜਾਣਗੇ।
ਮੇਰੇ ਕੋਲ ਝੰਡਾ ਤਾਂ ਨਹੀਂ ਹੁੰਦਾ ਪਰ ਇਦਾਂ ਦੇ ਸਮੇਂ ਲਈ ਥਾਂ ਹੈ ਮੇਰੇ ਦਿਲ ਵਿਚ।
(ਪੰਨਾ 84)

'ਲੋਕ ਕਵਿਤਾ' ਵਿਚ ਮਨੁੱਖਤਾ ਦੀਆਂ ਦੋ ਸਦੀਆਂ ਦਾ ਚੰਗਾ ਜਾਂ ਮਾੜਾ ਵਿਕਾਸ ਕਾਵਿ-ਬੱਧ ਹੋਇਆ ਹੈ। ਇਸ ਸਮੁੱਚੇ ਵਿਕਾਸ ਵਿਚ ਨੇਰੂਦਾ ਉਨ੍ਹਾਂ ਲੋਕਾਂ ਨਾਲ ਹੈ ਜਿਨ੍ਹਾਂ ਨੇ ਇਸ ਸਾਰੇ ਪਰਿਵਰਤਨ ਨੂੰ ਸਿਰੇ ਚਾੜ੍ਹਿਆ ਹੈ। ਕਵਿਤਾ ਦੀਆਂ ਆਖ਼ਰੀ ਪੰਗਤੀਆਂ ਹਨ,

ਮੈਂ ਉਸ ਮਨੁੱਖ ਨੂੰ ਉਦੋਂ ਤੋਂ ਜਾਣਦਾ ਸੀ ਜਦੋਂ ਤੋਂ ਮੈਂ ਹੋਸ਼ ਸੰਭਾਲੀ ਸੀ।
ਉਹਦਾ ਹੱਥ ਫੜ ਕੇ ਮੈਂ ਕਿਹਾ - ਸਭ ਕੁਝ ਬਦਲ ਜਾਵੇਗਾ
ਤੂੰ ਜਿਉਂਦਾ ਰਹੇਂਗਾ, ਤੂੰ ਹੀ ਤਾਂ ਜ਼ਿੰਦਗੀ ਨੂੰ ਗਰਮੀ ਦਿੱਤੀ ਹੈ
ਤੂੰ ਹੀ ਤਾਂ ਸਭ ਕੁਝ ਉਸਾਰਿਆ ਹੈ, ਤੂੰ ਕੱਲਾ ਨਹੀਂ
ਮੈਂ ਤੇਰੇ ਹੀ ਗੀਤ ਗਾਉਂਦਾ ਹਾਂ ਤੇ ਇੰਝ ਭੀੜ ਵੱਧਦੀ ਹੀ ਜਾਵੇਗੀ। (ਪੰਨਾ-88)

ਬਰੈਖ਼ਤ ਦੀਆਂ ਕਵਿਤਾਵਾਂ ਵਿਚੋਂ 'ਕਰੰਡੀ' ਅਤੇ 'ਗਰਮ ਰੁੱਤ ਦਾ ਆਕਾਸ਼' ਮਹੱਤਵਪੂਰਣ ਹਨ। ਬਰੈਖ਼ਤ ਦਾ ਯੁੱਧਾਂ ਦੇ ਖਿਲਾਫ਼ ਲਗਾਤਾਰ ਲਿਖਣਾ ਉਸਦੀ ਵਿਸ਼ੇਸ਼ ਪਛਾਣ ਬਣਾਉਂਦਾ ਹੈ। 'ਕਰੰਡੀ' ਕਵਿਤਾ ਵਿਚ ਉਸਨੇ ਬੜੇ ਸੁਝਾਅਪੂਰਣ ਢੰਗ ਨਾਲ ਯੁੱਧ ਵਿਚ ਰੋਜ਼ੀ ਰੋਟੀ ਕਮਾਉਣ ਵਾਲੇ ਦੀ ਸਥਿਤੀ ਨੂੰ ਬਿਆਨ ਕੀਤਾ ਹੈ। ਜਦੋਂ ਕਰੰਡੀ ਦਾ ਅੱਧਾ ਲੋਹਾ ਉੱਡਦਾ ਹੈ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਕਾਰੀਗਰ ਦੀ ਰੋਜ਼ੀ-ਰੋਟੀ ਖੋਹੀ ਗਈ ਹੈ।

ਸੁਪਨੇ 'ਚ
ਬਣ ਰਹੇ ਘਰ ਕੋਲ ਖੜ੍ਹਾ,
ਮੈਂ ਇੱਟਾਂ ਚਿਣਦਾ ਮਿਸਤਰੀ।
ਮੇਰੇ ਹੱਥ 'ਚ ਕਰੰਡੀ
ਜਦੋਂ ਮੈਂ ਗਾਰਾ ਲੈਣ ਲਈ ਝੁਕਿਆ,
ਤਾਂ ਸੁਣੀ ਗੋਲੀ ਦੀ ਆਵਾਜ਼
ਨਾਲ ਹੀ ਮੇਰੀ ਕਰੰਡੀ ਦਾ।

ਅੱਧਾ ਲੋਹਾ ਉੱਡ ਗਿਆ। (ਪੰਨਾ - 70)

ਇਸੇ ਤਰ੍ਹਾਂ 'ਗਰਮ ਰੁੱਤ' ਦਾ ਆਕਾਸ਼ ਕਵਿਤਾ ਵਿਚ ਵੀ ਲੋਕ ਆਕਾਸ਼ ਵੱਲ ਨੂੰ ਪੰਛੀਆਂ ਵਾਂਗ ਵੇਖ ਰਹੇ ਹਨ ਕਿ ਉਨ੍ਹਾਂ ਦੇ ਮੂੰਹ ਵਿਚ ਚੋਗੀਾ ਪਵੇਗਾ ਪ੍ਰੰਤੂ ਉਨ੍ਹਾਂ ਨੂੰ ਮਿਲਦੀ ਹੈ ਬੰਬਾਰੀ।

ਨੀਲੇ ਆਕਾਸ਼ ਵਿਚ ਬੰਬਾਰੀ ਕਰਨ ਵਾਲਾ ਜਹਾਜ਼
ਝੀਲ ਦੇ ਪਾਣੀਆਂ ਉਪਰੋਂ ਲੰਘਦਾ
ਚਲਦੀਆਂ ਬੇੜੀਆਂ ਵਿਚੋਂ
ਉਪਰ ਦੇਖਦੇ ਹਨ ਬੱਚੇ,
ਔਰਤਾਂ
ਤੇ ਇੱਕ ਬੁੱਢਾ ਆਦਮੀ
ਦੂਰੋਂ ਉਹ ਨਿੱਕੇ ਤਿਲੀਅਰ ਲੱਗਦੇ ਹਨ।
ਉਨ੍ਹਾਂ ਦੀਆਂ ਚੁੰਝਾਂ
ਦਾਣਿਆਂ ਨਾਲ ਖੁੱਲੀਆਂ। (ਪੰਨਾ-72)

'ਓਕਤਾਵੀਓ ਪਾਜ਼' ਦੀ ਕਵਿਤਾ 'ਧਰਮ' ਤਿੱਖੇ ਵਿਅੰਗ ਰਾਹੀਂ ਧਰਮ ਪਰਿਵਰਤਨ ਦੇ ਪਾਜ ਨੂੰ ਉਘਾੜਦੀ ਹੈ। ਧਰਮ ਪਰਿਵਰਤਨ ਕਰਨ ਵਾਲਾ ਗੱਭਰੂ ਵਿਆਹ ਕਰਵਾ ਕੇ ਇੱਕ ਵਹੁਟੀ ਵਾਲਾ ਹੋ ਜਾਂਦਾ ਹੈ ਪ੍ਰੰਤੂ ਉਸਦੇ ਨਾਮ ਦੋ ਹੋ ਜਾਂਦੇ ਹਨ।

ਗੱਭਰੂ ਹਸਨ ਨੇ
ਇੱਕ ਇਸਾਈ ਮੁਟਿਆਰ ਨਾਲ
ਵਿਆਹ ਕਰਾਉਣਾ ਸੀ।
ਧਰਮ ਬਦਲਿਆ
ਪਾਦਰੀ ਨੇ ਉਹਦਾ ਨਾਮ
ਬਦਲ ਕੇ ਐਰੀਕ ਰੱਖ ਦਿੱਤਾ।
ਜਿਵੇਂ ਕਿ ਉਹ ਪੁਰਾਣਾ ਅੰਗਰੇਜ਼ ਹੁੰਦਾ ਹੈ।
ਹੁਣ ਉਹਦੇ ਦੋ ਨਾਮ ਹਨ
ਅਤੇ ਇੱਕੋ ਹੀ ਵਹੁਟੀ। (ਪੰਨਾ-50)

ਇਉਂ ਅਸੀਂ ਵੇਖਦੇ ਹਾਂ ਕਿ ਅਵਤਾਰ ਜੰਡਿਆਲਵੀ ਵਲੋਂ ਕੀਤਾ ਗਿਆ ਵਿਸ਼ਵ ਦੇ ਮਹਾਂਕਵੀਆਂ ਦਾ ਅਨੁਵਾਦ ਭਾਵੇਂ ਉਸਦੇ ਕਹਿਣ ਅਨੁਸਾਰ ਅਨੁਵਾਦ ਦਾ ਅਨੁਵਾਦ ਹੈ ਪ੍ਰੰਤੂ ਇਸਦੇ ਬਾਵਜੂਦ ਜਿਨ੍ਹਾਂ ਵੀ ਕਵੀਆਂ ਦੀਆਂ ਕਵਿਤਾਵਾਂ ਦੀ ਚੋਣ ਕੀਤੀ ਗਈ ਹੈ, ਉਹ ਸਾਰੇ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਤੀਵਾਦੀ ਤੇ ਮਾਨਵ ਹਿਤੈਸ਼ੀ ਹਨ। ਇਸੇ ਕਾਰਣ ਹੀ ਇਹ ਅਨੁਵਾਦ ਪੰਜਾਬੀ ਸਾਹਿਤ ਵਿਚ ਇਕ ਨਿੱਗਰ ਵਾਧਾ ਕਰਦਾ ਹੈ। •

**(ਡੀ-46, ਕੈਂਪਸ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ)**





# ਧੁੱਪ ਦੀ ਵਾਟ - ਪੁਨਰ ਨਿਰੀਖਣ

**ਸੁਰਜੀਤ ਗਿੱਲ**

ਬਲਜੀਤ ਕੌਰ ਬੱਲੀ ਇੱਕ ਨਾਵਲਕਾਰ ਦੇ ਤੌਰ ਤੇ ਹੁਣ ਚੰਗਾ ਨਾਮ ਖੱਟ ਚੁੱਕੀ ਹੈ। ਉਹਨੇ ਮੁੱਢ ਕਹਾਣੀਆਂ ਤੋਂ ਸ਼ੁਰੂ ਕੀਤਾ। ਮੁੱਢਲੀਆਂ ਕਹਾਣੀਆਂ 'ਚ ਉਹਨੇ ਵੱਖਰੇ-ਵੱਖਰੇ ਰੂਪ ਵਿਚ ਆਪਣੇ ਆਪ ਨੂੰ ਚਿਤਰਿਆ ਜਿਸ ਵਿਚ ਉਹਦੇ ਹੀ ਨਹੀਂ ਬਲਕਿ ਸਮੁੱਚੀ ਇਸਤਰੀ ਜਾਤੀ ਤੇ ਖ਼ਾਸ ਕਰਕੇ ਪੰਜਾਬਣਾਂ ਦੇ ਜੀਵਨ ਨੂੰ ਚਿਤਰਿਆ ਹੈ। ਬਲਜੀਤ ਕੌਰ ਬੱਲੀ ਨੇ ਜਿੱਥੇ ਜੀਵਨ ਸੰਘਰਸ਼ ਕੀਤਾ, ਪ੍ਰਸਥਿਤੀਆਂ ਵਿਰੁੱਧ ਜੂਝੀ ਉੱਥੇ ਉਹਨੇ ਸਮਾਜ ਵਿਚ ਢੁੱਕਵਾਂ ਥਾਂ ਪ੍ਰਾਪਤ ਕਰਨ ਲਈ ਪ੍ਰਾਪਤੀਆਂ ਵੀ ਕੀਤੀਆਂ। ਉਹ ਇੱਕ ਸਾਧਾਰਨ ਸਕੂਲ ਟੀਚਰ ਤੋਂ ਡਾਕਟਰੇਟ ਕਰਕੇ ਯੂਨੀਵਰਸਿਟੀ ਦੀ ਲੈਕਚਰਾਰ ਹੋ ਕੇ ਰਿਟਾਇਰਡ ਹੋਈ। ਬਲਜੀਤ ਕੌਰ ਬੱਲੀ ਨੂੰ ਇਸ ਸਾਰੇ ਕੁਝ ਵਿਚੋਂ ਜੀਵਨ ਤੇ ਸਮਾਜ ਦਾ ਡੂੰਘਾ ਅਨੁਭਵ ਹੋਇਆ ਜਿਹੜਾ ਉਹਨੇ ਪਿੱਛੇ ਲਿਖੇ ਨਾਵਲਾਂ ਵਿਚ ਪੇਸ਼ ਕੀਤਾ। ਬਲਜੀਤ ਕੌਰ ਬੱਲੀ ਇੱਕ ਕਿਸਾਨ ਪਰਿਵਾਰ ਵਿਚ ਜੰਮ ਕੇ ਸ਼ਹਿਰੀ ਮੱਧ ਵਰਗ ਤੱਕ ਪੁੱਜੀ।

ਅੱਜ ਬਲਜੀਤ ਕੌਰ ਬੱਲੀ ਨੂੰ ਜਗੀਰਦਾਰੀ ਦੀ ਚੜ੍ਹਤ, ਨਿਘਾਰ ਤੋਂ ਲੈ ਕੇ ਬੁਰਜਵਾ ਸਮਾਜ ਦੇ ਉਸਰਨ ਤੱਕ ਦਾ ਅਨੁਭਵ ਹੈ। ਆਪਣੇ ਨਾਵਲਾਂ ਵਿਚ ਉਹ ਜਿੱਥੇ ਪੇਂਡੂ ਵਾਤਾਵਰਨ, ਜਗੀਰੂ ਸਦਾਚਾਰ ਤੇ ਮਲਵਈ ਠੇਠ ਸ਼ਬਦਾਵਲੀ ਵਰਤਦੀ ਹੈ ਉਥੇ ਉਹਨੇ ਮੱਧ ਵਰਗ ਦੀ ਅੰਗਰੇਜ਼ੀ ਮਿਸ਼ਰਤ ਬੋਲਚਾਲ ਭਲੀ-ਭਾਂਤ ਅਪਣਾ ਲਈ ਹੈ। ਉਹਦੇ ਅੰਦਰ ਇਸ ਸਮੁੱਚੇ ਕੁਝ ਦਾ ਅਜਿਹਾ ਮਿਸ਼ਰਣ ਹੈ ਕਿ ਤੁਸੀਂ ਉਹਨੂੰ ਜਿਸ ਵਾਤਾਵਰਣ ਵਿਚ ਦੇਖੋ ਉਸਦੀ ਬੋਲੀ ਉਸੇ ਜਮਾਤ ਹੀ ਹੋਵੇਗੀ। ਪਿੰਡ ਵਿਚ ਉਹ ਮੇਰੇ ਨਾਲ ਅਤੇ ਆਪਣੇ ਹੋਰ ਭਾਈਚਾਰੇ ਨਾਲ ਗੱਲ ਕਰਦੀ ਹੈ, ਤਾਂ ਉਸਦੇ ਸ਼ਹਿਰੀ ਹੋਣ ਦਾ ਪਤਾ ਨਹੀਂ ਲੱਗਦਾ। ਮੈਂ ਇਸਨੂੰ ਬਲਜੀਤ ਕੌਰ ਬੱਲੀ ਦੀ ਵਿਸ਼ੇਸ਼ਤਾ ਸਮਝਦਾ ਹਾਂ ਜਿਹੜੀ ਮੈਨੂੰ ਪੰਜਾਬੀ ਲੇਖਕਾਂ ਤੇ ਖ਼ਾਸ ਕਰਕੇ ਲੇਖਿਕਾਵਾਂ ਵਿਚ ਘੱਟ ਹੀ ਮਹਿਸੂਸ ਹੋਈ ਹੈ। ਬਲਜੀਤ ਕੌਰ ਬੱਲੀ ਅੱਜ ਪਰਿਸਥਿਤੀਆਂ ਦੇ ਅਨੁਭਵ ਤੇ ਵਿਸ਼ਾਲ ਚਿੰਤਨ ਕਰਕੇ ਸਮਾਜ ਤੇ ਵੱਖੋ-ਵੱਖਰੀਆਂ ਜਮਾਤਾਂ ਦੇ ਪਾਤਰਾਂ ਦਾ ਜਮਾਤੀ ਨਿਰੀਖਣ ਕਰਨ ਦੇ ਸਮਰੱਥ ਹੈ। ਆਪਣੇ ਮੁੱਢਲੇ ਨਾਵਲਾਂ ਵਿਚ ਜਿੱਥੇ ਉਹਨੇ ਪੇਂਡੂ ਪਰਿਸਥਿਤੀਆਂ ਤੇ ਸ਼ਹਿਰੀ ਨਿਮਨ ਵਰਗ ਦਾ ਚਿਤਰਨ ਕੀਤਾ ਹੈ ਉਥੇ ਹੀ ਉਸਨੇ 1986 ਵਿਚ ਛਪੇ ਨਾਵਲ 'ਧੁੱਪ ਦੀ ਵਾਟ' ਵਿਚ ਆਪਣੀ ਪ੍ਰਤਿਭਾ ਦਾ ਗੰਭੀਰ ਪ੍ਰਗਟਾਵਾ ਕੀਤਾ ਹੈ। ਇਹ ਗੱਲ ਵੱਖਰੀ ਹੈ ਕਿ ਅੱਤਵਾਦ ਦੇ ਰੌਲੇ ਅਤ ਪੰਜਾਬੀ ਆਲੋਚਕਾਂ ਦੀ ਅਣਗਹਿਲੀ ਕਾਰਨ ਇਹ ਨਾਵਲ ਅਣਗੌਲਿਆ ਰਹਿ ਗਿਆ ਹੈ।

ਨਾਵਲ 'ਧੁੱਪ ਦੀ ਵਾਟ' ਵਿਚ ਸਮਾਜ ਵਿਕਾਸ ਅਨੁਸਾਰ ਤਿੰਨ ਪਰਿਸਥਿਤੀਆਂ

ਨਹੀਂ ਬਲਕਿ ਤਿੰਨ ਯੁੱਗਾਂ ਦਾ ਵਰਨਣ ਮਿਲਦਾ ਹੈ। ਇਹ ਤਿੰਨ ਯੁੱਗ ਹਨ, ਜਗੀਰਦਾਰੀ, ਅਰਧ ਸਰਮਾਏਦਾਰੀ ਤੇ ਸਰਮਾਏਦਾਰੀ। ਇਹ ਵੱਖਰੀ ਗੱਲ ਹੈ ਕਿ ਲੇਖਿਕਾ ਨੇ ਇਹਨਾਂ ਨੂੰ ਤਰਤੀਬਵਾਰ ਨਹੀਂ ਲਿਆ। ਉਹ ਇਹਨਾਂ ਯੁੱਗਾਂ ਨੂੰ ਬੇਤਰਤੀਬੀ ਨਾਲ ਲੈਂਦੀ ਹੈ। ਨਾਵਲ ਦਾ ਪਹਿਲਾ ਭਾਗ ਨਿਮਨ ਮੱਧ ਵਰਗ ਜਾਂ ਉੱਠ ਰਹੀ ਬੁਰਜੁਆਜ਼ੀ ਦੇ ਵਰਨਣ ਤੋਂ ਆਰੰਭ ਹੁੰਦਾ ਹੈ। ਨਾਵਲ ਦੀ ਨਾਇਕਾ ਰਾਜਬੀਰ ਇੱਕ ਸ਼ਹਿਰੀ ਸਕੂਲ ਟੀਚਰ ਹੈ। ਨਾਇਕਾ ਬਹੁਤਾ ਵਿਸਥਾਰ ਨਾਲ ਤਾਂ ਨਹੀਂ ਦੱਸਦੀ ਪਰ ਗੱਲਬਾਤ ਤੋਂ ਅਨੁਭਵ ਹੁੰਦਾ ਹੈ ਕਿ ਉਸਦੀ ਆਪਣੇ ਪਤੀ ਨਾਲ ਲੰਮੇ ਸਮੇਂ ਤੋਂ ਅਣਬਣ ਹੈ ਤੇ ਉਹ ਅੱਜਕੱਲ ਇਕੱਲੀ ਰਹਿ ਰਹੀ ਹੈ। ਉਸਦੀਆਂ ਕੁਝ ਸਾਥਣਾਂ ਵੀ ਇਹੋ ਜਿਹੇ ਹਾਲਾਤ ਵਿਚੋਂ ਲੰਘ ਰਹੀਆਂ ਹਨ। ਨਾਇਕਾ ਪਰਿਸਥਿਤੀਆਂ ਅਨੁਸਾਰ ਗੰਭੀਰ ਹੈ। ਉਸਦੀ ਬੋਲੀ ਸੱਭਿਅਕ ਹੈ ਪਰ ਉਹ ਕਿਸੇ ਦੀ ਗਲਤ ਗੱਲ ਬਰਦਾਸ਼ਤ ਨਹੀਂ ਕਰਦੀ। ਸਮੇਂ ਅਨੁਸਾਰ ਢੁੱਕਵਾਂ ਉੱਤਰ ਦਿੰਦੀ ਹੈ।

ਮੁੱਢ ਵਿਚ ਉਹਨੂੰ ਆਪਣੀ ਇੱਕ ਸਹੇਲੀ ਰਮਨਜੀਤ ਦੀ ਚਿੱਠੀ ਦੀ ਉਡੀਕ ਹੈ। ਰਮਨਜੀਤ ਦਾ ਜੀਵਨ ਵੀ ਢੇਰ ਸਾਰੇ ਉਤਰਾਵਾਂ-ਚੜ੍ਹਾਵਾਂ ਨਾਲ ਭਰਿਆ ਹੋਇਆ ਹੈ। ਨਾਇਕਾ ਨੂੰ ਉਹਦੀ ਚਿੰਤਾ ਇਸ ਲਈ ਹੈ ਕਿਉਂਕਿ ਉਹਨੇ ਦੂਜਾ ਅੰਤਰਜਾਤੀ ਵਿਆਹ ਉਸ ਵਿਅਕਤੀ ਨਾਲ ਕਰਵਾਇਆ ਹੈ ਜਿਸਦੀ ਜ਼ਾਤ ਨੂੰ ਉਹ ਨਫ਼ਰਤ ਕਰਦੀ ਹੈ ਪ੍ਰੰਤੂ ਉਸ ਨਾਲ ਵਿਆਹ ਵੀ ਕਰਵਾਉਂਦੀ ਹੈ। ਉਸਨੇ ਪਹਿਲਾ ਵਿਆਹ ਵੀ ਅੰਤਰਜਾਤੀ ਤੇ ਪਿਆਰ ਵਿਆਹ ਕਰਵਾਇਆ ਸੀ ਪ੍ਰੰਤੂ ਬਹੁਤੀ ਦੇਰ ਨਿਭਾ ਨਾ ਸਕੀ। ਉਹ ਚੁਲਬੁਲੀ ਤਬੀਅਤ ਦੀ ਹੈ। ਪਹਿਲਾ ਵਿਆਹ ਕਰਵਾਉਣ ਸਮੇਂ ਵੀ ਉਹਨੇ ਬਹੁਤੀ ਸੋਚ-ਵਿਚਾਰ ਕਰਨ ਦੀ ਥਾਂ ਜਲਦਬਾਜ਼ੀ ਵਿਚ ਕੀਤਾ ਸੀ ਜਦੋਂ ਕਿ ਉਹਦੇ ਪੇਂਡੂ ਪਿਛੋਕੜ ਵਾਲੇ ਮਾਂ-ਬਾਪ ਇਸ ਗੱਲ ਨੂੰ ਪਸੰਦ ਨਹੀਂ ਕਰਦੇ ਸਨ। ਦੂਜਾ ਵਿਆਹ ਵੀ ਉਸਨੇ ਉਹਨਾਂ ਨੂੰ ਦੱਸੇ ਬਿਨਾਂ ਤੁਰਤ-ਫੁਰਤ ਕਰਵਾਇਆ ਹੈ ਅਤੇ ਉਹ ਆਪਣੇ ਨਵੇਂ ਪਤੀ ਰਜਿੰਦਰ ਨਾਲ ਬੰਬਈ ਚਲੀ ਜਾਂਦੀ ਹੈ। ਨਾਇਕਾ ਉਹਦੇ ਚੁਲਬੁਲੇ ਸੁਭਾਅ ਕਾਰਨ ਅਤੇ ਉਹਦੇ ਪਿਛੋਕੜ ਦੇ ਫੈਸਲਿਆਂ ਕਾਰਨ ਉਸ ਬਾਰੇ ਫ਼ਿਕਰਮੰਦ ਹੈ ਤੇ ਤੀਬਰਤਾ ਨਾਲ ਉਹਦੀ ਚਿੱਠੀ ਦੀ ਉਡੀਕ ਕਰ ਰਹੀ ਹੈ। ਲੇਖਿਕਾ ਇਸ ਕਾਂਡ ਵਿਚ ਫਲੈਸ਼ ਬੈਕ ਦੀ ਵਿਧੀ ਰਾਹੀਂ ਰਮਨ ਦੀ ਪਿਛੋਕੜ ਬਿਆਨ ਕਰਦੀ ਹੈ। ਪਹਿਲੇ ਪਤੀ ਚਰਨ ਨਾਲ ਵਿਆਹ ਰਮਨ ਕੇਵਲ ਕਵੀ ਹੋਣ ਕਰਕੇ ਹੀ ਕਰਵਾ ਲੈਂਦੀ ਹੈ। ਪ੍ਰੰਤੂ ਉਹ ਸ਼ਰਾਬੀ ਰਹਿਣ ਲੱਗ ਜਾਂਦਾ ਹੈ ਅਤੇ ਦੇਰ ਗਏ ਘਰ ਆਉਂਦਾ ਹੈ। ਉਹ ਰਮਨ ਨੂੰ ਇੱਕ ਪ੍ਰੇਮਿਕਾ ਸਮਝਣ ਦੀ ਥਾਂ ਇੱਕ ਸਧਾਰਨ ਇਸਤਰੀ ਸਮਝਦਾ ਹੈ ਅਤੇ ਉਸ ਨਾਲ ਅਕਸਰ ਦੁਰ-ਵਿਵਹਾਰ ਕਰਦਾ ਹੈ। ਤੰਗ ਆ ਕੇ ਰਮਨ ਉਸ ਨਾਲੋਂ ਵੱਖਰਾ ਰਹਿਣ ਲੱਗ ਜਾਂਦੀ ਹੈ ਅਤੇ ਛੇਤੀ ਹੀ ਅਦਾਲਤ ਵਿਚ ਜਾ ਕੇ ਚੰਨੀ ਤੋਂ ਤਲਾਕ ਲੈ ਲੈਂਦੀ ਹੈ। ਇਸੇ ਮੁੱਢਲੀ ਗੱਲਬਾਤ ਵਿਚ ਹੀ ਟੁੱਟ ਰਹੇ ਜਗੀਰੂ ਸੰਸਕਾਰਾਂ



ਕਾਰਨ ਟੁੱਟ ਰਹੇ ਕਈ ਪਰਿਵਾਰਾਂ ਦਾ ਵਰਨਣ ਆਉਂਦਾ ਹੈ। ਜਿਵੇਂ ਇੰਦੂ ਤੇ ਦਰਸ਼ਨਾ ਆਦਿ। ਲੇਖਿਕਾ ਰਮਨ ਦੇ ਦੂਜੇ ਵਿਆਹ ਦਾ ਵਰਨਣ ਕੁਝ ਵਿਸਥਾਰ ਨਾਲ ਕਰਦੀ ਹੈ ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਪੁਰਾਣੇ ਜਗੀਰੂ ਸੰਸਕਾਰ ਪੂਰੀ ਤਰ੍ਹਾਂ ਤੋੜੇ ਜਾ ਰਹੇ ਹਨ। ਰਮਨ, ਰਜਿੰਦਰ ਨੂੰ ਵਿਆਹ ਲਈ ਮਜਬੂਰ ਕਰਦੀ ਹੈ ਜਦੋਂ ਕਿ ਉਹ ਵੀ ਉਹਨੂੰ ਚਾਹੁੰਦਾ ਹੈ। ਉਹਨੇ ਉਡੀਕ-ਉਡੀਕ ਕੇ ਆਪਣੀ ਬਰਾਦਰੀ ਵਿਚ ਮੰਗਣਾ ਕਰਵਾ ਲਿਆ ਸੀ ਤੇ ਉਸਦਾ ਵਿਆਹ ਬੰਨ੍ਹ ਦਿੱਤਾ ਗਿਆ ਸੀ ਪ੍ਰੰਤੂ ਰਮਨ ਨਾਲ ਵਿਆਹ ਕਰਵਾਉਣ ਲਈ ਸਭ ਕੁਝ ਛੱਡ ਦਿੰਦਾ ਹੈ।

ਦੋਵੇਂ ਇੱਕ ਸਾਥੀ ਨੂੰ ਨਾਲ ਲੈ ਕੇ ਰਾਜਬੀਰ ਕੋਲ ਉਸਦੇ ਸਕੂਲ ਆ ਜਾਂਦੇ ਹਨ ਤੇ ਉਹਨੂੰ ਵਿਆਹ ਦੀ ਖਬਰ ਦੱਸ ਕੇ ਚਮਕੌਰ ਸਾਹਿਬ ਲਈ ਨਾਲ ਤੋਰ ਲੈਂਦੇ ਹਨ, ਜਿੱਥੇ ਗੁਰਦੁਆਰੇ ਵਿਚ ਉਹਨਾਂ ਦੇ ਵਿਆਹ ਦੀਆਂ ਸਾਰੀਆਂ ਰਸਮਾਂ ਹੁੰਦੀਆਂ ਹਨ। ਪ੍ਰੰਤੂ ਰਜਿੰਦਰ ਤੇ ਰਮਨ ਦੇ ਚਿਹਰਿਆਂ ਤੇ ਉਹ ਖ਼ੁਸ਼ੀ ਦਿਖਾਈ ਨਹੀਂ ਦਿੰਦੀ ਜਿਹੜੇ ਨਵੇਂ ਵਿਆਹਿਆ ਦੇ ਚਿਹਰੇ ਤੇ ਦਿਖਾਈ ਦੇਣੀ ਚਾਹੀਦੀ ਹੈ। ਵਿਆਹ ਕਰਵਾ ਕੇ ਰਮਨ ਤੇ ਰਜਿੰਦਰ ਬੰਬਈ ਚਲੇ ਜਾਂਦੇ ਹਨ। ਉੱਥੇ ਜਾ ਕੇ ਉਹ ਕਾਫੀ ਸਮੇਂ ਤੋਂ ਚਿੱਠੀ ਨਹੀਂ ਲਿਖਦੀ ਜਿਸ ਚਿੱਠੀ ਦੀ ਨਾਇਕਾ ਨੂੰ ਉਡੀਕ ਹੁੰਦੀ ਹੈ।

ਇਸੇ ਭਾਗ ਵਿਚ ਨਾਇਕਾ ਇੱਕ ਸੁਹਿਰਦ ਵਿਅਕਤੀ ਸਤਵੰਤ ਦੇ ਸੰਪਰਕ ਵਿਚ ਆਉਂਦੀ ਹੈ। ਦੋਨਾਂ ਵਿਚਕਾਰ ਆਪਸੀ ਸਾਂਝ ਹੁੰਦੀ ਹੈ, ਪ੍ਰੰਤੂ ਉਭਾਸਰ ਕੇ ਇਨ੍ਹਾਂ ਸੰਬੰਧਾਂ ਦਾ ਵਰਨਣ ਨਹੀਂ ਕੀਤਾ ਜਾਂਦਾ। ਕਾਫੀ ਸਮੇਂ ਉਪਰੰਤ ਰਮਨ ਅਚਾਨਕ ਰਾਜਬੀਰ ਨੂੰ ਮਿਲਣ ਆਉਂਦੀ ਹੈ। ਰਜਿੰਦਰ ਵੀ ਨਾਲ ਹੁੰਦਾ ਹੈ। ਉਹਨੇ ਇੱਕ ਬੱਚਾ ਚੁੱਕਿਆ ਹੁੰਦਾ ਹੈ ਅਤੇ ਰਮਨ ਮਾਂ ਬਣਨ ਵਾਲੀ ਹੁੰਦੀ ਹੈ। ਰਾਜਬੀਰ ਉਹਨਾਂ ਨੂੰ ਦੇਖ ਕੇ ਖੁਸ਼ ਵੀ ਹੁੰਦੀ ਹੈ ਅਤੇ ਉਨ੍ਹਾਂ ਦੀ ਕਾੱਲ੍ਹੀ ਤੇ ਟਕੋਰਾਂ ਵੀ ਲਾਉਂਦੀ ਹੈ। ਇਸ ਸਮੁੱਚੇ ਕਾਂਡ ਵਿਚ ਟੁੱਟ-ਚੁੱਕੇ ਜਗੀਰੂ ਸੰਸਕਾਰਾਂ ਤੇ ਉਸਰ ਰਹੇ ਨਵੇਂ ਮੱਧਵਰਗੀ ਸਦਾਚਾਰ ਦਾ ਵਰਨਣ ਹੁੰਦਾ ਹੈ।

3

ਨਾਵਲ ਦਾ ਦੂਜਾ ਭਾਗ ਤੇਜ਼ੀ ਨਾਲ ਉਸਰ ਰਹੇ ਬੁਰਜ਼ਵਾ ਸਮਾਜ ਦਾ ਵਰਨਣ ਕਰਦਾ ਹੈ, ਜਿਸ ਵਿਚ ਜਗੀਰੂ ਕਦਰਾਂ ਹੀ ਨਹੀਂ ਲਤਾੜੀਆਂ ਜਾ ਰਹੀਆਂ ਬਲਕਿ ਚਿਰ ਸਥਾਪਤ ਕਦਰਾਂ-ਕੀਮਤਾਂ ਵੀ ਲਿਤਾੜੀਆਂ ਜਾ ਰਹੀਆਂ ਹਨ। ਇਸ ਕਾਂਡ ਵਿਚ ਇੱਕ ਪਾਤਰ ਕਲਪਨਾ ਆਉਂਦੀ ਹੈ ਜਿਹੜੀ ਨਾਇਕਾ ਦੇ ਪਤੀ ਦੀ ਭਾਣਜੀ ਹੁੰਦੀ ਹੈ। ਇਹ ਸੋਲਾਂ-ਸਤਾਰਾਂ ਸਾਲ ਦੀ ਕੁੜੀ ਘਰੋਂ ਭੱਜ ਕੇ ਨਾਇਕਾ ਕੋਲ ਆ ਜਾਂਦੀ ਹੈ। ਨਾਇਕਾ ਨੇ ਉਸਨੂੰ ਬਹੁਤ ਛੋਟੀ ਨੂੰ ਤੱਕਿਆ ਹੁੰਦਾ ਹੈ। ਇਸ ਲਈ ਉਹਨੂੰ ਨਹੀਂ ਪਛਾਣਦੀ। ਕਲਪਨਾ ਬਹੁਤ ਫਰੈਂਕ ਤੇ ਫਾਰਵਰਡ ਹੈ। ਆਪਣੀ ਮਾਮੀ ਰਾਜਬੀਰ ਵਾਲੇ ਸੰਸਕਾਰਾਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਚੁੱਕੀ ਹੈ। ਉਹ ਰਾਜਬੀਰ ਨੂੰ ਆਪਣੇ ਬਾਰੇ ਦੱਸਦੀ ਹੈ ਕਿ ਘਰਦਿਆਂ ਤੋਂ ਚੋਰੀ

ਭੱਜ ਕੇ ਆਈ ਹੈ ਜਿਹੜੇ ਕਿ ਉਹਨੂੰ ਮਾਰਨਾ ਚਾਹੁੰਦੇ ਹਨ। ਉਹਦੇ ਮਾਂ-ਬਾਪ ਉਹਦੇ ਕੰਮਾਂ ਤੋਂ ਬਹੁਤ ਚਿੜ੍ਹੇ ਹੋਏ ਹੁੰਦੇ ਹਨ। ਉਹਨੂੰ ਪਹਿਲਾਂ ਕੁੱਟ ਮਾਰ ਕਰਦੇ ਹਨ, ਜਦੋਂ ਉਹ ਕਿਸੇ ਤਰ੍ਹਾਂ ਠੀਕ ਨਹੀਂ ਹੁੰਦੀ ਤਾਂ ਉਹਨੂੰ ਜ਼ਹਿਰ ਦੇ ਕੇ ਮਾਰਨ ਦਾ ਯਤਨ ਕਰਦੇ ਹਨ। ਪ੍ਰੰਤੂ ਕਲਪਨਾ ਆਪਣੀ ਛੋਟੀ ਭੈਣ ਭਾਵਨਾ ਕਾਰਨ ਬਚ ਜਾਂਦੀ ਹੈ ਜਿਹੜੀ ਉਹਨੂੰ ਜ਼ਹਿਰ ਬਾਰੇ ਦੱਸ ਦਿੰਦੀ ਹੈ।

ਕਲਪਨਾ ਆਪਣੇ ਸਮੁੱਚੇ ਜੀਵਨ ਬਾਰੇ ਨਾਇਕਾ ਨੂੰ ਬਹੁਤ ਵਿਸਥਾਰ ਨਾਲ ਦੱਸਦੀ ਹੈ। ਉਹ ਇਸਤਰੀਤਵ ਦੀਆਂ ਹੱਦਾਂ ਟੱਪ ਚੁੱਕੀ ਹੈ ਤੇ ਸੈਕਸ ਬਾਰੇ ਬਿਨਾਂ ਕਿਸੇ ਕੰਪਲੈਕਸ ਦੇ ਵਰਨਣ ਕਰਦੀ ਹੈ। ਰਾਜਬੀਰ ਅੰਦਰ ਹਾਲੇ ਜਗੀਰੂ ਸੰਸਕਾਰ ਖ਼ਤਮ ਨਹੀਂ ਹੋਏ ਹੁੰਦੇ ਉਹ ਦੰਗ ਰਹਿ ਜਾਂਦੀ ਹੈ। ਕਲਪਨਾ ਦੱਸਦੀ ਹੈ ਕਿ ਉਸਨੂੰ ਸੈਕਸ ਦੇ ਮੁੱਢਲੇ ਸਬਕ ਉਸਦੇ ਮਾਮੇ ਭਾਵ ਰਾਜਬੀਰ ਦੇ ਪਤੀ ਨੇ ਪੜ੍ਹਾਏ ਹੁੰਦੇ ਹਨ। ਉਸਤੋਂ ਬਾਅਦ ਉਹ ਨਿਝੱਕ ਹੋ ਜਾਂਦੀ ਹੈ। ਕਿਸੇ ਨਾਲ ਵੀ ਕਿਸੇ ਥਾਂ ਵੀ ਸੈਕਸ ਕਰਨ ਨੂੰ ਗੁਨਾਹ ਨਹੀਂ ਸਮਝਦੀ। ਕਲਪਨਾ ਵਿਸਥਾਰ ਨਾਲ ਆਪਣੇ ਮਾਮੇ ਅਰਥਾਤ ਰਾਜਬੀਰ ਦੇ ਪਤੀ ਦਾ ਘਿਨੌਣਾ ਕਿਰਦਾਰ ਖੋਲ੍ਹ ਕੇ ਦੱਸਦੀ ਹੈ। ਉਸਦੇ ਕਲਪਨਾ ਦੀ ਵੱਡੀ ਭੈਣ, ਜੋ ਵਿਆਹੀ ਜਾ ਚੁੱਕੀ ਹੈ, ਨਾਲ ਵੀ ਸੈਕਸ ਸੰਬੰਧ ਸਨ। ਹੁਣ ਉਹ ਭਾਵਨਾ ਨਾਲ ਵੀ ਅਜਿਹਾ ਕਰਨਾ ਚਾਹੁੰਦਾ ਹੈ। ਕਲਪਨਾ ਦੀ ਗੱਲਬਾਤ ਤੋਂ ਇਹ ਵੀ ਸੰਕੇਤ ਮਿਲਦੇ ਹਨ ਕਿ ਸ਼ਾਇਦ ਉਸਦੇ ਆਪਣੀ ਭੈਣ ਅਰਥਾਤ ਕਲਪਨਾ ਦੀ ਮਾਂ ਨਾਲ ਹੀ ਅਜਿਹੇ ਸੰਬੰਧ ਹਨ। ਇਉਂ ਉਹ ਭੈਣ-ਭਰਾ ਦੇ ਰਿਸ਼ਤੇ ਦੀਆਂ ਮੁੱਢਲੀਆਂ ਕੰਧਾਂ ਢਾਹੁਣ ਬਾਰੇ ਦੱਸਦੀ ਹੈ।

ਕਲਪਨਾ ਆਪਣੇ ਇੱਕ ਗੁਆਂਢੀ ਮੁੰਡੇ ਸਨੇਹਪਾਲ ਨੂੰ ਪਿਆਰ ਕਰਦੀ ਹੈ ਅਤੇ ਉਸ ਨਾਲ ਪਤੀ-ਪਤਨੀ ਵਾਲਾ ਰਿਸ਼ਤਾ ਜੋੜ ਚੁੱਕੀ ਹੈ। ਉਹ ਸ਼ਾਇਦ ਕਿਸੇ ਹੋਰ ਜ਼ਾਤ ਦਾ ਹੈ ਪਰ ਕਲਪਨਾ ਦੇ ਘਰ ਦੇ ਉਸਨੂੰ ਅਜਿਹਾ ਕਰਨ ਤੋਂ ਰੋਕਦੇ ਹਨ। ਇਸ ਕਾਰਨ ਕਲਪਨਾ ਦਾ ਪਿਤਾ ਜਲੰਧਰ ਤੋਂ ਆਪਣੀ ਬਦਲੀ ਰਾਜਪੁਰੇ ਕਰਵਾ ਲੈਂਦਾ ਹੈ ਤੇ ਕਲਪਨਾ ਦੀ ਕੁੱਟ ਮਾਰ ਵੀ ਕਰਦਾ ਹੈ ਪ੍ਰੰਤੂ ਉਹ ਆਪਣੇ ਫੈਸਲੇ ਤੇ ਬਜ਼ਿੱਦ ਰਹਿੰਦੀ ਹੈ। ਜਦੋਂ ਕਿ ਸਨੇਹਪਾਲ ਦੇ ਮਾਪੇ ਸਨੇਹਪਾਲ ਦਾ ਵਿਆਹ ਕਲਪਨਾ ਨਾਲ ਕਰਨ ਨੂੰ ਤਿਆਰ ਹੁੰਦੇ ਹਨ। ਘਰੋਂ ਭੱਜ ਕੇ ਕਲਪਨਾ ਜਿੱਥੇ ਆਪਣੀ ਜਾਨ ਬਚਾਉਣਾ ਚਾਹੁੰਦੀ ਹੈ ਉੱਥੇ ਸਨੇਹਪਾਲ ਕੋਲ ਵੀ ਜਾਣਾ ਚਾਹੁੰਦੀ ਹੈ। ਰਾਜਬੀਰ ਡੂੰਘੀ ਤਰ੍ਹਾਂ ਪਰੇਸ਼ਾਨ ਹੈ। ਉਹ ਅਜਿਹੀ ਕੁੜੀ ਦਾ ਕੀ ਕਰੇ? ਉਸਦੇ ਜੀਵਨ ਵਿਚ ਅਸਥਿਤਰਤਾ ਹੈ। ਪਤਾ ਨਹੀਂ ਇਹ ਅਸਥਿਰਤਾ ਉਸਨੂੰ ਕਿੱਥੇ ਲੈ ਜਾਵੇ? ਗੱਲਬਾਤ ਵਿਚ ਕਲਪਨਾ ਰਾਜਬੀਰ ਨੂੰ ਸਪੱਸ਼ਟ ਦੱਸਦੀ ਹੈ ਕਿ ਉਹ ਜਿਉਣ ਲਈ ਕੁਝ ਵੀ ਕਰ ਸਕਦੀ ਹੈ ਪਰ ਮਰਨਾ ਨਹੀਂ ਚਾਹੁੰਦੀ। ਉਹ ਕਹੇ "ਕੁਝ" ਦੇ ਅਰਥ ਬਹੁਤ ਵਿਸ਼ਾਲ ਹਨ ਜਿਨ੍ਹਾਂ ਬਾਰੇ ਰਾਜਬੀਰ ਸੋਚ ਵੀ ਨਹੀਂ ਸਕੀ ਸੀ। ਰਾਜਬੀਰ ਦੇ ਸਕੂਲ ਜਾਣ ਪਿੱਛੋਂ ਉਹ ਗੁਆਂਢੀ ਮੁੰਡੇ ਨਾਲ ਵੀ ਸੈਕਸ ਕਰ



ਲੈਂਦੀ ਹੈ ਤੇ ਰਾਜਬੀਰ ਨੂੰ ਵੀ ਦੱਸ ਦਿੰਦੀ ਹੈ। ਕਲਪਨਾ ਨੂੰ ਰਾਜਬੀਰ ਜਲੰਧਰ ਭੇਜ ਦਿੰਦੀ ਹੈ ਤਾਂ ਕਿ ਉਹ ਜਾ ਕੇ ਸਨੇਹਪਾਲ ਬਾਰੇ ਪਤਾ ਕਰ ਸਕੇ।

ਇਸ ਭਾਗ ਵਿਚ ਬੁਰਜਵਾ ਸੰਸਕਾਰਾਂ ਅਧੀਰ ਆ ਰਹੇ ਸਦਾਚਾਰ ਦਾ ਵਰਨਣ ਕੀਤਾ ਹੈ। ਜਿੱਥੇ ਸਾਧਾਰਨ ਕਦਰਾਂ-ਕੀਮਤਾਂ ਹੀ ਨਹੀਂ ਟੁੱਟਦੀਆਂ ਬਲਕਿ ਗੰਭੀਰ ਸੋਚ ਪਿੱਛੋਂ ਬਣਾਏ ਪਵਿੱਤਰ ਰਿਸ਼ਤੇ ਵੀ ਤੋੜੇ ਜਾ ਰਹੇ ਨੇ। ਜਿੱਥੇ ਨਾਇਕਾ ਬੁਰਜ਼ਵਾ ਸਦਾਚਾਰ ਬਾਰੇ ਗੱਲ ਕਰਦੀ ਹੈ ਉੱਥੇ ਨਿੱਘਰ ਚੁੱਕੇ ਆਪਣੇ ਪਸ਼ੂ ਪਤੀ ਦਾ ਕਿਰਦਾਰ ਵੀ ਕਲਪਨਾ ਰਾਹੀਂ ਬਿਆਨ ਕਰਵਾਉਂਦੀ ਹੈ। ਨਾਇਕਾ ਆਪਣੇ ਪਤੀ ਨਾਲ ਰਿਸ਼ਤੇ ਦਾ ਵਾਚਕ ਸੰਬੋਧਨ "ਮਾਮੀ" ਨੂੰ ਵੀ ਨਫ਼ਰਤ ਕਰਦੀ ਹੈ ਅਤੇ ਕਲਪਨਾ ਨੂੰ ਕਹਿੰਦੀ ਹੈ ਕਿ ਉਹ ਉਸਨੂੰ ਮਾਮੀ ਨਾ ਕਹੇ ਹੋਰ ਕੁਝ ਵੀ ਕਹਿ ਲਵੇ। ਕਲਪਨਾ ਤੁਰੰਤ ਮੰਨ ਜਾਂਦੀ ਹੈ ਅਤੇ ਆਂਟੀ ਕਹਿਣ ਲੱਗ ਜਾਂਦੀ ਹੈ। ਜਲੰਧਰ ਜਾ ਕੇ ਕਲਪਨਾ ਸਨੇਹ ਨੂੰ ਮਿਲ ਪੈਂਦੀ ਹੈ ਤੇ ਦੋਨੋਂ ਵਿਆਹ ਕਰਵਾਉਣ ਦਾ ਫੈਸਲਾ ਕਰ ਲੈਂਦੇ ਹਨ ਤੇ ਨਾਇਕਾ ਇੱਕ ਵਾਰ ਉਸ ਵਲੋਂ ਨਿਸ਼ਚਿੰਤ ਹੋ ਜਾਂਦੀ ਹੈ। ਬੇਸ਼ੱਕ ਉਹਦੇ ਮਨ ਅੰਦਰ ਫੇਰ ਸਾਰੇ ਸ਼ੰਕੇ ਉਸਦੇ ਜੀਵਨ ਬਾਰੇ ਹੁੰਦੇ ਹਨ। ਨਾਇਕਾ ਇਹ ਵੀ ਦੱਸਦੀ ਹੈ ਕਿ ਮਨੁੱਖ ਨੂੰ ਬਦਲਣ ਵਿਚ ਪ੍ਰਸਥਿਤੀਆਂ ਦਾ ਅਹਿਮ ਰੋਲ ਹੈ। ਉਸਦਾ ਪਤੀ ਬੇਸ਼ੱਕ ਪਹਿਲਾਂ ਹੀ ਵਿਭਚਾਰੀ ਸੀ ਪ੍ਰੰਤੂ ਇੰਗਲੈਂਡ ਜਾ ਕੇ ਬੁਰਜਵਾ ਸਮਾਜ ਵਿਚ ਵਿਚਰ ਕੇ ਆਪਣੇ ਵਿਭਚਾਰ ਦੇ ਦਰੁਸਤ ਹੋਣ ਦਾ ਸਰਟੀਫਿਕੇਟ ਪ੍ਰਾਪਤ ਕਰ ਲੈਂਦਾ ਹੈ।

**4**

ਤੀਜੇ ਭਾਗ ਵਿਚ ਲੇਖਿਕਾ ਸਮਾਂ ਵਿਹਾ ਚੁੱਕੇ ਜਗੀਰੂ ਸਮਾਜ ਦੇ ਚੱਜ-ਅਚਾਰ ਦਾ ਵਰਨਣ ਕਰਦੀ ਹੈ। ਨਾਇਕਾ ਰਾਜਬੀਰ ਪਿੰਡ ਵਿਚ ਜੰਮੀ-ਪਲੀ ਤੇ ਵੱਡੀ ਹੋਈ ਹੈ। ਉਹ ਹਾਲੇ ਵੀ ਜਗੀਰੂ ਵਿਚਾਰਾਂ ਤੋਂ ਪੂਰਨ ਤੌਰ 'ਤੇ ਮੁਕਤ ਨਹੀਂ ਸੀ ਕਿਉਂਕਿ ਹਾਲੇ ਵੀ ਉਹਦੀਆਂ ਜੜ੍ਹਾਂ ਪਿੰਡ ਵਿਚ ਹਨ। ਪਿੰਡ ਵਿਚ ਉਹਦੀ ਮਾਂ ਹੈ, ਭਰਾ-ਭਰਜਾਈਆਂ ਹਨ, ਜਿਨ੍ਹਾਂ ਨਾਲ ਨਾਇਕਾ ਦੀਆਂ ਸਨੇਹ ਦੀਆਂ ਤੰਦਾਂ ਜੁੜੀਆਂ ਹੋਈਆਂ ਹਨ। ਇਸ ਲਈ ਉਹਨਾਂ ਦੀ ਖਿੱਚੀ ਪਿੰਡ ਜਾਂਦੀ ਹੈ। ਬੇਸ਼ੱਕ ਨੌਕਰੀ ਉਹਦੀ ਮਜਬੂਰੀ ਹੈ ਤੇ ਉਹਨੂੰ ਛੱਡ ਕੇ ਜਾਣਾ ਵੀ ਮੁਸ਼ਕਿਲ ਹੈ ਪਰ ਆਪਣੇ ਪਰਿਵਾਰ ਨਾਲੋਂ ਸਭ ਤੋਂ ਵੱਧ ਪਿਆਰ ਉਸਨੂੰ ਆਪਮੀ ਭੂਆ ਗੁਲਾਬ ਕੌਰ ਨਾਲ ਹੈ। ਅਸਲ ਵਿਚ ਇਹ ਕਾਂਡ ਸਿਖ਼ਰ ਤੇ ਚੜ੍ਹੀਆਂ ਜਗੀਰੂ ਕਦਰਾਂ ਅਨੁਸਾਰ ਭੂਆ ਗੁਲਾਬ ਕੌਰ ਦੇ ਜੀਵਨ ਦਾ ਵਰਨਣ ਹੈ।

ਨਾਇਕਾ ਦਾ ਆਪਣਾ ਘਰ ਕਿਸੇ ਸਮੇਂ ਖਾਂਦੇ-ਪੀਂਦੇ ਜੱਟਾਂ ਦਾ ਸੀ। ਜਿਸ ਵਿਚ ਉਸਦੀ ਭੂਆ ਰਹੀ ਸੀ ਤੇ ਵਿਆਹ ਕੇ ਦੂਜੇ ਪਿੰਡ ਗਈ ਸੀ। ਭੂਆ ਗੁਲਾਬ ਕੌਰ ਸਰੀਰਕ ਤੌਰ 'ਤੇ ਅਤੇ ਮਾਨਸਿਕ ਤੌਰ 'ਤੇ ਚੰਗੀਆਂ ਜਗੀਰੂ ਕਦਰਾਂ ਦੀ ਪ੍ਰਤੀਨਿਧ ਪਾਤਰ ਹੈ। ਉਹ ਬਹੁਤ ਸੋਹਣੀ ਹੁੰਦੀ ਹੈ। ਉਸਦਾ ਹਾਣੀ ਜਿਹੜਾ ਮਾਪਿਆਂ ਦਾ ਇਕਲੌਤਾ ਪੁੱਤਰ

ਹੁੰਦਾ ਹੈ, ਦੇਖਣਾ-ਪਾਖਣਾ ਗੱਭਰੂ ਸੀ ਤੇ ਗੁਲਾਬ ਕੌਰ ਨੂੰ ਬੇਹੱਦ ਪਿਆਰ ਕਰਦਾ ਸੀ। ਉਹ ਥੋੜ੍ਹਾ ਚਿਰ ਬਿਮਾਰੀ ਹੋ ਕੇ ਚਲਾਣਾ ਕਰ ਜਾਂਦਾ ਹੈ। ਗੁਲਾਬ ਕੌਰ ਦੇ ਹਾਲੇ ਕੋਈ ਬੱਚਾ ਵੀ ਨਹੀਂ ਹੋਇਆ ਹੁੰਦਾ। ਉਹਦੀ ਸੱਸ ਲਈ ਪੁੱਤ ਦਾ ਜਾਣਾ ਬਹੁਤ ਭਾਰੀ ਸਦਮਾ ਹੁੰਦਾ ਹੈ। ਕਿਉਂਕਿ ਪੁੱਤ ਜਾਣਦੇ ਅਰਥ ਨੂੰਹ ਦਾ ਜਾਣਾ ਤੇ ਸਮੁੱਚੇ ਘਰ ਦਾ ਜਾਣਾ ਹੁੰਦਾ ਹੈ। ਗੁਲਾਬ ਕੌਰ ਦੇ ਨਾ ਹੋਣ ਕਾਰਨ ਜ਼ਮੀਨ ਸ਼ਰੀਕਾਂ ਨੇ ਦੱਬ ਲੈਣੀ ਸੀ ਤੇ ਬੁੜ੍ਹੀ ਲਈ ਜਿਉਣਾ ਦੁੱਭਰ ਹੋ ਜਾਣਾ ਸੀ। ਇਸ ਲਈ ਛੋਟੀ ਉਮਰ ਹੋਣ ਤੇ ਵੀ ਗੁਲਾਬ ਕੌਰ ਆਪਣੇ ਸਹੁਰੇ ਘਰ ਹੀ ਰਹਿੰਦੀ ਹੈ। ਉਹਦੀ ਸੱਸ ਧੜੱਲੇਦਾਰ ਬੁੜ੍ਹੀ ਹੁੰਦੀ ਹੈ। ਇਸਦੇ ਬਾਵਜੂਦ ਵੀ ਸ਼ਰੀਕ ਉਹਨਾਂ ਦੀ ਜ਼ਮੀਨ ਦੱਬਣ ਦਾ ਯਤਨ ਕਰਦੇ ਹਨ। ਗੁਲਾਬ ਕੌਰ ਦਾ ਭਰਾ ਜ਼ਮੀਨ ਦੇ ਝਗੜੇ ਵਿਚ ਮਾਰਿਆ ਜਾਂਦਾ ਹੈ। ਉਹ ਪਿੱਛੇ ਪਤਨੀ ਤੇ ਬੱਚੀ ਛੱਡ ਜਾਂਦਾ ਹੈ। ਗੁਲਾਬ ਕੌਰ ਲਈ ਦੂਹਰਾ ਸੰਕਟ ਖੜ੍ਹਾ ਹੋ ਜਾਂਦਾ ਹੈ। ਪਹਿਲਾਂ ਜਿੱਥੇ ਸੱਸ ਨੂੰ ਸਾਂਭਣ ਦਾ ਮਸਲਾ ਸੀ ਉੱਥੇ ਹੁਣ ਵਿਧਵਾ ਭਰਜਾਈ ਤੇ ਯਤੀਮ ਭਤੀਜੀ ਦਾ ਮਸਲਾ ਖੜ੍ਹਾ ਹੋ ਜਾਂਦਾ ਹੈ। ਗੁਲਾਬ ਕੌਰ ਆਪਣਾ ਸਾਰਾ ਜੀਵਨ ਆਪਣੀ ਸੱਸ ਅਤੇ ਭਰਾ ਦੇ ਟੱਬਰ ਦੀ ਸੰਭਾਲ ਵਿਚ ਲਾ ਦਿੰਦੀ ਹੈ। ਉਹ ਆਪਣਾ ਜੀਵਨ ਤੇ ਜੋਬਨ ਜਗੀਰੂ ਸਦਾਚਾਰ ਦੇ ਲੇਖੇ ਲਾ ਦਿੰਦੀ ਹੈ। ਉਹਦਾ ਦੂਜਾ ਵਿਆਹ ਸੰਭਵ ਸੀ ਪਰ ਜਗੀਰੂ ਸਦਾਚਾਰ ਇਸਦੀ ਆਗਿਆ ਨਹੀਂ ਸੀ ਦਿੰਦਾ ਪ੍ਰੰਤੂ ਗੁਲਾਬ ਕੌਰ ਸਾਰਾ ਜੀਵਨ ਦਵੰਦ ਵਿਚ ਕੱਟਦੀ ਹੈ। ਇੱਕ ਪਾਸੇ ਸਦਾਚਾਰਕ ਜ਼ਿੰਮੇਵਾਰੀਆਂ ਉਸ ਤੋਂ ਕੁਰਬਾਨੀ ਮੰਗਦੀਆਂ ਹਨ, ਦੂਜੇ ਪਾਸੇ ਉਹਨੂੰ ਆਪਣਾ ਜੀਵਨ ਨਿਰਾਰਥਕ ਜਾਂਦਾ ਜਾਪਦਾ ਹੈ। ਇਸੇ ਦਵੰਧ ਵਿਚ ਹੀ ਉਹ ਜੀਵਨ ਦਾ ਤਕੜਾ ਹਿੱਸਾ ਕੱਟ ਦਿੰਦੀ ਹੈ। ਤਕਰੀਬਨ ਇਹੋ ਜਿਹੀ ਸਥਿਤੀ ਨਾਵਲ ਦੀ ਨਾਇਕਾ ਰਾਜਬੀਰ ਦੀ ਹੁੰਦੀ ਹੈ। ਉਹ ਲੰਮੇ ਸਮੇਂ ਤੋਂ ਪਤੀ ਨਾਲੋਂ ਅੱਡ ਰਹਿ ਰਹੀ ਹੁੰਦੀ ਹੈ। ਹੁਣ ਉਹ ਉਸ ਨਾਲ ਰਹਿ ਵੀ ਨਹੀਂ ਸਕਦੀ ਤੇ ਉਸਨੂੰ ਭੁੱਲ ਵੀ ਨਹੀਂ ਸਕਦੀ। ਇਸ ਤਰ੍ਹਾਂ ਉਹਦਾ ਜੀਵਨ ਵੀ ਨਿਰਾਰਥਕ ਬੀਤ ਰਿਹਾ ਹੁੰਦਾ ਹੈ, ਪ੍ਰੰਤੂ ਭੂਆ ਤੇ ਭਤੀਜੀ ਦੇ ਸੰਸਕਾਰਾਂ ਤੇ ਪ੍ਰਸਥਿਤੀਆਂ ਦਾ ਅੰਤਰ ਹੈ। ਗੁਲਾਬ ਕੌਰ ਵੇਲੇ ਜਗੀਰੂ ਸੰਸਕਾਰ ਚੜ੍ਹਤ ਵਿਚ ਸਨ ਤੇ ਹਾਲੇ ਕਿਤੇ ਤਿੜਕੇ ਵੀ ਨਹੀਂ ਸਨ। ਇਸ ਲਈ ਉਨ੍ਹਾਂ ਅੱਗੇ ਝੁਕ ਕੇ ਗੁਲਾਬ ਕੌਰ ਨੂੰ ਉਹੋ ਜਿਹਾ ਜੀਵਨ ਜਿਉਣਾ ਪਿਆ। ਪ੍ਰੰਤੂ ਉਸਦੀ ਭਤੀਜੀ ਨਾਇਕਾ ਦੇ ਸਮੇਂ ਪ੍ਰਸਥਿਤੀਆਂ ਬਹੁਤ ਬਦਲ ਚੁੱਕੀਆਂ ਹਨ। ਜਗੀਰੂ ਸੰਸਕਾਰਾਂ ਦਾ ਅਮਲੀ ਤੌਰ ਤੇ ਖ਼ਾਤਮਾ ਹੋ ਚੁੱਕਿਆ ਸੀ। ਤੇ ਉਸਦੀ ਥਾਂ ਪੈਟੀ ਬੁਰਜਵਾ ਤੇ ਬੁਰਜ਼ਵਾ ਸਦਾਚਾਰ ਵਿਕਾਸ ਕਰ ਰਿਹਾ ਹੈ। ਜਿਵੇਂ ਲੇਖਿਕਾ ਪਿਛਲੇ ਦੋ ਭਾਗਾਂ ਵਿਚ ਵਰਨਣ ਕਰ ਚੁੱਕੀ ਹੈ।

ਭੂਆ ਗੁਲਾਬ ਕੌਰ ਦਾ ਜਗੀਰੂ ਸੰਸਕਾਰਾਂ ਤੋਂ ਮੋਹ ਭੰਗ ਹੋ ਚੁੱਕਿਆ ਹੈ। ਉਹ ਆਪਣੇ ਜੀਵਨ ਨੂੰ ਨਿਰਾਰਥਕ ਸਮਝਦੀ ਹੈ। ਉਸਦੀ ਦਿਲੀ ਇੱਛਾ ਹੁੰਦੀ ਹੈ ਕਿ ਉਸਦੀ ਭਤੀਜੀ ਰਾਜਬੀਰ ਦਾ ਜੀਵਨ ਨਿਰਾਰਥਕ ਨਾ ਜਾਵੇ ਅਤੇ ਉਹ ਆਪਣਾ ਕੋਈ ਹਾਣੀ



ਭਾਲ ਕੇ ਜੀਵਨ ਮੁੜ ਤੋਂ ਜਿਉਣਾ ਆਰੰਭ ਕਰ ਦੇਵੇ। ਭੂਆ ਗੁਲਾਬ ਕੌਰ ਕੁਝ ਸਮਾਂ ਸ਼ਹਿਰ ਵਿਚ ਰਾਜਬੀਰ ਕੌਰ ਕੋਲ ਰਹਿ ਕੇ ਗਈ ਹੈ, ਉਸਨੂੰ ਸਤਵੰਤ ਇੱਕ ਚੰਗਾ ਵਿਅਕਤੀ ਜਾਪਦਾ ਹੈ ਤੇ ਉਹ ਰਾਜਬੀਰ ਅਤੇ ਸਤਵੰਤ ਦੀ ਆਪਸੀ ਸਾਂਝ ਨੂੰ ਅਨੁਭਵ ਕਰਦੀ ਹੈ। ਉਸਦੀ ਦਿਲੀ ਇੱਛਾ ਹੈ ਕਿ ਇਹ ਦੋਨੋਂ ਜੀਵਨ ਸਾਥੀ ਬਣਕੇ ਸੁਖੀ ਜੀਵਨ ਜਿਉਣ।

ਤੀਜੇ ਭਾਗ ਵਿਚ ਗੁਲਾਬ ਕੌਰ ਦਾ ਜੀਵਨ ਵਰਨਣ ਤੇ ਪਹਿਲੇ ਭਾਗਾਂ ਵਿਚ ਨਵੇਂ ਉਸਰ ਰਹੇ ਸਮਾਜ ਦਾ ਵਰਨਣ ਕਰਕੇ ਅਸਲ ਵਿਚ ਲੇਖਿਕਾ ਤੁਲਨਾਤਮਿਕ ਅਧਿਐਨ ਪੇਸ਼ ਕਰਕੇ ਦੱਸਦੀ ਹੈ ਕਿ ਜਗੀਰੂ ਸਮਾਜ ਨਿੱਘਰ ਚੁੱਕਿਆ ਹੈ ਅਤੇ ਇਸ ਗੱਲ ਦੀ ਪੁਸ਼ਟੀ ਕਿਸੇ ਸਮੇਂ ਜਗੀਰੂ ਸੰਸਕਾਰਾਂ ਦੀ ਆਲੰਬਰਦਾਰ ਰਹੀ ਭੂਆ ਗੁਲਾਬ ਕੌਰ ਤੋਂ ਕਰਵਾਉਂਦੀ ਹੈ। ਇਸ ਤਰ੍ਹਾਂ ਲੇਖਿਕਾ ਇਸ ਨਾਵਲ ਵਿਚ ਸਮੁੱਚੇ ਸਮਾਜ ਦਾ ਵਿਸ਼ਲੇਸ਼ਣ ਕਰਕੇ ਰੂੜ੍ਹੀਵਾਦੀ ਕੀਮਤ ਨੂੰ ਰੱਦ ਕਰਦੀ ਹੈ ਤੇ ਮਨੁੱਖੀ ਜੀਵਨ ਜਿਉਣ ਦਾ ਪੱਖ ਪੂਰਦੀ ਹੈ।

ਨਾਵਲ ਵਿਚ ਬੇਸ਼ੱਕ ਨਾਇਕਾ ਸਤਵੰਤ ਨਾਲ ਵਿਆਹ ਤਾਂ ਨਹੀਂ ਕਰਵਾਉਂਦੀ ਪਰ ਭੂਆ ਨੂੰ ਪਿੰਡ ਵਿਚ ਮਿਲਣ ਉਪਰੰਤ ਉਹ ਦਵੰਦ ਵਿਚੋਂ ਨਿਕਲ ਜਾਂਦੀ ਹੈ ਤੇ ਸਤਵੰਤ ਨਾਲ ਵਿਆਹ ਕਰਵਾਉਣ ਲਈ ਦ੍ਰਿੜ ਹੋ ਜਾਂਦੀ ਹੈ। ਇਹ ਨਵੀਆਂ ਕੀਮਤਾਂ ਤੇ ਨਵੇਂ ਵਿਚਾਰਾਂ ਦੀ ਜਿੱਤ ਹੈ।

ਮੇਰੀ ਸੋਚ ਅਨੁਸਾਰ ਬਲਜੀਤ ਕੌਰ ਬੱਲੀ ਦਾ ਨਾਵਲ 'ਧੁੱਪ ਦੀ ਵਾਟ' ਵਿਸ਼ੇ ਤੇ ਪੇਸ਼ਕਾਰੀ ਅਨੁਸਾਰ ਬੱਲੀ ਦੇ ਆਪਣੇ ਨਾਵਲਾਂ ਵਿਚੋਂ ਹੀ ਉੱਤਮ ਨਹੀਂ ਬਲਕਿ ਪੰਜਾਬ ਦੇ ਉੱਚਤਮ ਤੇ ਚੇਤੰਨ ਨਾਵਲਾਂ ਵਿਚੋਂ ਇੱਕ ਹੈ, ਜਿਹੜਾ ਆਪਣੇ ਸਮੇਂ ਦੇ ਦਵੰਦਾਂ ਤੇ ਵਿਕਾਸ ਨੂੰ ਪੇਸ਼ ਕਰਦਾ ਹੈ। • ਘੋਲੀਆ ਕਲਾਂ, ਜ਼ਿਲ੍ਹਾ ਮੋਗਾ

## ਹਰਭਜਨ ਸਿੰਘ ਹੁੰਦਲ ਦੀਆਂ 2007 ਵਿਚ ਛਪੀਆਂ ਪੁਸਤਕਾਂ

1. ਰੂਸ ਦੇ ਗਦਰੀ ਬਾਬੇ - ਪੰਨੇ 56, ਮੁੱਲ 40/- ਕੁਕਨੁਸ ਪ੍ਰਕਾਸ਼ਨ, ਬੱਸ ਅੱਡਾ ਜਲੰਧਰ।
2. ਸਾਹਿਤਕ ਸਵੈ-ਜੀਵਨੀ, ਪੰਨੇ 180, ਮੁੱਲ 150/- ਪੰਜਾਬੀ ਯੂਨੀਵਰਸਿਟੀ, ਪਟਿਆਲਾ
3. ਨਾਜ਼ਿਮ ਹਿਕਮਤ - ਚੋਣਵੀਂ ਕਵਿਤਾ, ਪੰਨੇ 295, ਮੁੱਲ 350/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ
4. ਸੰਨ ਸੰਤਾਲੀ ਦੇ ਦਿਨ (ਯਾਦਾਂ) ਪੰਨੇ 127, ਮੁੱਲ 175/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ
5. ਨਜ਼ਰਬੰਦੀ ਦੇ ਦਿਨ (ਯਾਦਾਂ) ਪੰਨੇ 176, ਮੁੱਲ 250/- ਮਨਪ੍ਰੀਤ ਪ੍ਰਕਾਸ਼ਨ, ਗੀਤਾ ਕਾਲੋਨੀ, 16/16, ਦਿੱਲੀ-31

## ਪੁਸਤਕ ਪ੍ਰਾਪਤੀ

1. ਬੌਣੇ (ਕਹਾਣੀਆਂ) ਬੀ. ਐਸ. ਬੀਰ, ਪੰਨੇ 168 ਮੁੱਲ 165/- ਆਰਸੀ ਪਬਲਿਸ਼ਰਜ਼ ਦਿੱਲੀ
2. 1857 ਤੇ ਸਿੱਖ (ਸੰਪਾਦਨ) ਸੁਖਦਰਸ਼ਨ ਨੱਤ, ਪੰਨੇ 52, ਮੁੱਲ 20/- ਰੈਡੀਕਲ ਪ੍ਰਕਾਸ਼ਨ, ਮਾਨਸਾ
3. ਰੂਸ ਦੇ ਗਦਰੀ ਬਾਬੇ (ਦਸੰਬਰੀਏ) ਹਰਭਜਨ ਸਿੰਘ ਹੁੰਦਲ, ਪੰਨੇ 56, ਮੁੱਲ 40/- ਕੁਕਨੂਸ ਪ੍ਰਕਾਸ਼ਨ, ਜਲੰਧਰ
4. ਸਮਿਆਂ ਦੇ ਵਹਿਣ (ਯਾਦਾਂ) ਜੰਗ ਬਹਾਦਰ ਘੁੰਮਣ, ਪੰਨੇ 96, ਮੁੱਲ 100/- ਕੁਕਨੂਸ ਪ੍ਰਕਾਸ਼ਨ, ਜਲੰਧਰ
5. ਪੰਧ ਲੰਮੇਰੇ (ਗ਼ਜ਼ਲਾਂ) ਹੰਸ ਰਾਜ ਬੈਂਸ, ਸਫ਼ੇ 112, ਮੁੱਲ 90/- ਨਵੀਨ ਪ੍ਰਕਾਸ਼ਨ ਅੰਮ੍ਰਿਤਸਰ
6. ਖੂਹ ਦੀਆਂ ਟਿੰਡਾਂ (ਗੀਤ) ਸੁਖਦੇਵ ਬਿਸ਼ਨ ਕੋਟੀ, ਪੰਨੇ 80, ਮੁੱਲ 70/- ਨਵੀਨ ਪ੍ਰਕਾਸ਼ਨ ਅੰਮ੍ਰਿਤਸਰ
7. ਉਦਾਸ ਨਾ ਹੋ (ਗ਼ਜ਼ਲਾਂ) ਹਰਭਜਨ ਸਰਨਾ, ਪੰਨੇ 80, ਮੁੱਲ 40/- ਸੁਮੇਲ ਪ੍ਰਕਾਸ਼ਨ ਲੁਧਿਆਣਾ
8. ਚੌਰਸ ਗਲੋਬ (ਨਾਵਲ) ਸੁਸ਼ੀਲ ਰਹੇਜਾ, ਸਫ਼ੇ 93, ਮੁੱਲ 100/- ਚੇਤਨਾ ਪ੍ਰਕਾਸ਼ਨ ਲੁਧਿਆਣਾ
9. ਸਰਦਲ (ਗ਼ਜ਼ਲਾਂ) ਅਬਦੁਲ ਕਰੀਮ ਕੁਦਸੀ, ਪੰਜਾਬੀ ਰੂਪ ਡਾ. ਜਗਤਾਰ, ਪੰਨੇ 100, ਮੁੱਲ 100/- ਯੂਨੀਸਟਾਰ ਬੁਕਸ, ਚੰਡੀਗੜ੍ਹ
10. ਪੰਖੇਰੂ (ਬਾਲ ਕਾਵਿ-ਅੰਕ) ਲੇਖਕ ਅਮੀਨ ਖਿਆਲ ਸੰਪਾਦਕ ਅਸ਼ਰਫ ਸੁਹੇਲ, ਲਾਹੌਰ
11. ਦੁੱਖਾਂ ਭਰੀ ਪਰਾਤ (ਗੀਤ) ਮਸਊਦ ਚੌਧਰੀ, ਪੰਨੇ 232, ਮੁੱਲ 275/- ਮਕਤਬੀ ਰੌਸ਼ਨ ਖਿਆਲ, ਲਾਹੌਰ

## ਮੁਬਾਰਕਬਾਦ

ਅਦਾਰਾ ਚਿਰਾਗ਼ ਇਸ ਸਾਲ ਦੇ ਸਾਹਿਤ ਅਕਾਡਮੀ ਪੁਰਸਕਾਰ ਲਈ, ਪੰਜਾਬੀ ਕਵੀ ਜਸਵੰਤ ਦੀਦ ਨੂੰ ਉਸਦੇ ਕਾਵਿ-ਸੰਗ੍ਰਹਿ 'ਕਰਮੰਡਲ' ਦੇ ਚੁਣੇ ਜਾਣ ਉੱਤੇ ਮੁਬਾਰਕਬਾਦ ਦਿੰਦਾ ਹੈ।

ਅਦਾਰਾ ਚਿਰਾਗ਼



## .ਗ਼ਜ਼ਲ

ਬਾਬਾ ਨਜ਼ਮੀ

1\. ਮਸਜਦ ਮੇਰੀ ਤੂੰ ਕਿਉਂ ਢਾਹਵੇ, ਮੈਂ ਕਿਉਂ ਤੋੜਾਂ ਮੰਦਰ ਨੂੰ।
ਆ ਜਾ ਦੋਵੇਂ ਬਹਿ ਕੇ ਪੜ੍ਹੀਏ, ਇੱਕ ਦੂਜੇ ਦੇ ਅੰਦਰ ਨੂੰ।

ਸਦੀਆਂ ਵਾਂਗੂੰ ਅੱਜ ਵੀ ਕੁਝ ਨਹੀਂ ਜਾਣਾ ਮਸਜਦ ਮੰਦਰ ਦਾ,
ਲਹੂ ਤੇ ਤੇਰਾ ਮੇਰਾ ਲੱਗਣਾ, ਤੇਰੇ ਮੇਰੇ ਖੰਜਰ ਨੂੰ।

ਡੁੱਬੇ ਵਿਚ ਸਮੁੰਦਰ ਬੇੜੇ ਸਾਥੋਂ ਹਾਲੇ ਨਿਕਲੇ ਨਹੀਂ,
ਵੇਖੋ ਢੋਲ ਵਜਾ ਕੇ ਚੱਲੇ ਫੋਲਣ ਉਹਦੇ ਅੰਬਰ ਨੂੰ।

ਕਦੇ ਕਦੇ ਤੇ ਏਹੋ ਜਿਹੀ ਵੀ ਹਰਕਤ ਬੰਦਾ ਕਰਦਾ ਏ,
ਆਪਣਾ ਮੂੰਹ ਲੁਕਾਉਣਾ ਔਖਾ ਹੋ ਜਾਂਦਾ ਏ ਡੰਗਰ ਨੂੰ।

ਅਸਾਂ ਨਹੀਂ ਆਉਣਾ ਬਾਬਾ ਤੇਰਾ ਮੁੜ ਕੇ ਮੇਲੇ ਵੇਖਣ ਲਈ,
ਸ਼ਕਲਾਂ ਵੇਖ ਕੇ ਦੇਂਦੇ ਨੇ ਵਰਤਾਵੇ ਤੇਰੇ ਲੰਗਰ ਨੂੰ।

(ਮੇਰਾ ਨਾਂ ਇਨਸਾਨ 'ਚੋਂ)

2\. ਵਿਚ ਗੁਦਾਮਾਂ ਮਿੱਟੀ ਹੋਵੇ, ਮਸਲਾ ਸਾਰੀ ਦੁਨੀਆਂ ਦਾ।
ਫੁੱਲਾਂ ਦੀ ਖ਼ੁਸ਼ਬੂ ਬਣ ਜਾਵੇ, ਮਸਲਾ ਸਾਰੀ ਦੁਨੀਆਂ ਦਾ।

ਤੂੰਹੀਓਂ ਸ਼ਗਨ ਲਵਾ ਸਕਦਾ ਏਂ, ਰੱਬਾ ਮੇਰੀ ਸੱਧਰਾਂ ਨੂੰ,
ਨਾਲ ਮੁਹੱਬਤਾਂ ਭਰ ਦੇ ਦਿਲ ਦਾ ਕੋਠਾ ਸਾਰੀ ਦੁਨੀਆਂ ਦਾ।

ਕੋਈ ਵੀ ਦੀਨ ਧਰਮ ਨਾ ਪੁੱਛੇ, ਕਿੱਥੋਂ ਏ ਤੇ ਕੌਣ ਏਂ ਤੂੰ,
ਏਹੋ ਜਿਹਾ ਵੀ ਲੱਗੇ ਕਿਧਰੇ ਮੇਲਾ ਸਾਰੀ ਦੁਨੀਆਂ ਦਾ।

ਮੇਰੇ ਸੱਚ ਦਾ ਇੱਕ ਟਟਹਿਣਾ, ਅੱਲਾ ਦੀ ਸਹੁੰ ਲੁਕਣਾ ਨਹੀਂ,
ਭਾਵੇਂ ਕੱਠਾ ਹੋ ਕੇ ਆਵੇ, ਨੇਰਾ ਸਾਰੀ ਦੁਨੀਆਂ ਦਾ।

ਮੇਰੇ ਹਿੱਸੇ ਵਾਲੇ ਮੇਵੇ, ਕਿਹੜੀ ਜੂਹ ਵਿਚ ਲੱਗੇ ਨੇ
ਵੇਖ ਰਿਹਾ ਵਾਂ ਸਦੀਆਂ ਹੋਈਆਂ, ਨਕਸ਼ਾ ਸਾਰੀ ਦੁਨੀਆਂ ਦਾ।

ਮੇਰੇ ਇੱਕ-ਇੱਕ ਅੱਖਰ ਵਿਚੋਂ, ਫੁੱਟੇ ਲਾਟ ਮੁਹੱਬਤਾਂ ਦੀ,
ਮਿਸਰੇ ਮਿਸਰੇ ਵਿਚੋਂ ਲੱਭੇ, ਕਿੱਸਾ ਸਾਰੀ ਦੁਨੀਆਂ ਦਾ।

Chirag Quarterly Jan-Mar 2008
Registered with the Registrar of News-Papers of India No. PUN-PUN 0 2276/AL/TC94


# ਉਸਤਾਦ ਸ਼ਾਇਰ ਸੁਲੱਖਣ ਸਰਹੱਦੀ ਦਾ ਪੁਸਤਕ ਸੰਸਾਰ

1. ਤੀਜੀ ਅੱਖ ਦਾ ਜਾਦੂ (ਗਜ਼ਲ ਸੰਗ੍ਰਹਿ) ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
2. ਪੰਜ ਬਲਦੇ ਦਰਿਆ (ਗਜ਼ਲ ਸੰਗ੍ਰਹਿ) ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ
3. ਵਕਤ ਦੀ ਚੀਖ਼ (ਗੀਤ) ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ
4. ਪੰਜਾਬੀ ਗਜ਼ਲ-ਰੂਪ ਤੇ ਆਕਾਰ (ਅਲੋਚਨਾ) ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ
5. ਬਸਤੀ ਬਸਤੀ ਜੰਗਲ (ਗਜ਼ਲ ਸੰਗ੍ਰਹਿ) ਕੁਕਨੂਸ ਪ੍ਰਕਾਸ਼ਨ, ਜਲੰਧਰ
6. ਉੱਚਾ ਬੁਰਜ ਲਾਹੌਰ ਦਾ (ਯੁੱਧ ਬੋਲ) ਪ੍ਰਗੀਤ ਪ੍ਰਕਾਸ਼ਨ, ਮੁਹਾਲੀ
7. ਸੰਪੂਰਨ ਪਿੰਗਲ ਤੇ ਅਰੂਜ਼ ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
8. ਬੇੜੀਆਂ ਦਾ ਪੁਲ (ਇੱਕੋ ਬਹਿਰ ਜ਼ਮੀਨ ਵਿਚ 160 ਗਜਲਾਂ, 1262 ਸ਼ਿਅਰ) ਨੈਸ਼ਨਲ ਬੁੱਕ ਟਰੱਸਟ, ਇੰਡੀਆ ਦਿੱਲੀ
9. ਅਨੰਦਪੁਰ ਤੋਂ ਲਾਹੌਰ ਤੱਕ (ਇਤਿਹਾਸ) ਲਾਹੌਰ ਬੁੱਕ ਸ਼ਾਪ, ਲੁਧਿਆਣਾ
10. ਮੈਂ ਇਵੇਂ ਵੇਖਿਆ ਆਸਟ੍ਰੇਲੀਆ (ਸਫ਼ਰਨਾਮਾ) ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
11. ਕਲਮ ਕਲਮ ਖੁਸ਼ਬੋ (104 ਸ਼ਾਇਰ) ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ
12. ਚੋਣਵੇਂ ਪੰਜਾਬੀ ਸ਼ਿਅਰ (ਸੰਪਾਦਨ) ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
13. ਪਿੰਡ ਪੰਜਾਬ ਦੇ (ਪੰਜਾਬੀ ਪਿੰਡਾਂ ਦਾ ਸੌ ਸਾਲ ਦਾ ਇਤਿਹਾਸ) ਛਪ ਰਹੀ
14. ਭਗਤ ਸਿੰਘ ਦੀ ਜਨਮ ਭੂਮੀ ਤਕ (ਪਾਕਿਸਤਾਨੀ ਯਾਤਰਾ) ਛਪ ਰਹੀ
15. ਚੰਨ ਚਾਨਣੀ ਚੰਡੀਗੜ੍ਹ (ਸੰਪਾਦਤ ਸਫ਼ਰਨਾਮਾ) ਲੋਕ ਗੀਤ ਪ੍ਰਕਾਸ਼ਨ
16. ਸੁਲਤਾਨ ਬਾਹੂ ਜੀਵਨ ਤੇ ਰਚਨਾ - ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ

## ਸੰਪਰਕ-

## ਜਨਵਾਦੀ ਪ੍ਰਕਾਸ਼ਨ ਮੰਚ, ਹਰਦੋਛੰਨੀ ਰੋਡ, ਗੁਰਦਾਸਪੁਰ

ਫੋਨ- 01874-265416, ਮੋਬਾਇਲ- 94174-84337